
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 38
December 30, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com


## ਦੇਸ਼ ਦੁਆਬਾ

## 2021

## ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ

Prem Kumar Chumber 916-947-8920

ਅਦਾਰਾ 'ਦੇਸ਼ ਦੁਆਬਾ' ਅਤੇ ਅੰਬੇਦਕਰ ਟਾਈਮਜ਼ ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੁੱਚੀ ਸੰਗਤ ਨਵੇਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਸਾਡੇ-ਤੁਹਾਡੇ ਜੀਵਨ ਵਿਚ ਖੁਸ਼ੀਆਂ-ਖੇੜੇ ਲੈ ਕੇ ਆਵੇ ਅਤੇ ਆਲਮੀ ਪੱਧਰ ਤੇ ਮਨੁੱਖਤਾ ਸ਼ਾਂਤੀ-ਸਹਿਹੋਂਦ ਨਾਲ ਵੱਸੇ।

-ਪ੍ਰੇਮ ਕੁਮਾਰ ਚੁੰਬਰ (ਸੰਪਾਦਕ)

# ਕਿਸਾਨਾਂ ਅਤੇ ਸਰਕਾਰ ਵਿਚ ਗੱਲਬਾਤ 'ਚ ਕੁਝ ਮੁੱਦਿਆਂ 'ਤੇ ਸਹਿਮਤੀ

## ਪੰਜਾਬ ਵਿਚ ਹਿੰਸਕ ਘਟਨਾਵਾਂ ਹੋਈਆਂ, ਟਾਵਰ ਤੋੜੇ, ਪੁਲਿਸ ਅਲਰਟ, ਟਕਰਾਅ ਵਧਣ ਦੇ ਆਸਾਰ

**ਨਵੀਂ ਦਿੱਲੀ (ਬਿਊਰੋ)**– ਅੱਜ ਵਿਗਿਆਨ ਭਵਨ 'ਚ ਹੋਈ ਕਿਸਾਨ ਨੇਤਾਵਾਂ ਅਤੇ ਕੇਂਦਰੀ ਮੰਤਰੀਆਂ ਦੀ ਮੀਟਿੰਗ ਵਿਚ ਕੁਝ ਮੁੱਦਿਆਂ ਤੇ ਸਹਿਮਤੀ ਬਣੀ ਅਤੇ ਕੁਝ ਮੁੱਦਿਆਂ ਤੇ ਅਸਹਿਮਤੀ ਹਾਲੇ ਬਰਕਰਾਰ ਹੈ, ਜਦਕਿ ਕਿਸਾਨ ਆਗੂ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਲਈ ਮੁਆਵਜ਼ੇ ਦੀ ਮੰਗ ਕਰ ਰਹੇ ਸਨ। ਅੱਜ ਦੀ ਮੀਟਿੰਗ ਦੀ ਵਿਸਥਾਰਿਤ ਜਾਣਕਾਰੀ ਮੌਜੂਦਾ ਅੰਕ ਪਬਲਿਸ਼ ਹੋਣ ਤੱਕ ਪੂਰੀ ਨਹੀਂ ਮਿਲ ਸਕੀ ਪਰ ਪ੍ਰਾਪਤ ਸੂਤਰਾਂ ਮੁਤਾਬਕ ਕਿਸਾਨ ਆਗੂ ਹੁਣ ਇਸ ਮੁੱਦੇ ਤੇ ਕੁਝ ਨਰਮ ਦਿਖਾਈ ਦੇ ਰਹੇ ਹਨ। ਕਿਸਾਨ ਆਗੂਆਂ ਨਾਲ ਬੈਠਕ 'ਚ ਕੇਂਦਰ ਨੇ ਕਿਹਾ, ਰੱਦ ਨਹੀਂ ਹੋਣਗੇ ਖੇਤੀ ਕਾਨੂੰਨ, ਕੇਂਦਰ ਨੇ ਕਿਸਾਨ ਆਗੂਆਂ ਤੋਂ ਪਹਿਲਾ ਅੰਦੋਲਨ ਖ਼ਤਮ ਕਰਨ ਲਈ ਕਿਹਾ। ਦਿੱਲੀ 'ਚ ਕੇਂਦਰੀ ਮੰਤਰੀ ਪੀਯੂਸ਼ ਗੋਇਲ ਤੇ ਨਰੇਂਦਰ ਸਿੰਘ ਤੋਮਰ ਨੇ ਵਿਗਿਆਨ ਭਵਨ 'ਚ ਦੁਪਹਿਰ ਦੇ ਭੋਜਨ ਦੌਰਾਨ ਕਿਸਾਨ ਆਗੂਆਂ ਨਾਲ ਮੰਤਰੀਆਂ ਨੇ ਲੰਗਰ ਗ੍ਰਹਿਣ ਕੀਤਾ। ਸਰਕਾਰ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਦੋ ਘੰਟੇ ਤੋਂ ਵੱਧ ਸਮੇਂ ਤੋਂ ਕਿਸਾਨਾਂ ਨਾਲ ਗੱਲਬਾਤ ਕਰ ਰਹੀ ਹੈ। ਦਿੱਲੀ ਦੇ ਗਾਜੀਪੁਰ ਬਾਰਡਰ 'ਤੇ ਬੈਠੇ ਭਾਰਤੀ ਕਿਸਾਨ ਯੂਨੀਅਨ ਦੇ ਰਾਕੇਸ਼ ਟਿਕੈਤ ਨੇ ਕਿਹਾ ਦੇਖੋ ਇਹ ਜ਼ਰੂਰੀ ਹੈ ਕਿ ਦੇਸ਼ 'ਚ ਮਜ਼ਬੂਤ ਵਿਰੋਧੀ ਹੋਵੇ ਜਿਸ ਤੋਂ ਸਰਕਾਰ ਨੂੰ ਡਰ ਹੋਵੇ ਪਰ ਇੱਥੇ ਨਹੀਂ ਹੈ। ਇਸੇ ਕਾਰਨ ਕਿਸਾਨਾਂ ਨੂੰ ਸੜਕਾਂ 'ਤੇ ਆਉਣਾ ਪਿਆ। ਵਿਰੋਧੀਆਂ ਨੂੰ ਆਪਣੇ ਟੈਂਟ 'ਚ ਬੈਠਣ ਦੀ ਬਜਾਏ ਖੇਤੀ ਕਾਨੂੰਨਾਂ ਖ਼ਿਲਾਫ਼ ਸੜਕਾਂ 'ਤੇ ਪ੍ਰਦਰਸ਼ਨ ਕਰਨਾ ਚਾਹੀਦਾ।



ਗੱਲਬਾਤ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚਾ ਨੇ ਸਰਕਾਰ ਨੂੰ ਪੱਤਰ ਲਿਖ ਕੇ ਆਪਣੀ ਰਾਏ ਜ਼ਾਹਿਰ ਕਰ ਦਿੱਤੀ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਤਿੰਨੇ ਨਵੇਂ ਕਾਨੂੰਨਾਂ ਨੂੰ ਰੱਦ ਕਰਨ ਤੇ ਐੱਮਐੱਸਪੀ ਦੀ ਲੀਗਲ ਪਾਰਟੀ ਗਾਰੰਟੀ ਦੇ ਏਜੰਡੇ 'ਤੇ ਹੀ ਗੱਲਬਾਤ ਕਰਨਗੇ। ਸਰਕਾਰ ਨਾਲ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਤੌਰ ਤਰੀਕੇ ਨਾਲ ਹੀ ਚਰਚਾ ਹੋਵੇਗੀ। ਜ਼ਿਕਰਯੋਗ ਹੈ ਕਿ ਗੱਲਬਾਤ ਨਾਲ ਸਾਬਕਾ ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ, ਰੇਲ, ਵਣਜ ਤੇ ਖਾਦ ਮੰਤਰੀ ਪੀਯੂਸ਼ ਗੋਇਲ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰ ਕੇ ਗੱਲਬਾਤ 'ਚ ਚੁੱਕਣ ਵਾਲੇ ਮੁੱਦਿਆਂ ਤੇ ਉਨ੍ਹਾਂ ਦੇ ਹੱਲ ਬਾਰੇ ਚਰਚਾ ਕੀਤੀ। ਸਰਕਾਰ ਕਿਸਾਨਾਂ ਦੇ ਖਦਸ਼ਿਆਂ ਨੂੰ ਹੱਲ ਕਰਨ ਨੂੰ ਲੈ ਕੇ ਗੰਭੀਰ ਹੈ।



ਨਵਾਂ ਸਾਲ 2021 ਦੀਆਂ ਲੱਖ ਲੱਖ ਵਧਾਈਆਂ
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823
Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
We speak your language: Panjabi, Hindi, Urdu, Farsi, Arabic and Spanish
Goodie Takhar, PhD
URGENT CARE CLINIC


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਪ੍ਰਤੀਨਿੱਧ ਸਦਨ ਵੱਲੋਂ ਰੱਖਿਆ ਐਕਟ ਸਬੰਧੀ ਰਾਸ਼ਟਰਪਤੀ ਦੀ ਵੀਟੋ ਰੱਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪ੍ਰਤੀਨਿੱਧ ਸਦਨ ਨੇ 'ਨੈਸ਼ਨਲ ਡਿਫੈਂਸ ਆਥੋਰਾਈਜੇਸ਼ਨ ਐਕਟ' 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੀਤੀ ਗਈ ਵੀਟੋ ਨੂੰ ਭਾਰੀ ਬਹੁਮਤ ਨਾਲ ਰੱਦ ਕਰ ਦਿੱਤਾ ਹੈ। ਰਾਸ਼ਟਰਪਤੀ ਟਰੰਪ ਨੂੰ ਅਹੁੱਦਾ ਛੱਡਣ ਦੇ ਕੁਝ ਹਫਤੇ ਪਹਿਲਾਂ ਲੱਗਾ ਉਨ੍ਹਾਂ ਦੇ ਕਾਰਜਕਾਲ ਦਾ ਆਖਰੀ ਤੇ ਵੱਡਾ ਝਟਕਾ ਹੈ। ਸਦਨ ਨੇ 322-87 ਵੋਟਾਂ ਦੇ ਫਰਕ ਨਾਲ ਰਾਸ਼ਟਰਪਤੀ ਦੀ ਵੀਟੋ ਨੂੰ ਰੱਦ ਕਰ ਦਿੱਤਾ। ਵੀਟੋ ਰੱਦ ਕਰਨ ਲਈ ਸਦਨ ਦੇ ਦੋ ਤਿਹਾਈ ਮੈਂਬਰਾਂ ਦੇ ਸਮਰਥਨ ਦੀ ਲੋੜ ਸੀ। ਹੁਣ ਇਹ ਪ੍ਰਸਤਾਵ ਸੈਨੇਟ ਕੋਲ ਭੇਜਿਆ ਜਾਵੇਗਾ ਜੋ ਇਸ ਹਫਤੇ ਇਸ ਉਪਰ ਆਪਣੀ ਪ੍ਰਵਾਨਗੀ ਦੇ ਸਕਦੀ ਹੈ। ਜੇਕਰ ਸੈਨੇਟ ਵੀ ਵੀਟੋ ਨੂੰ ਰੱਦ ਕਰ ਦਿੰਦੀ ਹੈ ਤਾਂ ਇਹ ਕਾਨੂੰਨ ਦੀ ਸ਼ਕਲ ਅਖ-ਤਿਆਰ ਕਰ ਜਾਵੇਗਾ ਜਿਸ ਤਹਿਤ 741 ਅਰਬ ਡਾਲਰਾਂ ਦੇ ਰਖਿਆ ਪੈਕਜ਼ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਇਹ ਰਕਮ ਫੌਜ ਲਈ ਹੱਥਿਆਰ ਖਰੀਦਣ ਤੇ ਫੌਜ ਸਬੰਧੀ ਨੀਤੀਆਂ ਉਪਰ ਖਰਚ ਕੀਤੀ ਜਾਵੇਗੀ। ਇਸ ਪੈਕੇਜ਼ ਦੀ ਪ੍ਰਤੀਨਿੱਧ ਸਦਨ ਤੇ ਸੈਨਟ ਨੇ ਪ੍ਰਵਾਨਗੀ ਦਿੱਤੀ ਸੀ ਜਿਸ ਨੂੰ ਰਾਸ਼ਟਰਪਤੀ ਨੇ ਵੀਟੋ ਰਾਹੀਂ ਨਕਾਰ ਦਿੱਤਾ ਸੀ। ਰਾਸ਼ਟਰਪਤੀ ਨੇ ਪਿਛਲੇ ਹਫਤੇ ਐਕਟ ਉਪਰ ਵੀਟੋ ਕਰਦਿਆਂ ਕਿਹਾ ਸੀ ' ਮੈ ਇਸ ਨੂੰ ਬਿਨਾਂ ਪ੍ਰਵਾਨਗੀ ਦਿੱਤਿਆਂ ਵਾਪਿਸ ਕਰ ਰਿਹਾ ਹਾਂ। ਮੇਰਾ ਪ੍ਰਸ਼ਾਸਨ ਸਾਡੀ ਕੌਮੀ ਸੁਰੱਖਿਆ ਲਈ ਐਕਟ ਦੀ ਮਹੱਤਤਾ ਨੂੰ ਮਾਨਤਾ ਦਿੰਦਾ ਹੈ। ਅਫਸੋਸ ਹੈ ਕਿ ਇਹ ਐਕਟ ਅਹਿਮ ਕੌਮੀ ਸੁਰੱਖਿਆ ਕਦਮਾਂ ਸਮੇਤ ਸਾਡੇ ਸਾਬਕਾ ਸੈਨਿਕਾਂ ਤੇ ਫੌਜ ਦੇ ਇਤਿਹਾਸ ਨੂੰ ਅਹਿਮੀਅਤ ਦੇਣ ਵਿਚ ਨਾਕਾਮ ਰਿਹਾ ਹੈ ਤੇ ਇਹ ਮੇਰੇ ਪ੍ਰਸ਼ਾਸਨ ਦੀਆਂ ਅਮਰੀਕਾ ਸਭ ਤੋਂ ਉਪਰ ਸਬੰਧੀ ਕੋਸ਼ਿਸ਼ਾਂ ਦੇ ਵਿਰੁੱਧ ਹੈ। ਇਹ ਚੀਨ ਤੇ ਰੂਸ ਲਈ ਤੋਹਫ਼ਾ ਹੈ।'' ਹਾਲਾਂ ਕਿ ਸਦਨ ਦੇ ਘੱਟ ਗਿਣਤੀ ਆਗੂ ਕੇਵਿਨ ਮੈਕਰਥੀ, ਆਰ ਕੈਲਿਫ, ਸਦਨ ਦੀ ਘੱਟ ਗਿਣਤੀ ਵਿੱਪ ਸਟੀਵ ਸਕੇਲਿਸ ਸਮੇਤ ਕੁਝ ਹੋਰ ਰਿਪਬਲੀਕਨਾਂ ਨੇ ਸੰਕੇਤ ਦਿੱਤਾ ਸੀ ਕਿ ਉਹ ਰਾਸ਼ਟਰਪਤੀ ਦੀ ਵੀਟੋ ਦੇ ਹੱਕ ਵਿਚ ਵੋਟ ਪਾਉਣਗੇ ਪਰੰਤੂ ਜਿਆਦਾਤਰ ਰਿਪਬਲੀਕਨਾਂ ਨੇ ਵੀਟੋ ਵਿਰੁੱਧ ਵੋਟ ਪਾਉਣ ਦੀ ਗੱਲ ਕਹੀ ਸੀ।

# ਅਮਰੀਕਾ ਵਿਚ ਕੋਰੋਨਾ ਰਾਹਤ ਵਜੋਂ 600 ਡਾਲਰਾਂ ਦੀ ਅਦਾਇਗੀ ਸ਼ੁਰੂ

**ਕੈਲੀਫੋਰਨੀਆ 30 ਦਸੰਬਰ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਨਾਂਹ ਨੁਕਰ ਕਰਨ ਤੋਂ ਬਾਅਦ ਰਾਹਤ ਪੈਕੇਜ਼ ਉਪਰ ਦਸਤਖਤ ਕਰਨ ਉਪਰੰਤ ਲੋਕਾਂ ਨੂੰ 600 ਡਾਲਰ ਕੋਰੋਨਾ ਰਾਹਤ ਵਜੋਂ ਮਿਲਣੇ ਸ਼ੁਰੂ ਹੋ ਗਏ ਹਨ। ਖਜ਼ਾਨਾ ਸਕੱਤਰ ਸਟੀਵ ਮਿਨੂਚਿਨ ਨੇ ਮੰਗਲਵਾਰ ਨੂੰ ਟਵੀਟ ਕੀਤਾ ਹੈ ਕਿ ਵਿਭਾਗ ਨੇ ਅਦਾਇਗੀਆਂ ਦਾ ਆਦੇਸ਼ ਦੇ ਦਿੱਤਾ ਹੈ ਤੇ ਕੁਝ ਖਾਤਿਆਂ ਵਿਚ ਰਾਤ ਤੱਕ ਸਿੱਧੀ ਅਦਾਇਗੀ ਜਮਾਂ ਹੋ ਜਾਵੇਗੀ। ਇਹ ਅਦਾਇਗੀ ਅਗਲੇ ਹਫਤੇ ਤੱਕ ਜਾਰੀ ਰਹੇਗੀ। ਇਸ ਪੈਕੇਜ਼ ਤਹਿਤ 2019 ਵਿਚ ਜਿਨ੍ਹਾਂ ਅਮਰੀਕੀਆਂ ਦੀ ਆਮਦਨੀ 75000 ਡਾਲਰ ਪ੍ਰਤੀ ਸਾਲ ਤੋਂ ਘੱਟ ਹੈ ਨੂੰ 600 ਡਾਲਰ ਦੀ ਸਿੱਧੀ ਅਦਾਇਗੀ ਕੀਤੀ ਜਾਵੇਗੀ ਤੇ ਜੋ ਪਤੀ-ਪਤਨੀ ਸਾਂਝੇ ਤੌਰ 'ਤੇ 1,50,000 ਡਾਲਰ ਪ੍ਰਤੀ ਸਾਲ ਕਮਾਉਂਦੇ ਹਨ, ਨੂੰ 1200 ਡਾਲਰ ਮਿਲਣਗੇ। ਇਸ ਸਾਲ ਮਾਰਚ ਵਿਚ 1200 ਡਾਲਰ ਕੋਰੋਨਾ ਰਾਹਤ ਵਜੋਂ ਦਿੱਤੇ ਗਏ ਸਨ। ਜਿਨ੍ਹਾਂ ਨੂੰ ਘਟਾ ਕੇ ਅੱਧਾ ਕਰ ਦਿੱਤਾ ਗਿਆ ਹੈ। ਇਸ ਨਵੇਂ ਪੈਕੇਜ਼ ਤਹਿਤ ਪ੍ਰਤੀ ਬੱਚਾ 600 ਡਾਲਰ ਦੇਣ ਦੀ ਵੀ ਵਿਵਸਥਾ ਹੈ ਜਦ ਕਿ ਪਹਿਲੇ ਪੈਕੇਜ਼ ਵਿਚ 500 ਡਾਲਰ ਪ੍ਰਤੀ ਬੱਚਾ ਦਿੱਤੇ ਗਏ ਸਨ। ਬੱਚਿਆਂ ਦੀ ਕੋਈ ਸੀਮਾ ਨਹੀਂ ਹੈ। ਜੇਕਰ ਇਕ ਪਰਿਵਾਰ ਵਿਚ ਪਤੀ-ਪਤਨੀ ਤੇ ਦੋ ਬੱਚੇ ਹਨ ਤਾਂ ਉਨ੍ਹਾਂ ਨੂੰ 2400 ਡਾਲਰ ਮਿਲਣਗੇ।

# ਔਰਤ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਦੋ ਪੁਲਿਸ ਅਧਿਕਾਰੀਆਂ ਉਪਰ ਲਟਕੀ ਕਾਰਵਾਈ ਦੀ ਤਲਵਾਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਲੋਇਸਵਿਲੇ , ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)-ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਨੇ ਉਨ੍ਹਾਂ ਦੋ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਜਿਨ੍ਹਾਂ ਨੇ ਬਿਨਾਂ ਤਲਾਸ਼ੀ ਵਾਰੰਟਾਂ ਤੋਂ ਬਰੇਓਨਾ ਟੇਅਲਰ ਦੇ ਘਰ ਦੀ ਤਲਾਸ਼ੀ ਲਈ ਤੇ ਉਸ ਦੀ ਗੋਲੀ ਮਾਰਕੇ ਹੱਤਿਆ ਕਰ ਦਿੱਤੀ।





ਪ੍ਰੋਫੈਸ਼ਨਲ ਸਟੈਂਡਰਡ ਯੂਨਿਟ ਦੀ ਜਾਂਚ ਵਿਚ ਪਾਇਆ ਗਿਆ ਹੈ ਕਿ ਛਾਪੇਮਾਰੀ ਵਿਚ ਸ਼ਾਮਿਲ ਡੀਟੈਕਵਿਟ ਜੋਸ਼ੂਆ ਜੇਨਸ ਨੇ ਤਲਾਸ਼ੀ ਵਾਰੰਟ ਤਿਆਰ ਕਰਨ ਵਿਚ ਵਿਭਾਗੀ ਪ੍ਰਕ੍ਰਿਆ ਦੀ ਉਲੰਘਣਾ ਕੀਤੀ ਹੈ। ਜੇਨਸ ਨੂੰ ਅੰਤ੍ਰਿਮ ਮੁੱਖੀ ਵੈਟ ਜੈਨਟਰੀ ਤੋਂ ਪ੍ਰੀਟਰਮੀਨੇਸ਼ਨ ਪੱਤਰ ਮਿਲ ਗਿਆ ਹੈ। ਇਸ ਤੋਂ ਇਲਾਵਾ ਡਿਟੈਕਟਿਵ ਮਾਈਲਜ ਕੋਸ-ਗਰੋਵ ਨੂੰ ਵੀ ਪ੍ਰੀਟਰਮੀਨੇਸ਼ਨ ਪੱਤਰ ਮਿਲ ਗਿਆ ਹੈ। ਐਫ ਬੀ ਆਈ ਅਨੁਸਾਰ ਮਾਈਲਜ ਵੱਲੋਂ ਚਲਾਈ ਗੋਲੀ ਨਾਲ ਬਰੇਓਨਾ ਟੇਅਲਰ ਦੀ ਮੌਤ ਹੋਈ। ਨਸ਼ੀਲ ਪਦਾਰਥਾਂ ਦੀ ਜਾਂਚ ਸਬੰਧੀ ਛਾਪੇ ਵਿਚ ਸ਼ਾਮਿਲ ਹੋਰ ਪੁਲਿਸ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਹੋ ਸਕਦੀ ਹੈ। ਉਕਤ ਪੁਲਿਸ ਅਧਿਕਾਰੀਆਂ ਨੂੰ ਮਿਲੇ ਨੌਕਰੀ ਤੋਂ ਬਰਖਾਸਤ ਕਰਨ ਦੇ ਪੱਤਰਾਂ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਵਿਭਾਗ ਦੀਆਂ ਨੀਤੀਆਂ ਦੀ ਘੋਰ ਉਲੰਘਣਾ ਕੀਤੀ ਹੈ ਜਿਸ ਨਾਲ ਹੋਰਨਾਂ ਦੀ ਜਾਨ ਨੂੰ ਖਤਰਾ ਪੈਦਾ ਹੋ ਗਿਆ ਹੈ। ਇਸ ਨਾਲ ਸਮਾਜ ਵਿਚ ਵਿਭਾਗ ਦਾ ਅਕਸ ਬੁਰੀ ਤਰਾਂ ਖਰਾਬ ਹੋਇਆ ਹੈ।

# ਭਾਰਤ 'ਚ ਹੁਣ ਤਕ 20 ਲੋਕ ਕੋਰੋਨਾ ਦੇ ਨਵੇਂ ਸਟ੍ਰੇਨ ਨਾਲ ਹੋਏ ਪੀੜਤ

**ਨਵੀਂ ਦਿੱਲੀ–** ਭਾਰਤ 'ਚ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਨਾਲ ਹੁਣ ਤਕ ਕੁੱਲ 20 ਲੋਕ ਪੀੜਤ ਪਾਏ ਗਏ ਹਨ। ਇਹ ਸਾਰੇ ਲੋਕ ਬ੍ਰਿਟੇਨ ਤੋਂ ਆਏ ਹਨ। ਨਿਊਜ ਏਜੰਸੀ ਏਐੱਨਆਈ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਕੇਂਦਰੀ ਸਿਹਤ ਮੰਤਰਾਲੇ ਨੇ ਵੱਖ-ਵੱਖ ਸੂਬਿਆਂ 'ਚ ਛੇ ਲੋਕਾਂ ਨੂੰ ਨਵੇਂ ਸਟ੍ਰੇਨ ਤੋਂ ਸੰਕ੍ਰਮਿਤ ਹੋਣ ਦੀ ਜਾਣਕਾਰੀ ਦਿੱਤੀ ਸੀ। ਇਸ ਤੋਂ ਬਾਅਦ 14 ਤੇ ਲੋਕਾਂ ਦੇ ਨਵੇਂ ਸਟ੍ਰੇਨ ਨਾਲ ਸੰਕ੍ਰਮਿਤ ਹੋਣ ਦੀ ਪੁਸ਼ਟੀ ਹੋ ਗਈ ਹੈ। ਸਿਹਤ ਮੰਤਰਾਲੇ ਮੁਤਾਬਕ 25 ਨਵੰਬਰ ਤੋਂ 23 ਦਸੰਬਰ ਦਰਮਿਆਨ ਬ੍ਰਿਟ੍ਰੇਨ ਤੋਂ 33 ਹਜ਼ਾਰ ਯਾਤਰੀ ਭਾਰਤ ਆਏ ਹਨ। ਇਨ੍ਹਾਂ 'ਚੋਂ 114 ਲੋਕ ਸੰਕ੍ਰਮਿਤ ਪਾਏ ਗਏ।



ਨੈਸ਼ਨਲ ਸੈਂਟਰ ਫਾਰ ਡਿਸੀਜ਼ ਕੰਟਰੋਲ 'ਚ ਅੱਠ ਨਮੂਨੇ, ਨੈਸ਼ਨਲ ਇੰਸਟੀਚਿਊਟ ਆਫ ਬਾਓਮੈਡੀਕਲ ਜੀਨੋਮਿਕਸ ਕਲਿਆਣੀ (ਕੋਲਕਾਤਾ ਕੋਲ) 'ਚੋਂ ਇਕ, ਨੈਸ਼ਨਲ ਇੰਸਟੀਚਿਊਟ ਆਫ ਵਾਓਰੋਲਾਜੀ (), ਪੁਣੇ 'ਚ ਇਕ, ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਐਂਡ ਨਿਊਰੋ-ਸਾਇਜੇਸ ਹਸਪਤਾਲ ਬੈਂਗਲੂਰੂ 'ਚ ਸੱਤ, ਹੈਦਰਾਬਾਦ ਸਥਿਤ ਕੋਸ਼ਿਕਾ 'ਚ ਦੋ, ਦਿੱਲੀ ਦੇ ਇੰਸਟੀਚਿਊਟ ਆਫ ਜੀਨੋਮਿਕਸ ਐਂਡ ਇੰਟੀਗ੍ਰੇਟਿਵ ਬਾਓਲਾਜੀ 'ਚ ਇਕ ਸੈਂਪਲ 'ਚ ਕੋਰੋਨਾ ਦਾ ਨਵਾਂ ਸਟ੍ਰੇਨ ਪਾਇਆ ਗਿਆ ਹੈ। ਇਨ੍ਹਾਂ ਲੋਕਾਂ ਨੂੰ ਕੋਰੋਨਾ ਕੇਅਰ ਸੈਂਟਰ 'ਚ ਸਿੰਗਲ ਰੂਮ ਆਈਸੋਲੇਸ਼ਨ 'ਚ ਰੱਖਿਆ ਗਿਆ ਹੈ।


SKY TRANSPORT SOLUTIONS
STRIVE FOR MORE
ਨਵਾਂ ਸਾਲ 2021 ਦੀਆਂ ਲੱਖ ਲੱਖ ਵਧਾਈਆਂ
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਕੈਨਟੱਕੀ ਵਿਚ 2 ਨਸਲੀ ਹੱਤਿਆਵਾਂ ਦੇ ਦੋਸ਼ੀ ਨੂੰ ਜੀਵਨ ਭਰ ਲਈ ਹੋਈ ਜੇਲ੍ਹ







**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** 2 ਸਾਲ ਤੋਂ ਵਧ ਸਮਾਂ ਪਹਿਲਾਂ ਕੈਨਟੱਕੀ ਦੇ ਨੀਮ ਸ਼ਹਿਰੀ ਖੇਤਰ ਵਿਚਲੇ ਇਕ ਗਰੌਸਰੀ ਸਟੋਰ ਵਿਚ ਇਕ ਔਰਤ ਸਣੇ 2 ਕਾਲੇ ਵਿਅਕਤੀਆਂ ਦੀਆਂ ਹੋਈਆਂ 2 ਹੱਤਿਆਵਾਂ ਦੇ ਮਾਮਲੇ ਵਿਚ ਆਖਿਰਕਾਰ ਸਬੰਧਤ ਪਰਿਵਾਰ ਨੂੰ ਨਿਆਂ ਮਿਲਿਆ ਹੈ ਤੇ ਦੋਸ਼ੀ ਨੂੰ ਜੀਵਨ ਭਰ ਲਈ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਜੈਫਰਸਨ ਕਾਊਂਟੀ ਦੀ ਇਕ ਅਦਾਲਤ ਨੇ ਦੋਸ਼ੀ ਜਾਰਜ ਬੁੱਸ਼ ਨੂੰ ਮੌਰਸੀ ਸਟਾਲਰਡ (69) ਤੇ ਵਿਕੀ ਜੋਨਜ (67) ਦੀ ਹੱਤਿਆ ਕਰਨ ਦੇ ਦੋਸ਼ ਵਿਚ ਬਿਨ੍ਹਾਂ ਪੈਰੋਲ ਦੀ ਸੰਭਾਵਨਾ ਦੇ ਉਮਰ ਭਰ ਲਈ ਜੇਲ੍ਹ ਦੀ ਸਜ਼ਾ ਸੁਣਾਈ। ਅਧਿਕਾਰੀਆਂ ਅਨੁਸਾਰ 24 ਅਕਤੂਬਰ 2018 ਵਿਚ ਹੋਈਆਂ ਇਹ ਹੱਤਿਆਵਾਂ ਨਸਲੀ ਨਫਰਤ ਕਾਰਨ ਕੀਤੀਆਂ ਗਈਆਂ ਸਨ। ਗੋਰੇ ਬੁੱਸ਼ ਨੇ ਆਪਣੇ ਉਪਰ ਲੱਗਾ ਨਸਲੀ ਹੱਤਿਆਵਾਂ ਦਾ ਦੋਸ਼ ਕਬੂਲ ਕਰ ਲਿਆ ਸੀ।

ਜੈਫਰਸਨ ਕਾਊਂਟੀ ਦੇ ਅਟਾਰਨੀ ਟਾਮ ਵਾਇਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕੇਵਲ ਚਮੜੀ ਦੇ ਰੰਗ ਕਾਰਨ ਹੋਈਆਂ ਇਹ ਹੱਤਿਆਵਾਂ ਇਕ ਬਹੁਤ ਘਿਣਾਉਣਾ ਜੁਰਮ ਹੈ। ਇਹ ਹੱਤਿਆਵਾਂ ਕੇਵਲ ਨਸਲੀ ਦੁਸ਼ਮਣੀ ਕਾਰਨ ਕੀਤੀਆਂ ਗਈਆਂ ਸਨ। ਜੱਜ ਨੇ ਦੋਸ਼ੀ ਦੇ ਦਿਮਾਗੀ ਤੌਰ 'ਤੇ ਠੀਕ ਨਾ ਹੋਣ ਦੀ ਦਲੀਲ ਰੱਦ ਕਰ ਦਿੱਤੀ। ਸਰਕਾਰੀ ਵਕੀਲ ਐਂਜਲਾ ਐਲਮੈਨ ਨੇ ਕਿਹਾ ਕਿ ਜੇਲ੍ਹ ਵਿਚ ਦੋਸ਼ੀ ਦਾ ਇਲਾਜ਼ ਕੀਤਾ ਜਾਵੇਗਾ।


# ਅਮਰੀਕਨ ਵਿਦਿਆਰਥਣ ਤੇ ਉਸ ਦੇ ਦੋਸਤ ਨੂੰ ਕੋਵਿਡ-19 ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ 4 ਮਹੀਨੇ ਦੀ ਸਜ਼ਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੇਮੈਨ ਦੀਪ ਵਿਚ ਕੋਵਿਡ–19 ਨਿਯਮਾਂ ਦੀ ਉਲੰਘਣਾ ਕਰਨ ਦੇ ਮਾਮਲੇ ਵਿਚ ਅਮਰੀਕਾ ਦੀ ਇਕ ਕਾਲਜ ਵਿਦਿਆਰਥਣ ਤੇ ਉਸ ਦੇ ਦੋਸਤ ਨੂੰ 4 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਜਾਰਜੀਆ ਦੀ 18 ਸਾਲਾ ਸਕਾਈਲਰ ਮੈਕ ਤੇ ਉਸ ਦੇ ਦੋਸਤ ਕੇਮੈਨ ਦੀਪ ਵਾਸੀ 24 ਸਾਲਾ ਵੰਜੇ ਰਮਗੀਤ ਨੂੰ ਸਜ਼ਾ ਸੁਣਾਉਣ ਤੋਂ ਬਾਅਦ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਦੇ ਵਕੀਲ ਜੋਨਾਥਨ ਹੁਗਜ ਨੇ ਕਿਹਾ ਹੈ ਕਿ ਉਹ ਅਗਲੇ ਹਫਤੇ ਸਜ਼ਾ ਘਟਾਉਣ ਦੀ ਅਪੀਲ ਕਰਨਗੇ ਕਿਉਂਕਿ ਇਸ ਤੋਂ ਪਹਿਲਾਂ ਇਨ੍ਹਾਂ ਨੌਜਵਾਨਾਂ ਵਿਰੁੱਧ ਕਿਸੇ ਕਿਸਮ ਦੀ ਗੜਬੜ ਕਰਨ ਦੇ ਕੋਈ ਦੋਸ਼ ਨਹੀਂ ਹਨ।

ਮੈਕ ਜੋ ਕਿ ਮੈਕਨ, ਜਾਰਜੀਆ ਵਿਚ ਮਰਸਰ ਯੂਨੀਵਰਸਿਟੀ ਦੀ ਵਿਦਿਆਰਥਣ ਹੈ 27 ਨਵੰਬਰ ਨੂੰ ਕੇਮੈਨ ਦੀਪ ਵਿਖੇ ਪੁੱਜੀ ਸੀ ਤੇ ਸਥਾਨਕ ਸਰਕਾਰ ਦੇ ਨਿਯਮਾਂ ਅਨੁਸਾਰ ਉਸ ਲਈ ਦੋ ਹਫਤਿਆਂ ਵਾਸਤੇ ਇਕਾਂਤਵਾਸ ਵਿਚ ਰਹਿਣਾ ਜਰੂਰੀ ਸੀ ਪਰ ਉਹ 29 ਨਵੰਬਰ ਨੂੰ ਇਕਾਂਤਵਾਸ ਦਾ ਨਿਯਮ ਤੋੜ ਕੇ ਆਪਣੇ ਦੋਸਤ ਨਾਲ ਇਕ ਵਾਟਰ ਸਪੋਰਟਸ ਵਿਚ ਹਿੱਸਾ ਲੈਣ ਲਈ ਚਲੀ ਗਈ ਸੀ।

ਇਸ ਬ੍ਰਿਟਿਸ਼ ਕੈਰੀਬੀਅਨ ਖੇਤਰ ਵਿਚ ਜੋ ਵੀ ਕੋਈ ਪਹੁੰਚਦਾ ਹੈ ਉਸ ਉਪਰ ਇਲੈਕਟ੍ਰਾਨਿਕ ਢੰਗ ਤਰੀਕੇ ਨਾਲ ਨਜਰ ਰਖੀ ਜਾਂਦੀ ਹੈ। ਕੋਈ ਵੀ ਇਸ ਦੀ ਨਿਗਰਾਨੀ ਤੋਂ ਬਚ ਨਹੀਂ ਸਕਦਾ। ਗ੍ਰਿਫਤਾਰੀ ਉਪਰੰਤ ਜੱਜ ਨੇ ਇਨ੍ਹਾਂ ਨੂੰ 40 ਘੰਟੇ ਸਮਾਜ ਸੇਵਾ ਕਰਨ ਤੇ 4400 ਡਾਲਰ ਜੁਰਮਾਨਾ ਵੀ ਲਾਇਆ ਸੀ।

# ਕ੍ਰਿਸਮਿਸ ਦਾ ਤਿਓਹਾਰ ਐਤਕਾਂ ਲੋਕਾਂ ਨੇ ਘਰਾਂ ਚ ਰਹਿ ਕੇ ਹੀ ਮਨਾਇਆ





**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਸਮੇਤ ਦੇ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿੱਚ ਕ੍ਰਿਸਮਿਸ ਦਾ ਤਿਓਹਾਰ ਸਾਂਝੇ ਤੌਰ ਤੇ ਮਨਾਇਆ ਗਿਆ, ਭਾਵੇਂ ਕਰੋਨਾ ਵਾਇਰਸ ਕਰਕੇ ਐਤਕਾਂ ਇਸ ਤਿਓਹਾਰ ਦਾ ਚਾਅ ਮੱਠਾ ਹੈ ਫਿਰ ਵੀ ਕਈ ਥਾਂਈਂ ਲੋਕਾਂ ਨੇ ਆਪਣੇ ਘਰ ਸੁੰਦਰ ਲਾਈਟਾਂ ਲਾ ਕੇ ਸਜਾਏ।ਅਮਰੀਕਾ ਚ ਐਤਕੀਂ ਵੱਡੇ ਸਟੋਰ ਵੀ ਬੰਦ ਨਹੀਂ ਕੀਤੇ ਗਏ ਨਾ ਹੀ ਬਹੁਤੀ ਗਹਿਮਾਂ ਗਿਹਮੀ ਦੇਖੀ ਗਈ, ਐਤਕੀਂ ਲੋਕਾਂ ਨੇ ਬਾਹਰ ਇਕੱਠ ਕਰਨ ਦੀ ਬਜਾਏ ਆਪਣੇ ਪਰਿਵਾਰਾਂ ਨਾਲ ਘਰਾਂ ਦੇ ਅੰਦਰ ਮਨਾਉਣ ਨੂੰ ਤਰਜੀਹ ਦਿੱਤੀ। ਐਤਕਾਂ ਬਾਹਰ ਵੱਡਾ ਇਕੱਠ ਤੇ ਹੱਲਾਗੁੱਲਾ ਕਿਧਰੇ ਨਜਰ ਨਹੀਂ ਆਇਆ।

ਕ੍ਰਿਸਮਿਸ ਦੇ ਤਿਓਹਾਰ ਨੂੰ ਸੰਕੋਚ ਨਾਲ ਮਨਾਉਣ ਦੀ ਹਦਾਇਤ ਅਮਰੀਕਾ ਦੇ ਸਿਹਤ ਵਿਭਾਗ ਵੱਲੋਂ ਵੀ ਦਿੱਤੀ ਗਈ ਸੀ ਜਿਸਨੂੰ ਲੋਕਾਂ ਨੇ ਮੰਨਦਿਆਂ ਬਹੁਤਾ ਸੈਲੀਬਰੇਟ ਵੀ ਨਹੀਂ ਕੀਤਾ।


# ਅਮਰੀਕਾ ਦੇ ਕੁਝ ਪ੍ਰਭਾਵਸ਼ਾਲੀ ਕਾਂਗਰਸ ਮੈਂਬਰਾਂ ਨੇ ਸਟੇਟ ਸਕੱਤਰ ਮਾਈਕ ਪੋਂਪੀਓ ਨੂੰ ਕਿਸਾਨ ਅੰਦੋਲਨ ਵਾਰੇ ਲਿਖਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਕੁਝ ਪ੍ਰਭਾਵਸ਼ਾਲੀ ਕਾਂਗਰਸ ਮੈਂਬਰਾਂ ਨੇ ਸਟੇਟ ਸਕੱਤਰ ਮਾਈਕ ਪੋਂਪੀਓ ਨੂੰ ਚਿੱਠੀ ਲਿਖ ਕੇ ਭਾਰਤ ਅੰਦਰ ਚੱਲ ਰਹੇ ਕਿਸਾਨਾਂ ਦੇ ਸੰਘਰਸ਼ 'ਤੇ ਡੂੰਗੀ ਚਿੰਤਾ ਦਾ ਇਜ਼ਹਾਰ ਕੀਤਾ ਹੈ। ਭਾਰਤ ਸਰਕਾਰ ਦੁਆਰਾ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਢਾਹੇ ਗਏ ਤਸ਼ੱਦਦ ਦੀ ਦਾਸਤਾਨ ਨੂੰ ਇੰਟਰਨੈਸ਼ਨਲ ਮੀਡੀਆ ਦੁਆਰਾ ਜਾਣੂੰ ਕਰਵਾਏ ਜਾਣ ਤੋਂ ਬਾਅਦ ਇਹਨਾਂ ਡੋਨਾਲਡ ਨੌਰਕਰੋਸ ਦੀ ਅਗਵਾਈ ਵਾਲੇ ਅਮਰੀਕੀ ਕਾਂਗਰਸ ਮੈਂਬਰਾਂ ਨੇ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਹੈ। ਇਹਨਾਂ ਅਮਰੀਕੀ ਕਾਂਗਰਸੀ ਮੈਂਬਰਾਂ ਨੇ ਭਾਰਤ ਅਤੇ ਬਾਹਰਲੇ ਮੁਲਕਾਂ 'ਚ ਸੰਘਰਸ਼ ਕਰ ਰਹੇ



ਕਿਸਾਨਾਂ ਦੇ ਅਧਿਕਾਰਾਂ ਜ਼ੋਰਦਾਰ ਵਕਾਲਤ ਕੀਤੀ ਹੈ। ਇਥੇ ਇਹ ਵਰਨਣਯੋਗ ਹੈ ਕਿ ਭਾਰਤੀ ਕਿਸਾਨ, ਜੋ ਕਿ ਭਾਰਤ ਸਰਕਾਰ ਦੁਆਰਾ ਲਿਆਂਦੇ ਨਵੇਂ ਕਾਨੂੰਨਾਂ ਨੂੰ ਆਪਣੀ ਆਰਥਿਕ ਸੁਰੱਖਿਆ 'ਤੇ ਹਮਲੇ ਵਜੋਂ ਦੇਖਦੇ ਹਨ, ਲਗਾਤਾਰ ਕੇਂਦਰ ਸਰਕਾਰ ਦੇ ਖਿਲਾਫ਼ ਸੰਘਰਸ਼ ਕਰ ਰਹੇ ਹਨ। ਪਿਛਲੇ ਮਹੀਨੇ ਜਦੋਂ ਕਿਸਾਨਾਂ ਨੇ ਰਾਸ਼ਟਰੀ ਰਾਜਧਾਨੀ ਦਿੱਲੀ ਵੱਲ ਕੂਚ ਕਰਨਾ ਸ਼ੁਰੂ ਕੀਤਾ ਤਾਂ ਭਾਰਤੀ ਸੁਰੱਖਿਆ ਦਸਤਿਆਂ ਦੁਆਰਾ ਉਹਨਾਂ ਨੂੰ ਰੋਕਣ ਲਈ ਪਾਣੀ ਦੀਆਂ ਤਿੱਖੀਆਂ ਬੁਛਾੜਾਂ, ਕੰਡਿਆਲੇ ਬੈਰੀਕੇਡ ਤੇ ਅੱਥਰੂ ਗੈਸ ਦੀ ਵਰਤੋਂ ਕੀਤੀ ਸੀ। ਅਮਰੀਕੀ ਕਾਂਗਰਸ ਮੈਂਬਰਾਂ ਮਾਈਕ ਪੋਂਪੀਓ ਨੂੰ ਬੇਨਤੀ ਕੀਤੀ ਹੈ ਕਿ ਉਹ ਅਮਰੀਕਾ ਦੀ ਹੋਰ ਦੇਸ਼ਾਂ ਅੰਦਰ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਪ੍ਰਤੀ ਪ੍ਰਤੀਬੱਧਤਾ ਦੁਹਰਾਉਂਦੇ ਹੋਏ ਆਪਣੇ ਭਾਰਤੀ ਹਮ–ਰੁਤਬਾ ਨਾਲ ਸੰਪਰਕ ਕਰਨ। ਇਹ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ, ਅਮਰੀਕਾ ਗੁਰਦਵਾਰਾ ਪ੍ਰਬੰਧਕ ਕਮੇਟੀ, ਅਮ–ਰੀਕੀ ਸਿੱਖ ਕਾਕਸ ਕਮੇਟੀ ਆਦਿ ਜਥੇਬੰ–ਦੀਆਂ ਦੇ ਪ੍ਰਭਾਵੀ ਯਤਨਾਂ ਸਦਕਾ ਸੰਭਵ ਹੋ ਸਕਿਆ ਹੈ।ਇਸ ਚਿੱਠੀ 'ਚ ਪੰਜਾਬ ਨਾਲ ਸੰਬੰਧਤ ਅਮਰੀਕੀ ਸਿਖਾਂ ਪ੍ਰਤੀ ਖ਼ਾਸ ਚਿੰਤਾ ਪ੍ਰਗਟ ਕੀਤੀ ਗਈ ਹੈ ਕਿਓਂਕਿ ਇਹ ਕਾਨੂੰਨ ਉਹਨਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਤ ਕਰਦੇ ਹਨ । ਬਹੁਤਾਤ ਅਮਰੀਕੀ ਸਿੱਖ ਇਸ ਵੇਲੇ ਚਿੰਤਤ ਹਨ ਕਿਓਂਕਿ ਉਹਨਾਂ ਦੇ ਪਰਿਵਾਰਿਕ ਮੈਂਬਰ ਅੱਜ ਵੀ ਆਪਣੀ ਪੁਸ਼ਤੈਨੀ ਜ਼ਮੀਨ 'ਤੇ ਵਾਹੀ ਕਰਕੇ ਜੀਵਨ ਦਾ ਪ੍ਰਵਾਹ ਚਲਾ ਰਹੇ ਹਨ।

# ਫਿਲਾਡੈਲਫੀਆ ਵਿਚ ਗੋਲੀ ਚੱਲੀ, ਇਕ ਮੌਤ, ਇਕ ਜ਼ਖਮੀ, ਹਮਲਾਵਰ ਵੀ ਪੁਲਿਸ ਹੱਥੋਂ ਮਾਰਿਆ ਗਿਆ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫਿਲਾਡੈਲਫੀਆ ਵਿਚ ਇਕ ਹਮਲਾਵਰ ਵੱਲੋਂ ਚਲਾਈਆਂ ਗੋਲੀਆਂ ਨਾਲ ਇਕ 15 ਸਾਲਾ ਲੜਕੇ ਦੀ ਮੌਤ ਹੋ ਗਈ ਤੇ ਇਕ ਹੋਰ 17 ਸਾਲਾ ਲੜਕਾ ਜ਼ਖਮੀ ਹੋ ਗਿਆ ਜਿਸ ਨੂੰ ਟੈਂਪਲ ਯੁਨੀਵਰਸਿਟੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਸਥਿੱਰ ਦੱਸੀ ਜਾ ਰਹੀ ਹੈ। ਇਹ ਘਟਨਾ ਅੱਧੀ ਰਾਤ ਤੋਂ ਬਾਅਦ ਏਮਰਲਡ ਸਟਰੀਟ ਵਿਖੇ ਵਾਪਰੀ। ਫਿਲਾਡੈਲਫੀਆ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਇਕ ਪਰਿਵਾਰ ਘਰ ਤੋਂ ਬਾਹਰ ਨਿਕਲ ਕੇ ਸੜਕ ਉਪਰ ਜਾ ਰਿਹਾ ਸੀ ਕਿ ਇਕ 43 ਸਾਲਾ ਵਿਅਕਤੀ ਨੇ ਆਪਣੀ ਹੈਂਡਗੰਨ ਨਾਲ ਉਨ੍ਹਾਂ ਉਪਰ ਗੋਲੀਆਂ ਚਲਾ ਦਿੱਤੀਆਂ ਜੋ ਦੋ ਨਬਾਲਗਾਂ ਦੇ ਲੱਗੀਆਂ ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਹਮਲਾਵਰ ਦਾ ਪਿੱਛਾ ਕੀਤਾ ਤੇ ਉਸ ਨੂੰ ਟੋਰਸੋ ਖੇਤਰ ਵਿਚ ਗੋਲੀ ਮਾਰ ਦਿੱਤੀ ਜੋ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ।

# ਅਲੀ ਜ਼ੈਦੀ ਬਾਇਡੇਨ ਦਾ ਡਿਪਟੀ ਕੌਮੀ ਵਾਤਾਵਰਣ ਸਲਾਹਕਾਰ ਨਿਯੁਕਤ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਨੇ



ਪਾਕਿਸਤਾਨੀ ਮੂਲ ਦੇ ਅਮਰੀਕੀ ਅਲੀ ਜ਼ੈਦੀ ਨੂੰ ਆਪਣਾ ਡਿਪਟੀ ਕੌਮੀ ਵਾਤਾਵਰਣ ਸਲਾਹਕਾਰ ਨਿਯੁਕਤ ਕੀਤਾ ਹੈ। ਜ਼ੈਦੀ ਇਸ ਸਮੇ ਨਿਊਯਾਰਕ ਦੇ ਗਵਰਨਰ ਐਂਡਰੀਊ ਕੂਮੋ ਦੇ ਊਰਜਾ ਤੇ ਵਾਤਾਵਰਣ ਬਾਰੇ ਡਿਪਟੀ ਸਕੱਤਰ ਹਨ ਤੇ ਉਹ ਰਾਜ ਦੀ ਵਾਤਾਵਰਣ ਨੀਤੀ ਤੇ ਵਿੱਤ ਕਮੇਟੀ ਦੇ ਚੇਅਰਮੈਨ ਵੀ ਹਨ। ਇਸ ਤੋਂ ਪਹਿਲਾਂ ਉਹ ਰਾਸ਼ਟਰਪਤੀ ਬਰਾਕ ਉਬਾਮਾ ਤੇ ਉਪ ਰਾਸ਼ਟਰਪਤੀ ਜੋਅ ਬਾਇਡੇਨ ਪ੍ਰਸ਼ਾਸਨ ਵਿਚ ਕੰਮ ਕਰ ਚੁੱਕੇ ਹਨ। ਜ਼ੈਦੀ ਨੇ ਆਪਣੀ ਨਿਯੁਕਤੀ ਉਪਰ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਹ ਆਪਣੀ ਇਸ ਚੋਣ ਲਈ ਬਾਇਡੇਨ ਦੇ ਧੰਨਵਾਦੀ ਹਨ ਤੇ ਉਹ ਉਨ੍ਹਾਂ ਦੇ ਡਿਪਟੀ ਵਾਤਾਵਰਣ ਸਲਾਹਕਾਰ ਵਜੋਂ ਕੰਮ ਕਰਨ ਲਈ ਤਿਆਰ ਹਨ। ਜ਼ੈਦੀ 1993 ਵਿਚ ਆਪਣੇ ਮਾਪਿਆਂ ਨਾਲ ਪੈਨਸਿਲਵੇ–ਨੀਆ (ਅਮਰੀਕਾ) ਆਏ ਸਨ। ਉਸ ਸਮੇਂ ਉਹ 5 ਸਾਲਾਂ ਦੇ ਸਨ। ਉਨ੍ਹਾਂ ਨੇ ਹਾਵਰਡ ਯੁਨੀਵਰਸਿਟੀ ਤੋਂ ਬੈਚਲਰ ਡਿਗਰੀ ਕੀਤੀ ਤੇ ਜਾਰਜ ਟਾਊਨ ਯੁਨੀਵਰਸਿਟੀ ਲਾਅ ਸੈਂਟਰ ਤੋਂ ਲਾਅ ਡਿਗਰੀ ਕੀਤੀ। ਉਹ ਬਾਇਡੇਨ ਵੱਲੋਂ ਨਿਯੁਕਤ ਕੌਮੀ ਵਾਤਾਵਰਣ ਸਲਾਹਕਾਰ ਜੀਨਾ ਮੈਕਰਥੀ ਦੇ ਤਹਿਤ ਕੰਮ ਕਰਨਗੇ।

# ਸਮਾਜ ਸੇਵੀ ਸੰਸਥਾ 'ਗੁੱਡ ਕਰਮਾ' ਨੇ ਲੋੜਵੰਦਾਂ ਨੂੰ ਰਾਹਤ ਪਹੁੰਚਾਈ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਕੈਲੀਫੋਰਨੀਆ ਵਿਚ ਸਰਗਰਮ ਗੈਰਮੁਨਾਫਾ ਸਮਾਜ ਸੇਵੀ ਸਸੰਥਾ ' ਗੁੱਡ ਕਰਮਾ ਲਾਸ ਏਂ–ਜਲਸ' ਨੇ ਸੈਂਕੜੇ ਲੋੜਵੰਦ ਲੋਕਾਂ ਨੂੰ ਭੋਜਨ ਤੇ ਹਰ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਲੁੜੀਂਦਾ ਸਮਾਨ ਵੰਡਿਆ ਹੈ। ਇਸ ਸੰਸਥਾ ਦਾ ਗਠਨ ਕੋਵਿਡ–19 ਮਹਾਂਮਾਰੀ ਦੌਰਾਨ ਲੋਕਾਂ ਦੀ ਮੱਦਦ ਕਰਨ ਦੇ ਮਕਸਦ ਨਾਲ ਵਿਸ਼ਾਲ ਨਰਾਇਣ ਜੋ ਪਿਛਲੇ 15 ਸਾਲਾਂ ਤੋਂ ਅੱਗ ਬੁਝਾਊ ਵਿਭਾਗ ਵਿਚ ਕੰਮ ਕਰ ਰਹੇ ਹਨ ਤੇ ਉਨ੍ਹਾਂ ਦੇ ਪਿਤਾ ਅਸੀਸ਼ ਨਰਾਇਣ ਦੁਆਰਾ ਕੀਤਾ ਗਿਆ ਸੀ। ਜਾਰੀ ਇਕ ਬਿਆਨ ਅਨੁਸਾਰ ਇਸ ਸੰਸਥਾ ਦਾ ਮਨੋਰਥ ਬੇਘਰੇ ਲੋਕਾਂ ਨੂੰ ਭੋਜਨ ਦੇਣਾ ਤੇ ਉਨ੍ਹਾਂ ਦੀਆਂ ਹੋਰ ਬੁਨਿਆਦੀ ਲੋੜਾਂ ਨੂੰ ਪੂਰਾ ਕਰਨਾ ਹੈ। ਸਮਾਜ ਸੇਵੀ ਭਾਰਤੀ ਮੂਲ ਦੇ ਪਿਉ–ਪੁੱਤਰ ਤੇ ਇਨ੍ਹਾਂ ਨਾਲ ਜੁੜੇ ਹੋਰ ਵਾਲੰਟਰੀਅਰਾਂ ਦਾ ਕਹਿਣਾ ਹੈ ਕਿ ਲੋੜਵੰਦਾਂ ਦੀ ਮੱਦਦ ਕਰਕੇ ਉਨ੍ਹਾਂ ਨੂੰ ਬੇਹੱਦ ਸੰਤੁਸ਼ਟੀ ਤੇ ਖੁਸ਼ੀ ਮਹਿਸੂਸ ਹੁੰਦੀ ਹੈ। ਸੰਸਥਾ ਵੱਲੋਂ ਕੰਬਲ, ਕਪੜੇ, ਗਰਮ ਭੋਜਨ ਤੇ ਪਾਣੀਆਂ ਦੀਆਂ ਬੋਤਲਾਂ ਤੋਂ ਇਲਾਵਾ ਮਾਸਕ ਤੇ ਹਾਈਜੀਨ ਕਿੱਟਾਂ ਵੀ ਵੰਡੀਆਂ ਜਾ ਰਹੀਆਂ ਹਨ।



ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਸਹਾਇਤਾ ਸੰਸਥਾ ਲਈ ਔਨ ਲਾਈਨ ਫੰਡ ਰੇਜ ਦੌਰਾਨ ਫਰਿਜ਼ਨੋ ਨਿਵਾਸੀਆ ਵੱਲੋਂ ਬੇਮਿਸਾਲ ਹੁੰਗਾਰਾ

**ਫਰਿਜ਼ਨੋ (ਕੈਲੀਫੋਰਨੀਆਂ) 29 ਦਸੰਬਰ 2020–** ਮਨੁੱਖਤਾ ਦੀ ਸੇਵਾ ਨੂੰ ਸਮਰਪਿਤ "ਸਹਾਇਤਾ" ਸੰਸਥਾ ਵੱਲੋਂ ਦੀਨ ਦੁਖੀਆਂ ਦੀ ਮੱਦਦ ਲਈ ਪੰਜਾਬ ਭਰ ਵਿੱਚ ਉਪਰਾਲੇ ਵਿੱਢੇ ਗਏ ਹਨ, ਅਤੇ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਇਸ ਸੰਸਥਾ ਦੇ ਕਾਰਕੁਨ ਦਾਨੀ ਸੱਜਣਾ ਤੇ ਨਿਰਭਰ ਕਰਦੇ ਹਨ। ਪਿਛਲੇ ਤਿੰਨ ਸਾਲ ਤੋ ਲਗਤਾਰ ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜ਼ਨੋ ਏਰੀਏ ਵਿਚ ਸਹਾਇਤਾ ਸੰਸਥਾ ਲਈ ਸਲਾਨਾਂ ਫੰਡ ਰੇਜ ਕਰਦੀ ਆ ਰਹੀ ਹੈ।

ਇਸ ਸਾਲ ਕੋਵਿੱਡ 19 ਦੇ ਚੱਲਦਿਆਂ ਪੀਸੀਏ ਫਰਿਜ਼ਨੋ ਨੇ ਸਹਾਇਤਾ ਸੰਸਥਾ ਲਈ ਚੌਥੇ ਔਨ ਲਾਈਨ ਫੰਡ ਰੇਜ ਦਾ ਅਯੋਜਨ ਕੀਤਾ, 'ਤੇ ਇਸ ਵਿੱਚ ਵੱਡੀ ਗਿਣਤੀ ਵਿੱਚ ਫਰਿਜ਼ਨੋ ਏਰੀਏ ਦੇਦਾਨੀ ਸੱਜਣਾਂ ਨੇ ਵੱਧ ਚੜਕੇ ਆਪਣਾ ਯੋਗਦਾਨ ਪਾਇਆ। ਇਸ ਫੰਡ ਰੇਜ ਦੌਰਾਨ ਤਕਰੀਬਨ 21000 ਡਾਲਰ ਸਹਾਇਤਾ ਸੰਸਥਾ ਲਈ ਇਕੱਠਾ ਹੋਇਆ ਅਤੇ ਇਸ ਵਿੱਚੋਂ ਗਿਆਰਾਂ ਹਜ਼ਾਰ ਡਾਲਰ ਪੀਸੀਏ ਮੈਂਬਰਾਂ ਨੇ ਦਾਨ ਵਜੋਂ ਦਿੱਤਾ। ਇਸ ਮੌਕੇ ਪੀਸੀਏ ਮੈਂਬਰ ਅਤੇ ਸਹਾਇਤਾ ਵਲੰਟੀਅਰ ਸੁਖਬੀਰ ਸਿੰਘ ਭੰਡਾਲ ਅਤੇ ਅੰਮ੍ਰਿਤ ਧਾਲੀਵਾਲ ਨੇ ਦੱਸਿਆ ਕਿ ਇਹ ਫੰਡ ਰੇਜ ਭਾਰਤ ਦੀ ਰਾਜਧਾਨੀ ਦਿੱਲੀ ਅੰਦਰ ਕਿਰਸਾਨੀ ਸੰਘਰਸ਼ ਦੌਰਾਨ ਜਾਨਾਂ ਗਵਾਉਣ ਵਾਲੇ ਕਿਸਾਨਾਂ ਮਜ਼ਦੂਰਾਂ ਦੇ ਬੇਸਹਾਰਾ ਬੱਚਿਆਂ ਦੀ ਪੜਾਈ ਵਿੱਚ ਮੱਦਦ ਕਰਨ ਲਈ ਇਕੱਤਰ ਕੀਤਾ ਗਿਆ ਹੈ, ਅਤੇ ਸਾਡੀ ਕੋਸ਼ਿਸ ਹੋਵੇਗੀ ਕਿ ਤੁਹਾਡੀ ਦਿੱਤੀ ਇੱਕ ਇੱਕ ਪੈਨੀ-ਪੈਨੀਂ ਸਹੀ ਥਾਂ ਤੇ ਲੱਗੇ।




ਇਸ ਮੌਕੇ ਸਹਾਇਤਾ ਦੇ ਮੋਢੀ ਮੈਂਬਰਾਂ ਵਿੱਚੋਂ ਸਰੂਪ ਸਿੰਘ ਝੱਜ ਨੇ ਫਰਿਜ਼ਨੋ ਏਰੀਏ ਦੇ ਸਮੂਹ ਦਾਨੀ ਸੱਜਣਾਂ ਅਤੇ ਪੀਸੀਏ ਮੈਂਬਰਾਂ ਦਾ ਸੁੱਭ ਕਾਰਜ਼ ਲਈ ਦਸਵੰਧ ਕੱਢਣ ਲਈ ਤਹਿ ਦਿਲੋਂ ਸੁਕਰੀਆ ਅਦਾ ਕੀਤਾ ਗਿਆ।

ਇਸ ਮੌਕੇ ਡਾਕਟਰ ਹਰਕੇਸ ਸੰਧੂ ਨੇ ਕਿਹਾ ਕਿ 2005 ਤੋ ਸਹਾਇਤਾ ਲੋੜਵੰਦ ਲੋਕਾਂ ਅਤੇ ਬੇਸਬਰਾ ਬੱਚਿਆਂ ਦੀ ਮੱਦਦ ਕਰਦੀ ਆ ਰਹੀ ਅਤੇ ਦਾਨੀ ਸੱਜਣਾਂ ਦੀ ਮੱਦਦ ਨਾਲ ਸਾਡਾ ਇਹ ਉਪਰਾਲਾ ਅੱਗੇ ਵੀ ਜਾਰੀ ਰਹੇਗਾ।

## ਕਰਮਨ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਸਮੂੰਹ ਸਿੱਖ ਸ਼ੁਹੀਦਾਂ ਨੂੰ ਸਮਰਪਿਤ ਸਮਾਗਮ ਹੋਏ



**ਫਰਿਜ਼ਨੋ (ਕੈਲੀਫੋਰਨੀਆ) 29 ਦਸੰਬਰ 2020–** ਕੈਲੀਫੋਰਨੀਆ ਦੇ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁੱਜਰੀ ਜੀ ਅਤੇ ਸਮੂੰਹ ਸਿੱਖ ਸ਼ੁਹੀਦਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਸਮਾਗਮ ਹੋਏ। ਇਸ ਸਮੇਂ ਕੋਵਿੰਡ-19 ਦੇ ਸਰਕਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਸੀਮਿੰਤ ਸੰਗਤਾਂ ਦੀ ਹਾਜ਼ਰੀ ਵਿੱਚ ਸਹਿਜ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜੇ। ਜਿੰਨਾ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਦੇ ਜੱਥੇ ਨੇ ਹਾਜ਼ਰੀ ਭਰਦੇ ਹੋਏ ਸ਼ੁਹੀਦੀ ਸਮਾਗਮ ਨਾਲ ਇਤਿਹਾਸ ਨੂੰ ਸਾਂਝਾ ਕੀਤਾ। ਇਸ ਸਮੇਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

## ਸਿਆਟਲ ਦੀ ਸੋਚ ਸੰਸਥਾ ਤੇ ਗੁਰਦੁਆਰਾ ਸਿੱਖ ਸੈਂਟਰ, ਸਿੱਖ ਪੰਚਾਇਤ ਕੈਲੇਫੋਰਨੀਆ ਤੇ ਮਿਸ਼ੀਗਨ ਦੀ ਸੰਗਤ ਵੱਲੋਂ ਟਿੱਕਰੀ ਬਾਰਡਰ ਤੇ ਧੰਨ ਕਰਤਾਰ ਸਬੇਰਾ ਉਸਰਨ ਦੀ ਸੇਵਾ ਲਈ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਗੁਰਦੁਆਰਾ ਸਿੱਖ ਸੈਂਟਰ ਤੇ ਸੋਚ ਸੰਸਥਾ ਸਮੇਤ ਸਿੱਖ ਪੰਚਾਇਤ ਕੈਲੇਫੋਰਨੀਆ ਤੇ ਮਿਸ਼ੀਗਨ ਇੰਡੀਅਨ ਡਿਆਸਪੁਰ ਦੀ ਸੰਗਤ ਨੇ ਮਿਲ ਕੇ ਟਿੱਕਰੀ ਬਾਰਡਰ ਹਰਿਆਣਾ ਤੇ ਧੰਨ ਕਰਤਾਰ ਬਸੇਰਾ ਦੀ ਸਥਾਪਨਾਂ ਕੀਤੀ ਜਾ ਰਹੀ ਹੈ, ਜਿਸ ਵਿਚ ਮੈਡੀਕਲ ਕੈਂਪ 10 ਡਾਕਟਰ ਤੇ 15 ਨਰਸਾਂ ਤੇ ਮੈਡੀਸਿਨ ਸਮੇਤ 500 ਬੈਡ ਦਾ ਹਸਪਤਾਲ ਟੈਂਟ ਸਿਟੀ ਅਤੇ 33 ਪੋਰਟੇਬਲ ਬਾਥਰੂਮ ਤੋਂ ਇਲਾਵਾ 2000 ਗਰਮ ਕੰਬਲਾਂ ਦੇ 2 ਟਰੱਕ ਅਤੇ ਹੋਰ ਸਾਰੀਆਂ ਸੇਵਾਵਾਂ ਦੇ ਪ੍ਰਬੰਧ ਕੀਤੇ ਰਹੇ ਹਨ। ਇਹ ਸਾਰੀਆਂ ਸੇਵਾਵਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਹਨ। ਸੋਚ ਸੰਸਥਾ ਦੇ ਸੰਚਾਲਕ ਮੈਂਬਰ ਬਲਵੰਤ ਸਿੰਘ ਔਲਖ ਨੇ ਦੱਸਿਆ ਕਿ ਡਾ. ਸਵੈਮਾਣ ਸਿੰਘ ਐਮ. ਡੀ. ਪੱਖੋਕੇ ਅਤੇ ਰਾਜ ਚੌਹਾਨ ਦਿੱਲੀ ਕਿਸਾਨ ਮੋਰਚੇ ਦਾ ਹਿੱਸਾ ਬਣ ਕੇ ਸੇਵਾ ਕਮਾ ਰਹੇ ਹਨ। ਹੁਣ ਸਮਾਂ ਆ ਗਿਆ ਹੈ ਕਿ ਹਰੇਕ ਇਨਸਾਨ ਕਿਸਾਨ ਸੰਘਰਸ਼ ਦੌਰਾਨ ਤਨ, ਮਨ ਤੇ ਧੰਨ ਨਾਲ ਸ਼ਾਂਤਮਈ ਰਹਿ ਕੇ ਸੰਘਰਸ਼ 'ਚ ਯੋਗਦਾਨ ਪਾਉਣ ਦਾ ਫਰਜ਼ ਸਮਝੇ। ਇਨਸਾਨੀਅਤ ਤੇ ਗੁਰੂਆਂ ਦੇ ਫਲਸਫੇ ਅਨੁਸਾਰ ਚੁੱਪ ਰਹਿਣਾ ਵੀ ਗੁਨਾਹ ਹੈ। ਪੰਜਾਬੀ ਭਾਈਚਾਰੇ ਨਿਵਾਸੀਓ, ਆਓ, ਉਠੋ ਤੇ ਮਿਲ ਕੇ ਆਪਣਾ ਫਰਜ਼ ਪੂਰਾ ਕਰਕੇ ਨਵਾਂ ਇਤਿਹਾਸ ਸਿਰਜੀਏ ਅਤੇ ਅੱਗੇ ਆਈਏ। ਪੰਜਾਬੀ ਭਾਈਚਾਰੇ ਵੱਲੋਂ ਇਹਨਾਂ ਸਮਾਜ ਸੇਵੀ ਸੰਸਥਾਵਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ, ਜਿਹਨਾਂ ਨੇ ਮਿਲ ਕੇ ਕਿਸਾਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦਾ ਉਪਰਾਲਾ ਕੀਤਾ ਹੈ।




# ਨਵਾਂ ਸਾਲ 2021 ਦੀਆਂ ਲੱਖ ਲੱਖ ਵਧਾਈਆਂ







ਦੇਸ਼ ਦੁਆਬਾ

# Ideal of Equality vs Scramble for Power

**Prem K. Chumber**
**Editor-In-Chief: www.deshdoaba.com**

The most common dilemma we human beings face is to bring equality in our society while at the same time struggling to acquire more and more power. Search for equality and efforts to gain, enhance and maintain power clash with each other. Another equally common dilemma is about the incompatibility between the goals nations pursue within their domestic sphere and their foreign policies. It is known to all of us that those nations which boast of the inherent culture of their respective democratic societies could be seen acting dictatorially when they bring some other nation(s) under their control be it in a colonial or neo-colonial set-up. British rule in India is a case in point. This dilemma of democracy at home vs dictatorship abroad has its roots in what called phenomenon of 'nationalism'. Since the treaty of Westphalia (1648), the idea of the sovereignty of the territorially demarcated state boundaries divided the humanity into 'we' and 'others'. 'My nation' as distinguished from 'other nations'. The others were reduced almost into aliens/enemy especially in military terminology.

The sharp division between the internal (domestic) and the external (international) often goads nations to seek equality within their sovereign territorial jurisdiction and pursue their power related goals in the anarchic domain of the globally contested political sphere. This division between internal and external political realms has its own peculiar logic to function which is linked with the all-pervasive dilemma of ideal of quality vs scramble for power. The desire to bring equality within leads to hunt for resources and markets abroad. When this practice becomes infectious among the powerful states it leads to serious confrontation between them. The last century's two world wars occurred within its first half were the outcome of the imperialistic scramble for more and more power.

Yet another less articulated but equally important factor related with the blind rush for power is the phenomenon ofover-exploitation of the natural resources. It leads not only to the fast depletion of our natural resources but made their consumption poisonous too. Corona-19 is the latest outcome of our suchuncaring and often over-exploitative approach towards Mother Nature! Power creates lust for more and more profit. Whereas, equality asks for restraint. It demands for sharing of what we have and a collective living. Power is individualistic. Equality is collaborative. Power pushes for war.Equality leads us to peace. But for the peace to prevail we need to decouple our ideal of equality from the scramble for power. Let us pray together that in the New Year 2021 ahead equality triumphs over power.

"Ambedkar Times" and "Desh Doaba" forum deeply appreciate the support it received from its sponsors, contributors, readers and well-wishers. A Big Thank You to all of you! With your support continuing and your kind encouragement, we promise you to serve you uninterruptedly with our utmost capacity in near future too.

**WISHING YOU ALL VERY HAPPY, HEALTHY AND PROSPEROUS NEW YEAR 2021**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-162

## ਚੰਦ੍ਰਾਵਲ ਗੋਪੀ ਕਿਵੇਂ ਛਲੀ ਗਈ?



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਸ੍ਰੀ ਕ੍ਰਿਸ਼ਨ ਨਾਲ ਸਬੰਧਤ ਇੱਕ ਪ੍ਰਸਿੱਧ ਗੋਪੀ ਜੋ ਚੰਦ੍ਰਭਾਂਨ ਦੇ ਘਰ ਮਾਂ ਵਿੰਦਮਤੀ ਦੀ ਕੁੱਖੋਂ ਪੈਦਾ ਹੋਈ ਤੇ ਇਸ ਦਾ ਵਿਆਹ ਗੋਰਧਨ ਮੱਲ ਨਾਲ ਹੋਇਆ ਜੋ ਕੇਰਲਾ ਨਾਂ ਦੇ ਪਿੰਡ 'ਚ ਰਹਿੰਦਾ ਸੀ। ਇਸ 'ਤੇ ਸ੍ਰੀ ਕ੍ਰਿਸ਼ਨ ਮੋਹਿਤ ਹੋ ਗਏ ਅਤੇ ਅਨੇਕ ਪ੍ਰਕਾਰ ਦੇ ਵਲ ਛਲ ਕਰਕੇ ਇਸ ਗੋਪੀ ਨੂੰ ਪ੍ਰਾਪਤ ਕਰਨ ਦੇ ਉਪਾ ਕੀਤੇ। ਜਦੋਂ ਚੰਦ੍ਰਾਵਲੀ ਕਾਬੂ ਨਾ ਆਈ ਤਾਂ ਕ੍ਰਿਸ਼ਨ ਗੋਪੀ ਦਾ ਭੇਸ ਬਦਲ ਕੇ ਉਸ ਦੇ ਘਰ ਗਏ ਅਤੇ ਮਿੱਠੇ ਰੁਮਾਂਟਿਕ ਬੋਲਾਂ ਨਾਲ ਉਸ ਨੂੰ ਰਿਝਾ ਲਿਆ। ਦੋਵੇਂ ਨਿੱਘੀਆਂ ਸਹੇਲੀਆਂ ਬਣ ਗਈਆਂ। ਆਪਸ ਵਿੱਚ ਹਾਸ-ਬਿਲਾਸ ਚਲਦਾ ਰਿਹ। ਜਦ ਇੱਕ ਰਾਤ ਨੂੰ ਦੋਵੇਂ ਇਕੱਠੀਆਂ ਸੁੱਤੀਆਂ ਕ੍ਰਿਸ਼ਨ ਨੇ ਆਪਣੀ ਮਾਇਆ ਦੇ ਸਮੇ ਦੀ ਗਤੀ ਰੋਕ ਕੇ ਛੇ ਮਹੀਨਿਆਂ ਤੱਕ ਚੰਧ੍ਰਾਵਲ ਦਾ ਸੰਯੋਗ ਸੁਖ ਮਾਣਿਆ। ਇਸੇ ਬਾਰੇ ਹੀ ਪੁਰਾਨ ਕਥਾਂ ਤੋਂ ਛੁੱਟ ਹੋਰ ਵੀ ਅਨੇਕ ਕਥਾ ਕਹਾਣੀਆਂ ਵੀ ਮਿਲ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਨੇ ਆਸਾ ਕੀ ਵਾਰ ਵਿਖੇ ਇਸ ਘਟਨਾ ਪ੍ਰਸੰਗ ਦਾ ਜ਼ਿਕਰ ਇਉਂ ਕੀਤਾ ਹੈ-ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸ਼ਨ ਜਾਦਮ ਭਇਆ॥ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥ (ਪੰਨਾ ੪੭੦) (ਡਾ ਰਤਨ ਸਿੰਘ ਜੱਗੀ)

> **ਸੋ ਚੰਦ੍ਰਾਵਲ ਇਕ ਵਿਆਹੀ ਵਰੀ ਗਵਾਲਨ ਔਰਤ ਸੀ ਜਿਸ ਨੂੰ ਕ੍ਰਿਸ਼ਨ ਨਾਮ ਦੇ ਰਾਜੇ ਨੇ ਧੋਖੇ ਨਾਲ ਛਲਿਆ। ਲਗਦਾ ਇਹ ਯਾਦਵ ਕੁਲ ਦੇ ਵਿਰੋਧੀਆਂ ਨੇ ਸ੍ਰੀ ਕ੍ਰਿਸ਼ਨ ਨੂੰ ਬਦਨਾਮ ਕਰਨ ਵਾਸਤੇ ਕਹਾਣੀ ਘੜੀ ਹੋਵੇ? ਦਸਮ ਗ੍ਰੰਥ ਦੇ ਕ੍ਰਿਸ਼ਨਾ ਅਵਤਾਰ 'ਚ ਵੀ ਇਸ ਦਾ ਜ਼ਿਕਰ ਹੈ।ਅਸਲੀ ਭਗਵਾਨ ਅਜਿਹੇ ਬਦਸਲਕ ਕਾਰਨਾਮੇ ਨਹੀਂ ਕਰ ਸਕਦਾ। ਹਿੰਦ ਵੀਰਾਂ ਨੂੰ ਆਪਣੇਂ ਗ੍ਰੰਥ ਸੋਧਣ ਦੀ ਲੋੜ ਹੈ। ਨਹੀਂ ਤਾਂ ਅੰਨੀ ਸ਼ਰਧਾ ਵਾਲੇ ਭਗਤ ਅਜਿਹੇ ਕਾਰੇ ਕਰਦੇ ਆਖ ਦਿੰਦੇ ਹਨ ਕਿ ਜੇ ਭਗਵਾਨ ਦੇ ਇਹ ਕੌਤਕ ਨੇ ਤਾਂ ਅਸੀਂ ਕਿਉਂ ਨਹੀਂ ਕਰ ਸਕਦੈ? ਪਰਜਾ ਚੋਂ ਗਰੀਬਾਂ ਦੀਆਂ ਸੁਹਣੀਆਂ ਕੁੜੀਆਂ ਰਾਜੇ ਤੇ ਤਗੜੇ ਉੱਚ ਜਾਤੀ ਲੋਕ ਧੱਕੇ, ਧੌਂਸ ਤੇ ਲਾਲਚ ਨਾਲ ਆਪਣੇ ਘਰਾਂ, ਹਰਮਾਂ ਤੇ ਰਾਜ ਦਰਬਾਰਾਂ 'ਚ ਲੈ ਆਉਂਦੇ ਸਨ। ਮਹਾਰਾਜੇ ਪਟਿਆਲੇ ਦੇ ਵੀ ਇਹੋ ਕਾਰੇ ਸਨ।**

ਅਤਿ ਘਿਨਾਉਣਾ ਜ਼ੁਲਮ-ਆਸਿਫਾ ਨੰਨ੍ਹੀ ਬੱਚੀ ਨਾਲ ਇੱਕ ਅਖੌਤੀ ਪੱਥਰ ਦੇ ਭਗਵਾਨ ਦੇ ਮੰਦਿਰ ਵਿੱਚ ਬੀਤੀ ਜ਼ੁਲਮ ਦੀ ਦਾਸਤਾਂ ਸੁਣ ਪੜ੍ਹਕੇ ਮੇਰੇ ਸਾਹਮਣੇ ਉਹ ਕਹਾਣੀ ਆ ਜਾਂਦੀ ਹੈ, ਜਿਨ੍ਹਾਂ ਦਾ ਭਗਵਾਨ ਆਪਣੀ ਸ਼ਕਤੀ ਨਾਲ ਛੇ ਮਹੀਨੇ ਦੀ ਰਾਤ ਅਤੇ ਘਰ ਦੇ ਜੀਅ ਕੰਨਾਂ ਤੋਂ ਬੋਲ਼ੇ ਕਰਕੇ ਵਿਆਹੀ ਚੰਦਰਾਵਲ ਭੇਖ ਬਦਲ ਕੇ ਦੁਸ਼ਕਰਮ (ਰੇਪ) ਕਰਣ ਤੋਂ ਨਹੀਂ ਟਲਦਾ, ਉਹ ਫਿਰ ਵੀ ਭਗਵਾਨ ਹੈ-ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥ ਭਲੇ ਲੋਕੋ, ਉਨ੍ਹਾਂ ਕੋਲੋਂ ਇਸ ਜ਼ੁਲਮ ਲਈ ਕਿਸੇ ਐਸੇ ਜ਼ੁਲਮਾਂ ਤੋਂ ਵਖਰੀ ਕੀ ਆਸ ਰਖਦੇ ਹੋ? ਇਹ ਗੱਲ ਵਖਰੀ ਹੈ ਕਿ ਬੇਗੈਰਤ ਅਜੇ ਭੀ ਉਨ੍ਹਾਂ ਨੂੰ ਆਪਣਾ ਭਗਵਾਨ ਮੰਨਣ ਲਈ ਤਿਆਰ ਹਨ। (ਪ੍ਰੋ. ਦਰਸ਼ਨ ਸਿੰਘ ਖ਼ਾਲਸਾ ੧੯ ਅਪ੍ਰੈਲ ੨੦੧੮ ਖਾਲਸਾ ਨਿਊਜ਼) ਕ੍ਰਿਸ਼ਨ ਦੁਆਪਰ ਜੁੱਗ ਦਾ ਇਕ ਰਾਜਾ ਹੋਇਐ ਜਿਸ ਨੂੰ ਉਸ ਵੇਲੇ ਉਸ ਦੀ ਪਰਜਾ ਭਗਵਾਨ ਮੰਨਦੀ ਸੀ। ਜਰਾ ਸੋਚੋ! ਕੋਈ ਵਿਅਕਤੀ ਰਾਜਾ ਜਿਸ ਦੀਆਂ ੧੬੩੬੦ ਗੋਪੀਆਂ (ਰਾਣੀਆਂ) ਹੋਣ ਤੇ ਉਹ ਫਿਰ ਵੀ ਪਰਾਈ ਔਰਤ ਨਾਲ ਧੋਖਾ ਕਰਕੇ ਰੰਗ ਰਲੀਆਂ ਕਰਦਾ, ਬਲਾਤਕਾਰ ਕਰੇ ਉਹ ਭਗਵਾਨ ਕਿਵੇਂ ਹੋ ਸਕਦਾ ਹੈ? ਗੁਰੂ ਅਰਜਨ ਪਾਤਸ਼ਾਹ ਫੁਰਮਾਂਦੇ ਹਨ ਕਿ ਪ੍ਰਮਾਤਮਾਂ ਜੋ ਜਨਮ ਮਰਨ ਰਹਿਤ ਹੈ ਭਰਮਾਂ 'ਚ ਪਏ ਲੋਕ ਹੀ ਕੱਚੀਆਂ ਗੱਲਾਂ ਕਰਦੇ ਉਸ ਨੂੰ ਭਗਵਾਨ ਕਹੀ ਜਾਂਦੇ ਸਨ-ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਣ ਤੇ ਰਹਤ ਨਾਰਾਇਣ॥ (ਮ:੫-੧੧੩੬) ਕਬੀਰ ਸਾਹਿਬ ਫੁਰਮਾਂਦੇ ਹਨ ਕਿ ਰੱਬ ਦਾ ਕੋਈ ਮਾਂ ਬਾਪ ਨਹੀਂ ਫਿਰ ਮਾਂ ਬਾਪ ਰਾਹੀਂ ਜਨਮ ਲੈਣ ਵਾਲਾ ਰਾਜਾ ਕ੍ਰਿਸ਼ਨ ਕਿਵੇਂ ਭਗਵਾਨ ਹੋ ਸਕਦਾ ਹੈ? - ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥੨॥੧੯॥੭੦॥(ਕਬੀਰ-੩੩੮-੩੩੯) ਪੁਰਾਣੇ ਸਮੇ ਆਮ ਲੋਕ ਵਕਤੀ ਰਾਜਿਆਂ ਨੂੰ ਰੱਬ ਸਮਝ ਕੇ ਪੂਜਦੇ ਸਨ। "ਸ਼ਬਦ ਗੁਰੂ ਗ੍ਰੰਥ" ਦੀ ਬਾਣੀ 'ਚ ਇਸ ਦਾ ਜ਼ਿਕਰ ਹੈ-ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥੭॥(ਮ:੩-੪੨੨)

ਸੋ ਚੰਦ੍ਰਾਵਲ ਇਕ ਵਿਆਹੀ ਵਰੀ ਗਵਾਲਨ ਔਰਤ ਸੀ ਜਿਸ ਨੂੰ ਕ੍ਰਿਸ਼ਨ ਨਾਮ ਦੇ ਰਾਜੇ ਨੇ ਧੋਖੇ ਨਾਲ ਛਲਿਆ। ਲਗਦਾ ਇਹ ਯਾਦਵ ਕੁਲ ਦੇ ਵਿਰੋਧੀਆਂ ਨੇ ਸ੍ਰੀ ਕ੍ਰਿਸ਼ਨ ਨੂੰ ਬਦਨਾਮ ਕਰਨ ਵਾਸਤੇ ਕਹਾਣੀ ਘੜੀ ਹੋਵੇ? ਦਸਮ ਗ੍ਰੰਥ ਦੇ ਕ੍ਰਿਸ਼ਨਾ ਅਵਤਾਰ 'ਚ ਵੀ ਇਸ ਦਾ ਜ਼ਿਕਰ ਹੈ।ਅਸਲੀ ਭਗਵਾਨ ਅਜਿਹੇ ਬਦਸਲੂਕ ਕਾਰਨਾਮੇ ਨਹੀਂ ਕਰ ਸਕਦਾ। ਹਿੰਦੂ ਵੀਰਾਂ ਨੂੰ ਆਪਣੇ ਗ੍ਰੰਥ ਸੋਧਣ ਦੀ ਲੋੜ ਹੈ। ਨਹੀਂ ਤਾਂ ਅੰਨੀ ਸ਼ਰਧਾ ਵਾਲੇ ਭਗਤ ਅਜਿਹੇ ਕਾਰੇ ਕਰਦੇ ਆਖ ਦਿੰਦੇ ਹਨ ਕਿ ਜੇ ਭਗਵਾਨ ਦੇ ਇਹ ਕੌਤਕ ਨੇ ਤਾਂ ਅਸੀਂ ਕਿਉਂ ਨਹੀਂ ਕਰ ਸਕਦੈ? ਪਰਜਾ ਚੋਂ ਗਰੀਬਾਂ ਦੀਆਂ ਸੁਹਣੀਆਂ ਕੁੜੀਆਂ ਰਾਜੇ ਤੇ ਤਗੜੇ ਉੱਚ ਜਾਤੀ ਲੋਕ ਧੱਕੇ, ਧੌਂਸ ਤੇ ਲਾਲਚ ਨਾਲ ਆਪਣੇ ਘਰਾਂ, ਹਰਮਾਂ ਤੇ ਰਾਜ ਦਰਬਾਰਾਂ 'ਚ ਲੈ ਆਉਂਦੇ ਸਨ। ਮਹਾਰਾਜੇ ਪਟਿਆਲੇ ਦੇ ਵੀ ਇਹੋ ਕਾਰੇ ਸਨ। ਅੱਜ ਵੀ ਦਲਤਾਂ ਤੇ ਗਰੀਬਾਂ ਦੀਆਂ ਧੀਆਂ ਨਾਲ ਸ਼ਰੇਆਮ ਬਲਾਤਕਾਰ ਕਰਕੇ ਉਨ੍ਹਾਂ ਨੂੰ ਬੁਰੀ ਤਰਾਂ ਕੋਹ ਕੋਹ ਕੇ ਮਾਰ ਦਿੰਦੇ ਹਨ। ਮੋਧੀ ਰਾਜ ਵਿੱਚ ਆਮ ਜਨਤਾ ਦੀ ਕਿਤੇ ਵੀ ਸੁਣਵਾਈ ਨਹੀਂ ਹੰਕਾਰੀ ਤੇ ਹਬਸ਼ੀ ਲੀਡਰ ਬਰੀਬ ਚੰਦ੍ਰਾਵਲ ਵਰਗੀਆਂ ਗੋਪੀਆਂ ਗਵਾਲਣਾ ਆਏ ਦਿਨ ਉਧਾਲ ਕੇ ਰਾਸ ਲੀਲਾ ਕਰ ਰਹੇ ਹਨ।

ਇਹ ਸਭ ਪੁਜਾਰੀ ਵਰਗ ਰਾਜਿਆਂ ਨਾਲ ਮਿਲ ਕੇ ਕਰਦਾ ਸੀ। ਰਾਜੇ ਰਾਣੀਆਂ, ਗੋਪੀਆਂ ਤੇ ਪੁਜਾਰੀ ਦੇਵ ਦਾਸੀਆਂ ਧਰਮ ਅਸਥਾਨਾਂ 'ਚ ਰੱਖਦੇ ਸਨ। ਇਵੇਂ ਸੂਰਜ ਪ੍ਰਕਾਸ਼ ਵਰਗੇ ਗ੍ਰੰਥਾਂ ਨੇ ਗੁਰੂ ਸਹਿਬਾਨਾਂ ਨਾਲ ਵੀ ਕਈ ਅਯਾਸ਼ੀ, ਡਾਕੇ ਤੇ ਨਸ਼ੇ ਦੀਆਂ ਕਹਾਣੀਆਂ ਜੋੜ ਰੱਖੀਆਂ ਹਨ। ਬਾਕੀ ਗੁਰਬਾਣੀ ਵਿਖੇ ਮਿਥ ਹਵਾਲੇ ਜਨਤਾ 'ਚ ਚਲਦੇ ਪ੍ਰਸੰਗਾਂ ਚੋਂ ਸਮਝਾਉਣ ਲਈ ਲੈ ਹਨ। ਜਿਵੇਂ ਕਹਿੰਦੇ ਨੇ ਕਿ ਮੀਰਾਂ ਤੇ ਪੂਦਨਾ ਜ਼ਹਿਰ ਪੀ ਗਈਆਂ ਪਰ ਭਾਈ ਗੁਰਦਾਸ ਜੀ ਲਿਖਦੇ ਹਨ ਕਿ-ਜੇ ਕਰਿ ਉਧਰੀ ਪੂਦਨਾ ਵਿਉ ਪਿਆਲਨ ਕੰਮ ਨਾ ਚੰਗਾ॥ (ਭਾ. ਗੁ) ਜੇ ਉਹ ਜ਼ਹਿਰ ਪੀ ਕੇ ਬਚ ਗਈਆਂ ਤਾਂ ਫਿਰ ਵੀ ਜ਼ਹਿਰ ਪੀਣਾ ਪਿਆਲਣਾ ਕੋਈ ਚੰਗਾ ਕੰਮ ਨਹੀਂ ਸਗੋਂ ਜ਼ਹਿਰ ਤਾਂ ਮੌਤ ਦਾ ਕਾਰਣ ਬਣਦੈ ਕਿਉਂਕਿ-ਵਿਸ ਖਾਧੀ ਤਤਕਾਲ ਮਰ ਜਾਇ॥ (ਸ਼ਬਦ ਗੁਰੂ ਗ੍ਰੰਥ)

## ਸੋਧ ਸਾਰ

# ਆਓ, ਉਸਾਰੂ ਸੋਚ ਨਾਲ ਨਵੇਂ ਵਰ੍ਹੇ ਦਾ ਸਵਾਗਤ ਕਰੀਏ

ਬੰਗਾ ਤੋਂ
**ਸੁਰਜੀਤ ਮਜਾਰੀ**
91+98721-93237



ਨਵੇਂ ਦਾ ਚਾਅ ਹਰ ਇੱਕ ਨੂੰ ਹੁੰਦਾ ਹੈ। ਨਵੀਂ ਆਮਦ ਦੀ ਖੁਸ਼ੀ 'ਚ ਖੀਵਾ ਹੋਇਆ ਹਰ ਕੋਈ ਦੁਨੀਆਂ ਦੇ ਸੁੱਖ ਅਤੇ ਖੁਸ਼ੀਆਂ ਆਪਣੇ ਵਿਹੜੇ ਲੋਚਦਾ ਹੈ। ਨਵਾਂ ਜਨਮ ਹੋਵੇ, ਨਵਾਂ ਗ੍ਰਹਿ ਪ੍ਰਵੇਸ਼ ਹੋਵੇ, ਨਵੀਂ ਖਰੀਦ ਹੋਵੇ, ਨਵਾਂ ਪਹਿਰਾਵਾ ਹੋਵੇ, ਨਵਾਂ ਸਬੰਧ ਹੋਵੇ ਜਾਂ ਫਿਰ ਜਨ ਜੀਵਨ ਦੀ ਕੋਈ ਹੋਰ ਨਵੀਂ ਪ੍ਰਾਪਤੀ ਸਬੰਧਤ ਦਾ ਦਿਲ ਚਾਵਾਂ ਦੀਆਂ ਉੱਚੀਆਂ ਉਡਾਰੀਆਂ ਮਾਰਦਾ ਹੈ। ਇਵੇਂ ਜ਼ਿੰਦਗੀ ਦੀ ਸਮਾਂਬੱਧ ਪ੍ਰਕਿਰਿਆ ਦਾ ਹਰ ਨਵਾਂ ਪਲ ਪ੍ਰੇਰਨਾ, ਨਵਾਂ ਸੁਨੇਹਾ, ਨਵੀਂ ਲਹਿਰ, ਨਵੀਂ ਆਸ, ਨਵਾਂ ਉਤਸ਼ਾਹ ਅਤੇ ਨਵੀਂ ਕੋਸ਼ਿਸ਼ ਲੈ ਕੇ ਆਉਂਦਾ ਹੈ। ਇਹ ਤੁਹਾਡੀ ਲਗਨ ਅਤੇ ਉਦੇਸ਼ 'ਤੇ ਨਿਰਭਰ ਕਰਦਾ ਹੈ ਕਿ ਇਹਨਾਂ ਪਲਾਂ ਦੀ ਨਵੀਂ ਦਸਤਕ ਨੂੰ ਤੁਸੀਂ ਆਪਣੀ ਸਖ਼ਸ਼ੀਅਤ ਨਾਲ ਕਿਸ ਰੰਗ ਢੰਗ ਵਜੋਂ ਨਿਭਾਉਣ 'ਚ ਸਫ਼ਲ ਹੁੰਦੇ ਹੋ। ਸੋ ਕਿੰਨੇ ਸੁਭਾਗ ਵਾਲੀ ਗੱਲ ਹੋਵੇ ਜੇਕਰ ਇਹ ਆਰੰਭਿਕ ਪਲ ਤੁਹਾਡੀ ਜ਼ਿੰਦਗੀ ਨੂੰ ਸੱਚਮੁੱਚ ਹਾਂ ਪੱਖੀ ਵਰਤਾਰੇ ਨਾਲ ਸਾਰਾਸ਼ਾਰ ਕਰ ਜਾਣ। ਇਸ ਸੰਦਰਭ 'ਚ ਇਨ੍ਹਾਂ ਪਲਾਂ ਦੀ ਅਹਿਮੀਅਤ ਹੋਰ ਕਿੰਨੀ ਵੱਧ ਜਾਂਦੀ ਹੈ ਜਦੋਂ ਨਵੇਂ ਸਾਲ ਦੇ ਜੇਠੇ ਮਹੀਨੇ ਦੇ ਸ਼ੁਰੂਆਤੀ ਵਾਲੇ ਹਫ਼ਤੇ ਦੇ ਪਹਿਲੇ ਦਿਨ ਦੀ ਨਵੀਂ ਨਕੋਰੀ ਸਵੇਰ ਪਹਿਲੀ ਤਾਰੀਖ ਨਾਲ ਇਨ੍ਹਾਂ ਪਲਾਂ ਨੂੰ ਲੈ ਕੇ ਰੂ-ਬ-ਰੂ ਹੁੰਦੀ ਹੈ।




ਨਵੇਂ ਸਾਲ 2020 ਦੇ ਸ਼ੁੱਭ ਆਗਾਜ਼ ਮੌਕੇ ਜਿੱਥੇ ਅਸੀਂ ਅਨੰਦਿਤ ਮਹਿਸੂਸ ਕਰਦੇ ਹਾਂ, ਉੱਥੇ ਬੀਤੇ ਸਾਲ ਦੇ ਤਜ਼ਰਬਿਆਂ 'ਤੇ ਆਧਾਰਿਤ ਆਪੋ ਆਪਣੇ ਜੀਵਨ ਨੂੰ ਅਨੁਕੂਲ ਕਰਨ ਦੀ ਵੀ ਅਤਿਅੰਤ ਲੋੜ ਹੈ। ਸਿਆਣੇ ਕਹਿੰਦੇ ਹਨ ਕਿ ਆਗਾਜ਼ ਜਦ ਸ਼ੁੱਭ ਹੋ ਜਾਵੇ ਤਾਂ ਅੰਜ਼ਾਮ ਦੀ ਸਾਰਥਿਕਤਾ ਦਾ ਸੰਕੇਤ ਖੁਦ-ਬ-ਖੁਦ ਮਿਲ ਜਾਂਦਾ ਹੈ। ਉਂਜ ਸ਼ੁਰੂਆਤ ਵਾਲਾ ਮਾਹੌਲ ਜਦ ਵਧੀਆ ਹੋਵੇ ਤਾਂ ਅੰਤਿਮ ਪੜਾਅ ਤੱਕ ਸਰਬਵਿਆਪੀ ਸਫ਼ਲਤਾ ਦੀ ਆਸ ਕੀਤੀ ਜਾ ਸਕਦੀ ਹੈ। ਅੱਜ ਦੇ ਸੰਦਰਭ 'ਚ ਹਰ ਕੋਈ ਇਹੀ ਕਾਮਨਾ ਕਰਦਾ ਹੈ ਕਿ ਨਵਾਂ ਸਾਲ ਵਧੀਆ ਚੜ੍ਹੇ। ਇਹ ਖੇੜੇ ਖੁਸ਼ੀਆਂ ਲੈ ਕੇ ਆਵੇ। ਇਹ ਆਸ ਰੱਖਣੀ ਬਿਲਕੁਲ ਠੀਕ ਹੈ ਪਰ ਨਵਾਂ ਸਾਲ ਤੁਹਾਡੇ ਲਈ ਖੁਦ ਹੀ ਖੁਸ਼ੀਆਂ ਖੇੜਿਆਂ ਦਾ ਮੁਨਾਰਾ ਸਾਬਤ ਹੋ ਸਕਦਾ ਹੈ ਜੇਕਰ ਤੁਸੀਂ ਬੀਤੇ ਸਾਲਾਂ ਦੀਆਂ ਰਹਿ ਗਈਆਂ ਕਮੀਆਂ ਪੂਰੀਆਂ ਕਰਨ ਦੀ ਕੋਸ਼ਿਸ਼ ਨੂੰ ਸਫ਼ਲ ਬਣਾ ਲਵੋ। ਸਮੁੱਚੀ ਸ੍ਰਿਸ਼ਟੀ ਦੇ ਪੱਖੋਂ ਵਿਚਾਰੀਏ ਤਾਂ ਜੇਕਰ ਸਾਰੇ ਸਰਬੱਤ ਦੇ ਭਲੇ ਲਈ ਸੋਚ ਬਣਾ ਲਵੋ, ਦੂਜੇ ਬੰਨ੍ਹੇ ਰਾਜਨੀਤੀ ਪਾਰ-ਦਰਸ਼ੀ ਹੋ ਜਾਵੇ, ਪ੍ਰਸ਼ਾਸ਼ਨ ਭ੍ਰਿਸ਼ਟਾਚਾਰ ਰਹਿਤ ਹੋ ਜਾਵੇ। ਧੱਕੇ ਅਤੇ ਪੈਸੇ ਤੋਂ ਵੱਧ ਕੇ ਯੋਗਤਾ ਦੀ ਪਰਖ ਹੋਣ ਲੱਗ ਪਵੇ ਤਾਂ ਫਿਰ ਹਰ ਇੱਕ ਲਈ ਰੋਜ਼ ਵੀ ਨਵੇਂ ਸਾਲ ਦੇ ਪਹਿਲੇ ਦਿਨ ਜਿੰਨੀ ਖੁਸ਼ੀ ਹੋਵੇਗੀ।

ਜੇਕਰ ਨਵੇਂ ਸਾਲ ਦੀ ਰਸਮੀਂ ਸ਼ੁਰੂਆਤ ਦੀ ਗੱਲ ਕਰੀਏ ਤਾਂ ਜਿਆਦਾਤਰ ਅਸੀਂ ਨਵੇਂ ਸਾਲ ਦੇ ਨਵੇਂ ਦਿਨ ਨੂੰ ਵਧੀਆ ਗੁਜ਼ਾਰਨਾ ਲੋਚਦੇ ਹਾਂ। ਇਸ ਦਿਨ ਨਵੇਂ ਸਾਲ ਦੀ ਪਹਿਲੀ ਤਾਰੀਕ ਨੂੰ ਅਸੀਂ ਭਾਵੇਂ ਮਨਭਾਉਂਦੀਆਂ ਭਾਵਨਾਵਾਂ ਨਾਲ ਆਪਣੇ ਸਾਕ ਸਬੰਧੀਆਂ ਨੂੰ ਮਿਲ ਕੇ ਇਸ ਦਿਨ ਦੀਆਂ ਮੁਬਾਰਕਾਂ ਦਿੰਦੇ ਹਾਂ ਜਾਂ ਫਿਰ ਰੰਗ ਬਰੰਗੇ ਫੁੱਲਾਂ ਨਾਲ ਸਜੇ ਕਾਰਡਾਂ ਰਾਹੀਂ ਵਧਾਈ ਵਾਲੀ ਸ਼ਬਦਾਵਲੀ ਲਿਖ ਕੇ ਨਵੇਂ ਸਾਲ ਦੀਆਂ ਖੁਸ਼ੀਆਂ ਸਾਂਝੀਆਂ ਕਰ ਲੈਂਦੇ ਹਾਂ ਪਰ ਦੁਨਿਆਵੀ ਤੌਰ 'ਤੇ ਅਜਿਹਾ ਕਰਨ ਦੇ ਨਾਲ ਨਾਲ ਇੱਕ ਅਜਿਹੇ ਸੰਦੇਸ਼ ਦੀ ਲਹਿਰ ਸਿਰਜ ਹੋਣੀ ਜ਼ਰੂਰੀ ਹੈ ਜਿਸ ਵਿੱਚ 'ਮੈਂ ਮੇਰੀ' ਤੋਂ ਉੱਪਰ ਉੱਠ ਕੇ ਕੁਦਰਤ ਦੀ ਰਜ਼ਾ 'ਚ ਰਹਿੰਦਿਆਂ ਇਨਸਾਨੀਅਤ ਦੇ ਤਰਾਜ਼ੂ 'ਚ ਬਰਾਬਰ ਦਾ ਸਮਤੋਲ ਬਣਾਉਣ ਦੀ ਪ੍ਰੇਰਨਾ ਹੋਵੇ। ਇਸ ਦੇ ਨਾਲ ਜਿੰਨੀਆਂ ਵੀ ਸਮਾਜਿਕ ਬਰਾਈਆਂ ਹਨ ਉਨ੍ਹਾਂ ਨੂੰ ਜੜ੍ਹੋਂ ਮੁਕਾਉਣ ਲਈ ਤੁਹੱਈਆਂ ਕੀਤਾ ਜਾਵੇ। ਕਿਉਂਕਿ ਬੁਰਾਈਆਂ ਰਹਿਣ ਸਮਾਜ ਦੀ ਸਥਾਪਤੀ 'ਚ ਹੀ ਅਸੀਂ ਨਵੇਂ ਵਰ੍ਹੇ ਦੀਆਂ ਸ਼ੁੱਭ ਕਾਮਨਾਵਾਂ ਦਿੰਦੇ ਜਾਂ ਕਬੂਲਦੇ ਚੰਗੇ ਲੱਗਦੇ ਹਾਂ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਬਲੈਕ ਮੂਲ ਦੇ ਆਦਮੀ ਨੂੰ ਗੋਲੀ ਨਾਲ ਜਾਨੋਂ ਮਾਰਨ ਵਾਲੇ ਪੁਲਿਸ ਅਧਿਕਾਰੀ ਨੂੰ ਕੀਤਾ ਨੌਕਰੀ ਤੋਂ ਬਰਖਾਸਤ

**ਫਰਿਜ਼ਨੋ (ਕੈਲੀਫੋਰਨੀਆਂ), 29 ਦਸੰਬਰ 2020-** ਅਮਰੀਕੀ ਸੂਬੇ ਓਹੀਓ ਦੇ ਕੋਲੰਬਸ "ਚ ਪਿਛਲੇ ਹਫਤੇ ਇੱਕ ਕਾਲੇ ਨਿਹੱਥੇ ਆਦਮੀ ਨੂੰ ਇੱਕ ਗੋਰੇ ਪੁਲਿਸ ਅਧਿਕਾਰੀ ਵੱਲੋਂ ਗੋਲੀ ਨਾਲ ਜਾਨੋਂ ਮਾਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਸਥਾਨਕ ਫਰੈਟਰਨਲ ਆਰਡਰ ਆਫ਼ ਪੁਲਿਸ(ਐਫ ਓ ਪੀ) ਅਨੁਸਾਰ, ਇਸ ਕਤਲ ਦੇ ਦੋਸ਼ੀ ਕੋਲੰਬਸ ਪੁਲਿਸ ਅਧਿਕਾਰੀ ਐਡਮ ਕੋਏ ਦੀਆਂ ਸੇਵਾਵਾਂ ਨੂੰ ਖਤਮ ਕਰ ਦਿੱਤਾ ਗਿਆ ਹੈ। ਸੋਮਵਾਰ ਨੂੰ ਹੋਈ ਇਸ ਮਾਮਲੇ ਦੀ ਸੁਣਵਾਈ ਦੌਰਾਨ ਇਹ ਫੈਸਲਾ ਲਿਆ ਗਿਆ ਹੈ ਅਤੇ ਐਫ ਓ ਪੀ ਦੇ ਵਾਈਸ ਪਰੈਜ਼ੀਡੈਂਟ ਬ੍ਰਾਇਨ ਸਟੀਲ ਨੇ ਕੋਏ ਦੇ ਬਰਖਾਸਤ ਹੋਣ ਬਾਰੇ ਪੁਸ਼ਟੀ ਕੀਤੀ ਹੈ। ਫ੍ਰੈਂਕਲਿਨ ਕਾਉਂਟੀ ਕੋਰੋਨਰ ਦੇ ਦਫਤਰ ਤੋਂ ਮਿਲੀ ਮੁੱਢਲੀ ਰਿਪੋਰਟ ਅਨੁਸਾਰ ਆਂਦਰੇ ਹਿੱਲ ਦੀ ਮੌਤ ਨੂੰ ਇੱਕ ਕਤਲ ਵਜੋਂ ਦੱਸਿਆ ਗਿਆ ਹੈ ਕਿਉਂਕਿ ਮੌਤ ਦਾ ਮੁੱਢਲਾ ਕਾਰਨ ਗੋਲੀਬਾਰੀ ਦੇ ਜ਼ਖ਼ਮ ਹਨ, ਜਦਕਿ&; ਪੋਸਟਮਾਰਟਮ ਦੀ ਪੂਰੀ ਰਿਪੋਰਟ 12 ਤੋਂ 14 ਹਫ਼ਤਿਆਂ ਵਿੱਚ ਮਿਲਣ ਦੀ ਉਮੀਦ ਹੈ। ਇਸ ਕੇਸ ਦੀ ਸੁਣਵਾਈ ਸ਼ਹਿਰ ਦੇ ਪਬਲਿਕ ਸੇਫਟੀ ਡਾਇਰੈਕਟਰ ਨੇਡ ਪੇੱਟਸ ਦੁਆਰਾ ਕੀਤੀ ਗਈ ਹੈ ਅਤੇ





ਇਸ ਵਿਭਾਗ ਦੇ ਸੋਮਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਅਨੁਸਾਰ ਕੋਏ ਸੁਣਵਾਈ ਵਿੱਚ ਹਾਜ਼ਰ ਨਹੀ ਸੀ ,ਉਸ ਦੀ ਤਰਫੋਂ ਸੁਣਵਾਈ ਵਿੱਚ ਫ ਰੈ ਟ ਰ ਨ ਲ ਆਰਡਰ ਆਫ਼ ਪੁਲਿਸ ਦੇ ਮੈਂਬਰ ਸ਼ਾਮਲ ਹੋਏ ਸਨ। ਇਸ ਮਾਮਲੇ ਦੇ ਦੋਸ਼ੀ 44 ਸਾਲਾ ਕੋਏ ਤਕਰੀਬਨ 19 ਸਾਲਾਂ ਤੋਂ ਵਿਭਾਗ ਵਿੱਚ ਕੰਮ ਕਰ ਰਿਹਾ ਹੈ ਅਤੇ ਉਨ੍ਹਾਂ ਦੋ ਅਧਿਕਾਰੀਆਂ ਵਿਚੋਂ ਇੱਕ ਸੀ, ਜਿਸਨੇ ਪਾਰਕ ਕੀਤੀ ਐਸ ਯੂ ਵੀ ਬਾਰੇ ਕਾਰਵਾਈ ਕੀਤੀ ਸੀ। ਕਾਲੇ ਮੂਲ ਦੇ ਵਿਅਕਤੀ ਆਂਦਰੇ ਹਿੱਲ ਦੀ ਮੌਤ ਦੇ ਮਾਮਲੇ ਵਿੱਚ , ਕੋਏ ਨੇ ਇੱਕ ਘਰ ਦੇ ਗੈਰਾਜ ਵਿੱਚ ਇਸ ਆਦਮੀ ਤੇ ਆਪਣੇ ਸਰਵਿਸ ਹਥਿਆਰ ਨਾਲ ਕਈ ਵਾਰ ਫਾਇਰ ਕੀਤੇ ਅਤੇ ਇਸ ਦੌਰਾਨ ਗੋਲੀ ਲੱਗਣ ਤੱਕ ਕੋਏ ਜਾਂ ਉਸਦੀ ਸਾਥੀ ਅਧਿਕਾਰੀ ਨੇ ਨਿਗਰਾਨੀ ਕੈਮਰੇ ਚਾਲੂ ਨਹੀਂ ਕੀਤੇ ਸਨ। ਪਰ ਕੈਮਰਿਆਂ ਦੀ "ਲੁੱਕ-ਬੈਕ" ਵਿਸ਼ੇਸ਼ਤਾ ਦੇ ਕਾਰਨ ਇਹਨਾਂ ਦੇ ਚਾਲੂ ਹੋਣ ਤੋਂ 60 ਸਕਿੰਟ ਪਹਿਲਾਂ ਦੀ ਵੀਡੀਓ ਖੁਦ ਰਿਕਾਰਡ&; ਹੋ ਗਈ ਸੀ। ਇਸ ਵੀਡੀਓ ਵਿੱਚ ਅਧਿਕਾਰੀ ਆਪਣੇ ਵਾਹਨ ਤੋਂ ਬਾਹਰ ਨਿਕਲ ਕੇ ਗੈਰਾਜ ਵੱਲ ਜਾ ਰਹੇ ਹਨ ਅਤੇ ਹਿੱਲ ਜਿਸਦੇ ਖੱਬੇ ਹੱਥ ਵਿੱਚ ਸੈੱਲਫੋਨ ਹੈ ਅਤੇ ਇਸ ਦੌਰਾਨ ਉਹ ਅਧਿਕਾਰੀਆਂ ਵੱਲ ਆਉਂਦਾ ਹੈ।

ਇਸ ਮੌਕੇ ਕੋਏ ਦੁਆਰਾ ਹਿੱਲ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ। ਇਸ ਸੰਬੰਧੀ ਪੈੱਟਸ ਦੇ ਫੈਸਲੇ ਤੱਕ ਕੋਏ ਨੂੰ ਡਿਊਟੀ ਤੋਂ ਮੁਕਤ ਕਰਨ ਦੇ ਨਾਲ, ਬੰਦੂਕ ਅਤੇ ਬੈਜ ਸਮੇਤ ਸਾਰੀਆਂ ਪੁਲਿਸ ਸ਼ਕਤੀਆਂ ਖੋਹ ਲਈਆਂ ਗਈਆਂ ਸਨ।

# ਅਮਰੀਕੀ ਸਦਨ ਨੇ ਪਾਈਆਂ ਕੋਰੋਨਾਂ ਰਾਹਤ ਪੈਕੇਜ ਦੀ ਰਾਸ਼ੀ ਨੂੰ 2,000 ਡਾਲਰ ਤੱਕ ਵਧਾਉਣ ਦੇ ਹੱਕ 'ਚ ਵੋਟਾਂ

**ਫਰਿਜ਼ਨੋ (ਕੈਲੀਫੋਰਨੀਆਂ), 29 ਦਸੰਬਰ 2020-** ਕੋਰੋਨਾਂ ਮਹਾਂਮਾਰੀ ਦੌਰਾਨ ਅਮਰੀਕਾ ਵਾਸੀਆਂ ਨੂੰ ਆਰਥਿਕ ਸਹਾਇਤਾ ਦੇਣ ਵਾਲਾ ਰਾਹਤ ਪੈਕੇਜ ਜੋ ਕਿ ਰਾਸ਼ਟਰਪਤੀ ਦੁਆਰਾ ਪਾਸ ਕੀਤਾ ਗਿਆ ਹੈ, ਪਰ ਨਾਲ ਹੀ ਟਰੰਪ ਵੱਲੋਂ ਉਸ ਵਿਚਲੀ ਸਿੱਧੀ ਸਹਾਇਤਾ ਰਾਸ਼ੀ ਨੂੰ 2000 ਡਾਲਰ ਤੱਕ ਵਧਾਉਣ ਸੰਬੰਧੀ ਸੰਸਦ ਮੈਂਬਰਾਂ ਨੂੰ ਅਪੀਲ ਕਰਨ ਤੋਂ ਬਾਅਦ ਸਯੁੰਕਤ ਰਾਜ ਦੇ ਪ੍ਰਤੀਨਿਧੀਆਂ ਨੇ ਸੋਮਵਾਰ ਨੂੰ ਇਸ ਬਿੱਲ ਦੀ ਰਕਮ ਨੂੰ 2,000 ਡਾਲਰ ਕਰਨ ਦੇ ਹੱਕ ਵਿੱਚ ਵੋਟ ਦਿੱਤੀ ਹੈ। ਇਹ ਬਿੱਲ ਕੋਰੋਨਾਂ ਵਾਇਰਸ ਰਾਹਤ ਪੈਕੇਜ ਵਿੱਚ ਸਿੱਧੀ ਅਦਾਇਗੀ ਨੂੰ 600 ਡਾਲਰ ਤੋਂ ਵਧਾਏਗਾ। ਇਹ ਵੋਟਿੰਗ ਟਰੰਪ ਦੁਆਰਾ ਰਾਹਤ ਅਤੇ ਸਰਕਾਰੀ ਖਰਚਿਆਂ ਦੇ ਬਿੱਲ ਤੇ ਦਸਤਖਤ ਕਰਨ ਦੇ ਇੱਕ ਦਿਨ ਬਾਅਦ ਹੋਈ ਹੈ। ਇਸ ਤੋਂ ਪਹਿਲਾਂ ਹਾਊਸ ਰਿਪਬਲਿਕਨਜ਼ ਨੇ ਡੈਮੋਕਰੇਟਸ ਵੱਲੋਂ ਇੱਕ ਸੰਖੇਪ ਸੈਸ਼ਨ ਦੌਰਾਨ ਸਰਬਸੰਮਤੀ ਨਾਲ ਪੇਸ਼ ਕੀਤੇ ਗਏ 2,000 ਡਾਲਰ ਦੇ ਚੈੱਕਾਂ ਸੰਬੰਧੀ ਬਿੱਲ ਦੇ ਪ੍ਰਸਤਾਵ ਨੂੰ 24 ਦਸੰਬਰ ਦੇ ਦਿਨ ਰੋਕ ਦਿੱਤਾ ਸੀ ਕਿਉਂਕਿ ਹਾਊਸ ਘੱਟ ਗਿਣਤੀ ਦੇ ਨੇਤਾ ਕੇਵਿਨ ਮੈਕਕਾਰਥੀ ਜੋ ਕਿ ਇੱਕ ਰਿਪਬਲਿਕਨ ਹਨ, ਨੇ ਇਸ ਨੂੰ ਮਨਜ਼ੂਰੀ ਨਹੀਂ ਦਿੱਤੀ ਸੀ। ਇਸਦੇ ਬਾਅਦ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਸੋਮਵਾਰ ਨੂੰ ਸਦਨ ਵਿੱਚ ਇਸ ਸੰਬੰਧੀ ਵਾਪਸ ਸੈਸ਼ਨ ਕਰਨ ਦੀ ਗੱਲ ਕਹੀ ਸੀ। ਇੱਕ ਰਿਪੋਰਟ ਅਨੁਸਾਰ, ਬਿਲ ਨੂੰ ਸਦਨ ਦੀ ਪਰਿਕ੍ਰਿਆ ਤਹਿਤ



ਪਾਸ ਕਰਨ ਲਈ ਦੋ ਤਿਹਾਈ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ, ਜਿਸ ਨਾਲ ਚੈਂਬਰ ਨੂੰ ਕਾਨੂੰਨਾਂ 'ਤੇ ਵਧੇਰੇ ਤੇਜ਼ੀ ਨਾਲ ਵੋਟ ਪਾਉਣ ਦੀ ਆਗਿਆ ਮਿਲਦੀ ਹੈ।

ਇਸ ਲਈ ਸਦਨ ਨੇ ਸੋਮਵਾਰ ਸ਼ਾਮ ਨੂੰ ਇਸ ਬਿੱਲ ਨੂੰ ਪਾਸ ਕਰਨ ਲਈ ਵੋਟ ਦਿੱਤੀ, ਜਿਸ ਵਿੱਚ 275 ਮੈਂਬਰਾਂ ਨੇ ਬਿੱਲ ਦੇ ਹੱਕ ਵਿੱਚ ਜਦਕਿ ਦੋ ਡੈਮੋਕਰੇਟਸ ਸਮੇਤ 134 ਮੈਂਬਰਾਂ ਨੇ ਇਸਦੇ ਵਿਰੁੱਧ ਵੋਟ ਪਾਈ। ਇਸ ਤੋਂ ਅਗਲੀ ਕਾਰਵਾਈ ਲਈ ਬਿੱਲ ਵਿਚਲੀ ਸਿੱਧੀ ਸਹਾਇਤਾ ਰਾਸ਼ੀ ਨੂੰ 2000 ਡਾਲਰ ਤੱਕ ਕਰਨ ਲਈ ਇਹ ਪ੍ਰਸਤਾਵ ਹੁਣ ਰਿਪਬਲਿਕਨ ਨਿਯੰਤਰਿਤ ਸੈਨੇਟ ਵੱਲ ਜਾਵੇਗਾ, ਜਿੱਥੇ ਇਸਦਾ ਭਵਿੱਖ ਅਸਪਸ਼ਟ ਹੈ, ਕਿਉਂਕਿ ਇਸ ਸੰਬੰਧੀ ਸ਼ੰਕਾ ਹੈ ਕਿ ਸੈਨੇਟ ਵਿੱਚ ਰਿਪਬਲਿਕਨ ਇਸ ਸੰਬੰਧੀ ਕੀ ਪ੍ਰਤੀਕਿਰਿਆ ਜਾਹਿਰ ਕਰਨਗੇ।

## ਨਵਾਂ ਸਾਲ 2021 ਦੀਆਂ ਲੱਖ ਲੱਖ ਵਧਾਈਆਂ


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਅਮਰੀਕਾ ਦੇ ਹਸਪਤਾਲਾਂ 'ਚ ਹੋਈ ਨਰਸਾਂ ਦੀ ਘਾਟ, ਅਸਥਾਈ ਟਰੈਵਲ ਨਰਸਾਂ ਦੀ ਮੰਗ ਵਿੱਚ ਹੋਇਆ ਭਾਰੀ ਵਾਧਾ

**ਫਰਿਜ਼ਨੋ (ਕੈਲੀਫੋਰਨੀਆਂ), 29 ਦਸੰਬਰ 2020-** ਅਮਰੀਕਾ ਵਿੱਚ ਕੋਰੋਨਾਂ ਵਾਇਰਸ ਦੀ ਲਾਗ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਣ ਕਾਰਨ ਦੇਸ਼ ਦੀ ਸਿਹਤ ਸੰਭਾਲ ਪ੍ਰਣਾਲੀ ਉੱਪਰ ਵੀ ਦਬਾਅ ਬਣ ਰਿਹਾ ਹੈ। ਹਸਪਤਾਲਾਂ ਵਿੱਚ ਜ਼ਿਆਦਾ ਮਰੀਜ਼ਾਂ ਦੇ ਭਰਤੀ ਹੋਣ ਕਾਰਨ ਸਿਹਤ ਸਹੂਲਤਾਂ ਦੇ ਨਾਲ ਹਸਪਤਾਲ ਸਟਾਫ ਦੀ ਵੀ ਭਾਰੀ ਘਾਟ ਪੈਦਾ ਹੋ ਰਹੀ ਹੈ, ਜਿਸ ਨਾਲ ਪੀੜਤਾਂ ਦੀ ਦੇਖਭਾਲ ਵਿੱਚ ਵੀ ਸਮੱਸਿਆ ਆ ਰਹੀ ਹੈ। ਦੇਸ਼ ਦੇ ਕਈ ਹਸਪਤਾਲਾਂ ਵਿੱਚੋਂ ਆਇਡਹੋ ਦੇ ਬੋਇਸ ਵਿਖੇ ਸੇਂਟ ਅਲਫਾਂਸਸ ਰੀਜਨਲ ਮੈਡੀਕਲ ਸੈਂਟਰ ਵਿੱਚ, ਲੱਗਭਗ 25% ਮਰੀਜ਼ ਕੋਵਿਡ-19 ਨਾਲ ਪੀੜਤ ਹਨ ਅਤੇ ਬਿਮਾਰ ਮਰੀਜ਼ਾਂ ਦੀ ਦੇਖਭਾਲ ਲਈ ਸਟਾਫ ਦੀ ਕਮੀ ਪੈ ਰਹੀ ਹੈ। ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਵਿੱਚ ਵਾਧੇ ਦੇ ਨਾਲ ਕਰਮਚਾਰੀ ਵੀ ਵਾਇਰਸ ਦਾ ਸ਼ਿਕਾਰ ਹੋ ਰਹੇ ਹਨ। ਨਿਊਜਰਸੀ ਦੇ, ਤਿੰਨ ਹਸਪਤਾਲਾਂ ਵਿੱਚ 170 ਤੋਂ ਵੱਧ ਕਰਮ-



ਚਾਰੀ ਵਾਇਰਸ ਤੋਂ ਪ੍ਰਭਾਵਿਤ ਹੋਏ ਹਨ ਅਤੇ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਕਾਰਨ ਦੇਸ਼ ਦੇ ਕਈ ਹਸਪਤਾਲਾਂ ਵਿੱਚ ਸਟਾਫ ਦੀ ਘਾਟ ਹੋ ਰਹੀ ਹੈ। ਇਸ ਸਥਿਤੀ ਕਾਰਨ ਬਹੁਤ ਸਾਰੇ ਰਾਜ ਸਟਾਫ ਦੀ ਘਾਟ ਨੂੰ ਪੂਰਾ ਕਰਨ ਲਈ ਅਸਥਾਈ ਤੌਰ ਤੇ ਟਰੈਵਲ ਨਰਸਾਂ ਦੀ ਭਰਤੀ ਵੱਲ ਮੁੜ ਰਹੇ ਹਨ। ਕੈਲੀਫੋਰਨੀਆਂ ਸੂਬੇ ਵਿੱਚ, ਰਾਜਪਾਲ ਗੈਵਿਨ ਨਿਊਸਮ ਨੇ ਵੀ ਰਾਜ ਦੇ ਹਸਪਤਾਲਾਂ ਵਿੱਚ ਦਾਖਲੇ ਦੀਆਂ ਦਰਾਂ ਵਧਾਉਣ ਵਿੱਚ ਸਹਾਇਤਾ ਲੈਣ ਲਈ ਤਕਰੀਬਨ 3,000 ਅਸਥਾਈ ਸਮਝੌਤੇ ਵਾਲੇ ਮੈਡੀਕਲ ਕਰਮਚਾਰੀਆਂ ਦੀ ਨਿਯੁਕਤੀ ਕਰਨ ਦੀ ਜਰੂਰਤ ਬਾਰੇ ਵਿਚਾਰ ਕੀਤਾ ਹੈ। ਟਰੈਵਲ ਨਰਸਾਂ ਦੀ ਭਰਤੀ ਕਰਨ ਵਾਲੀ ਇੱਕ ਏਜੰਸੀ ਅਨੁਸਾਰ ਇਸ ਵੇਲੇ ਇਹਨਾਂ ਨਰਸਾਂ ਦੀ ਮੰਗ ਉੱਚ ਪੱਧਰ 'ਤੇ ਹੈ ਅਤੇ ਇਸ ਹਫਤੇ ਤੱਕ, ਸਾਰੇ 50 ਰਾਜਾਂ ਵਿੱਚ ਟਰੈਵਲ ਨਰਸਾਂ ਲਈ 29,200 ਤੋਂ ਵੱਧ ਨੌਕਰੀਆਂ ਲਈ ਬੇਨਤੀਆਂ ਹਨ। ਜ਼ਿਆਦਾਤਰ ਟਰੈਵਲ ਨਰਸ ਏਜੰਸੀਆਂ, ਨਰਸਾਂ ਨੂੰ ਉਸ ਸਥਾਨ ਦੇ ਅਧਾਰ ਤੇ ਭੁਗਤਾਨ ਕਰਦੀਆਂ ਹਨ, ਜਿੱਥੇ ਉਹ ਕੰਮ ਕਰਦੀਆਂ ਹਨ। ਪਰ ਕਈ ਟਰੈਵਲ ਨਰਸਾਂ ਜ਼ਿਆਦਾ ਤਨਖਾਹ ਵਧਾਉਣ ਲਈ ਹੋਰ ਰਾਜਾਂ ਜਾਂ ਖੇਤਰਾਂ ਵਿੱਚ ਵੀ ਸੇਵਾਵਾਂ ਦੇ ਸਕਦੀਆਂ ਹਨ।

# ਦੱਖਣੀ ਕੋਰੀਆ ਵਿੱਚ ਅਮਰੀਕੀ ਸੈਨਿਕ ਕਰਮਚਾਰੀਆਂ ਦਾ ਕੋਰੋਨਾਂ ਵਾਇਰਸ ਟੀਕਾਕਰਨ ਹੋਇਆ ਸ਼ੁਰੂ

**ਫਰਿਜ਼ਨੋ (ਕੈਲੀਫੋਰਨੀਆਂ), 29 ਦਸੰਬਰ 2020-** ਸੰਯੁਕਤ ਰਾਜ ਦੀ ਸੈਨਾ ਨੇ ਮੰਗਲਵਾਰ ਨੂੰ ਦੱਖਣੀ ਕੋਰੀਆ ਵਿੱਚ ਤਾਇਨਾਤ ਸੈਨਿਕ ਕਰਮਚਾਰੀਆਂ ਲਈ ਕੋਰੋਨਾਂ ਵਾਇਰਸ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਕਿਉਂਕਿ ਦੱਖਣੀ ਕੋਰੀਆ ਵਿੱਚ ਵਾਇਰਸ ਦੀ ਲਾਗ ਕਾਰਨ ਹੋਣ ਵਾਲੀਆਂ ਮੌਤਾਂ "ਚ ਵਾਧਾ ਦਰਜ਼ ਕੀਤਾ ਗਿਆ ਹੈ। ਸੈਨਾ ਦੇ ਇੱਕ ਬਿਆਨ ਅਨੁਸਾਰ ਯੂ ਐਸ ਫੋਰਸਿਜ਼ ਕੋਰੀਆ (ਯੂ ਐਸ ਐਫ ਕੇ) ਨੇ ਦੇਸ਼ ਵਿਚ ਡਾਕਟਰੀ ਇਲਾਜ ਦੀਆਂ ਸਹੂਲਤਾਂ ਵਿੱਚ ਫੌਜੀ, ਨਾਗਰਿਕ ਸਿਹਤ ਸੰਭਾਲ ਕਰਮਚਾਰੀਆਂ, ਫਸਟ ਰਿਸਪੌਂਡਰਜ ਅਤੇ ਕਮਾਂਡ ਸਟਾਫ ਲਈ ਮੋਡਰਨਾ ਕੋਰੋਨਾਂ ਵਾਇਰਸ ਟੀਕੇ ਦੀ ਸ਼ੁਰੂਆਤੀ ਖੁਰਾਕ ਦਿੱਤੀ ਹੈ। ਅਮਰੀਕਾ ਦੇ ਦੱਖਣੀ ਕੋਰੀਆ ਵਿੱਚ ਲੱਗਭਗ 28,500 ਸੈਨਿਕ ਤਾਇਨਾਤ ਹਨ ਤਾਂ ਜੋ ਉੱਤਰ-ਪੂਰਬੀ ਏਸ਼ੀਆ ਵਿੱਚ ਸੰਯੁਕਤ ਰਾਜ ਦੇ ਹਿਤਾਂ ਦੀ ਰੱਖਿਆ ਲਈ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ। ਇਸ ਟੀਕਾਕਰਨ ਦੌਰਾਨ ਕੋਰੋਨਾਂ ਟੀਕਾ ਲਗਾਉਣ ਵਾਲਿਆਂ ਵਿੱਚ ਯੂ ਐਸ ਐਫ ਕੇ ਦੇ ਕਮਾਂਡਰ ਰੌਬਰਟ ਅਬਰਾਮਸ ਵੀ ਸਨ।



ਦੱਖਣੀ ਕੋਰੀਆ ਮੋਡਰਨਾ ਟੀਕਾ ਪ੍ਰਾਪਤ ਕਰਨ ਲਈ ਚਾਰ ਦੇਸ਼ਾਂ ਵਿੱਚੋਂ ਇਕ ਹੈ, ਜਿਸ ਨੇ 18 ਦਸੰਬਰ ਨੂੰ ਸੰਯੁਕਤ ਰਾਜ ਦੇ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ ਡੀ ਏ) ਤੋਂ ਇਸਦੀ ਐਮਰਜੈਂਸੀ ਵਰਤੋਂ ਦਾ ਅਧਿਕਾਰ ਪ੍ਰਾਪਤ ਕੀਤਾ ਹੈ।

ਵਾਇਰਸ ਦੀ ਨਵੀਂ ਲਹਿਰ ਨੇ ਇਸ ਏਸ਼ੀਆਈ ਦੇਸ਼ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ, ਜਿਸ ਕਰਕੇ ਦੇਸ਼ ਵਿੱਚ ਮੰਗਲਵਾਰ ਨੂੰ 1,046 ਵਾਇਰਸ ਦੇ ਨਵੇਂ ਮਾਮਲੇ ਅਤੇ 40 ਮੌਤਾਂ ਹੋਈਆਂ ਹਨ ।

ਦੇਸ਼ ਦੇ ਰਾਸ਼ਟਰਪਤੀ ਦੇ ਦਫਤਰ ਅਨੁਸਾਰ ਕੋਰੋਨਾਂ ਵਾਇਰਸ ਦੇ ਟੀਕਾਕਰਨ ਲਈ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮੂਨ ਜੈ-ਇਨ ਅਤੇ ਮੋਡਰਨਾ ਦੇ ਸੀ ਈ ਓ ਸਟੀਫਨ ਬੈਨਸਲ ਨੇ ਸੋਮਵਾਰ ਦੇਰ ਰਾਤ ਇੱਕ ਵੀਡੀਓ ਕਾਲ ਕੀਤੀ ਅਤੇ ਕੰਪਨੀ ਨੇ 2021 ਦੀ ਦੂਜੀ ਤਿਮਾਹੀ ਵਿੱਚ ਦੱਖਣੀ ਕੋਰੀਆ ਨੂੰ 20 ਮਿਲੀਅਨ ਟੀਕੇ ਦੀਆਂ ਖੁਰਾਕਾਂ ਦੀ ਸਪਲਾਈ ਦੇਣ ਲਈ ਸਹਿਮਤੀ ਪ੍ਰਗਟ ਕੀਤੀ ਹੈ। ਜੇਕਰ ਇਸ ਸਮਝੌਤੇ 'ਤੇ ਹਸਤਾਖਰ ਹੁੰਦੇ ਹਨ, ਤਾਂ ਦੱਖਣੀ ਕੋਰੀਆ 'ਚ ਇਸਦੀ ਕੁੱਲ ਆਬਾਦੀ ਨਾਲੋਂ ਵਧੇਰੇ ਟੀਕੇ ਹੋਣਗੇ। ਇਸਦੇ ਇਲਾਵਾ ਦੱਖਣੀ ਕੋਰੀਆ ਫਰਵਰੀ ਵਿੱਚ ਆਪਣਾ ਘਰੇਲੂ ਟੀਕਾਕਰਨ ਪ੍ਰੋਗਰਾਮ ਸ਼ੁਰੂ ਕਰਨ ਦੀ ਯੋਜਨਾ ਵੀ ਬਣਾ ਰਿਹਾ ਹੈ।

## ਨਵਾਂ ਸਾਲ 2021 ਦੀਆਂ ਲੱਖ ਲੱਖ ਵਧਾਈਆਂ






# ਬ੍ਰਿਟੇਨ ਤੋਂ ਆਉਣ ਵਾਲੀਆਂ ਫਲਾਈਟਾਂ 'ਤੇ 7 ਜਨਵਰੀ ਤਕ ਵਧਾਈ ਰੋਕ

**ਨਵੀਂ ਦਿੱਲੀ-** ਭਾਰਤ ਨੇ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਨੂੰ ਫੈਲਣ ਤੋਂ ਰੋਕਣ ਲਈ ਬ੍ਰਿਟੇਨ ਤੋਂ ਆਉਣ-ਜਾਣ ਵਾਲੀਆਂ ਫਲਾਈਟਾਂ 'ਤੇ 7 ਜਨਵਰੀ ਤਕ ਰੋਕ ਲਗਾ ਦਿੱਤੀ ਹੈ। ਸਿਵਲ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਗੌਰਤਲਬ ਹੈ ਕਿ ਹਵਾਬਾਜ਼ੀ ਮੰਤਰਾਲੇ ਨੇ ਪਿਛਲੇ ਹਫ਼ਤੇ ਭਾਰਤ ਤੇ ਬ੍ਰਿਟੇਨ ਵਿਚਕਾਰ 23 ਤੋਂ 31 ਦਸੰਬਰ ਤਕ ਫਲਾਈਟਾਂ 'ਤੇ ਰੋਕ ਲਾ ਦਿੱਤੀ ਸੀ, ਜਿਸ ਤੋਂ ਬਾਅਦ ਹੁਣ ਇਸ ਨੂੰ 7 ਜਨਵਰੀ 2021 ਤਕ ਵਧਾ ਦਿੱਤਾ ਗਿਆ ਹੈ।



**ਭਾਰਤ 'ਚ ਕੋਰੋਨਾ ਦੇ ਨਵੇਂ ਸਟ੍ਰੇਨ ਦੀ ਦਸਤਕ**

ਭਾਰਤ 'ਚ ਬ੍ਰਿਟੇਨ ਤੋਂ ਆਏ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਦੇ ਹੁਣ ਤਕ 20 ਮਾਮਲੇ ਸਾਹਮਣੇ ਆ ਚੁੱਕੇ ਹਨ। ਮੰਗਲਵਾਰ ਨੂੰ ਬ੍ਰਿਟੇਨ 'ਚ ਮਿਲੇ ਕੋਰੋਨਾ ਵਾਇਰਸ ਦੇ ਜ਼ਿਆਦਾ ਖ਼ਤਰਨਾਕ ਰੂਪ ਨੇ ਭਾਰਤ 'ਚ ਵੀ ਦਸਤਕ ਦਿੱਤੀ ਸੀ। ਸਰਕਾਰ ਨੇ ਮੰਗਲਵਾਰ ਨੂੰ ਦੱਸਿਆ ਸੀ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਬ੍ਰਿਟੇਨ ਤੋਂ ਆਏ ਛੇ ਲੋਕ ਕੋਰੋਨਾ ਵਾਇਰਸ ਦੇ ਨਵੇਂ ਰੂਪ ਤੋਂ ਸੰਕ੍ਰਮਿਤ ਪਾਏ ਗਏ ਹਨ। ਇਸ ਤੋਂ ਬਾਅਦ ਹੁਣ ਤਕ ਕੁੱਲ 20 ਲੋਕਾਂ 'ਚ ਕੋਰੋਨਾ ਦੀ ਨਵੀਂ ਸਟ੍ਰੇਨ ਪਾਈ ਜਾ ਚੁੱਕੀ ਹੈ।

**ਸਰਕਾਰ ਨੇ ਦਿੱਤੇ ਸਨ ਸੰਕੇਤ**

ਇਸ ਤੋਂ ਪਹਿਲਾਂ ਸਿਵਲ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਕੋਰੋਨਾ ਦੇ ਨਵੇਂ ਸਟ੍ਰੇਨ ਦੇ ਪ੍ਰਸਾਰ ਦੀ ਰੋਕਥਾਮ ਲਈ ਬ੍ਰਿਟੇਨ ਤੋਂ ਆਉਣ-ਜਾਣ ਵਾਲੀਆਂ ਉਡਾਣਾਂ 'ਤੇ ਰੋਕ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਪੁਰੀ ਨੇ ਮੰਗਲਵਾਰ ਨੂੰ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਸੀ ਕਿ ਭਾਰਤ-ਬ੍ਰਿਟੇਨ ਵਿਚਕਾਰ ਹਵਾਈ ਸੇਵਾਵਾਂ 'ਤੇ ਕੁਝ ਹੋਰ ਦਿਨ ਰੋਕ ਵਧਣ ਦੇ ਆਸਾਰ ਹਨ। ਇਸ ਤੋਂ ਪਹਿਲਾਂ ਸਿਹਤ ਮੰਤਰਾਲੇ ਨੇ ਕਿਹਾ ਸੀ ਕਿ ਬ੍ਰਿਟੇਨ ਤੋਂ ਭਾਰਤ ਆਏ 6 ਲੋਕ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਤੋਂ ਪੀੜਤ ਪਾਏ ਗਏ ਹਨ। ਕੋਰੋਨਾ ਵਾਇਰਸ ਦੇ ਇਸ ਨਵੇਂ ਬ੍ਰਿਟਿਸ਼ ਸਟ੍ਰੇਨ ਤੋਂ ਸੰਕ੍ਰਮਿਤ ਹੋਣ ਦੇ ਮਾਮਲੇ ਡੈਨਮਾਰਕ, ਨੀਦਰਲੈਂਡ, ਆਸਟ੍ਰੇਲੀਆ, ਇਟਲੀ, ਸਵੀਡਨ ਤੇ ਹੋਰ ਕਈ ਦੇਸ਼ਾਂ 'ਚ ਰਿਪੋਰਟ ਹੋ ਚੁੱਕੇ ਹਨ।

# ਸਿਆਟਲ ਵਿਚ ਕ੍ਰਿਸਮਿਸ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਸਿਆਟਲ ਵਿਚ ਵੱਖ-ਵੱਖ ਧਰਮਾਂ, ਨਸਲਾਂ ਤੇ ਜਾਤਾਂ ਨੇ ਆਪਣੇ ਆਪਣੇ ਰੀਤੀ ਰਿਵਾਜ਼ਾਂ ਅਨੁਸਾਰ ਵੱਖ-ਵੱਖ ਤਰ੍ਹਾਂ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਗਿਆ। ਅਮਰੀਕਨ ਲੋਕਾਂ ਚਰਚਾਂ 'ਚ ਨਤਮਸਤਕ ਹੋ ਕੇ ਪੂਜਾ ਪਾਠ ਕੀਤਾ। ਪੰਜਾਬੀ ਭਾਈਚਾਰੇ ਦੇ ਅਮਰੀਕਨ ਬੱਚਿਆਂ ਨੇ ਆਪਣੇ ਆਪਣੇ ਘਰਾਂ 'ਚ ਇਕੱਠੇ ਹੋ ਕੇ ਕ੍ਰਿਸਮਿਸ ਦੀਆਂ ਵਧਾਈਆਂ ਦਿੱਤੀਆਂ ਅਤੇ ਇਕ-ਦੂਸਰਿਆਂ ਨੂੰ ਤੋਹਫੇ ਦੇ ਕੇ ਸੈਸਨ ਵਿਹਾਰ ਕੀਤੇ। ਤਾਲਾਬੰਦੀ ਕਰਕੇ ਰੈਸਟੋਰੈਂਟ, ਠੇਕੇ ਤੇ ਸਟੋਰ ਬੰਦ ਰਹੇ। ਅਮਰੀਕਨ ਬੱਚਿਆਂ ਨੇ ਪਰਿਵਾਰਾਂ ਨੇ ਘਰਾਂ 'ਚ ਰਹਿ ਕੇ ਕ੍ਰਿਸਮਿਸ ਦਾ ਤਿਉਹਾਰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਸਾਲ ਦਾ ਆਖਰੀ ਕਵੀ ਦਰਬਾਰ ਕਰਵਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** 2020 ਸਾਲ ਦਾ ਆਖਰੀ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਕਵੀ ਦਰਬਾਰ ਜ਼ੰਮੂ ਰਾਹੀਂ ਆਯੋਜਿਤ ਕੀਤਾ ਗਿਆ, ਜਿਸ ਵਿਚ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦਾ ਸ਼ਹੀਦੀ ਸਮਾਗਮ ਨੂੰ ਸਮਰਪਿਤ ਅਤੇ ਦਿੱਲੀ ਕਿਸਾਨ ਅੰਦੋਲਨ ਸਬੰਧੀ ਸਿਆਟਲ ਦੇ ਲਿਖਾਰੀਆਂ ਨੇ ਆਪਣੀਆਂ ਕਵਿਤਾਵਾਂ ਤੇ ਰਚਨਾਵਾਂ ਰਾਹੀਂ ਹਾਜ਼ਰੀ ਲਗਵਾਈ। ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਉਪ ਪ੍ਰਧਾਨ ਹਰਪਾਲ ਸਿੰਘ ਸਿੱਧੂ ਨੇ ਹਾਜ਼ਰ ਲਿਖਾਰੀਆਂ ਦਾ ਸਵਾਗਤ ਕੀਤਾ ਅਤੇ ਸੁਚੱਜੇ ਢੰਗ ਨਾਲ ਸਟੇਜ ਦਾ ਸੰਚਾਲਨ ਕੀਤਾ।




ਸਾਬਕਾ ਪ੍ਰਧਾਨ ਹਰਦਿਆਲ ਸਿੰਘ ਚੀਮਾ, ਪ੍ਰਧਾਨ ਡਾ. ਜੇ. ਬੀ. ਸਿੰਘ, ਡਾ. ਜਸਬੀਰ ਕੌਰ, ਸ਼ਿੰਗਾਰਾ ਸਿੰਘ ਸਿੱਧੂ, ਅਵਤਾਰ ਸਿੰਘ ਆਦਮਪੁਰੀ, ਇੰਦਜੀਤ ਸਿੰਘ ਬਲੋਵਾਲੀਆ, ਗੁਰਬਚਨ ਸਿੰਘ ਧਾਲੀਵਾਲ ਆਦਿ ਨੇ ਆਪਣੀਆਂ ਕਵਿਤਾਵਾਂ ਤੇ ਰਚਨਾਵਾਂ ਸੁਣਾ ਕੇ ਮਹਿਫਲ ਨੂੰ ਸਜਾ ਦਿੱਤਾ। ਇਸ ਮੌਕੇ ਸਾਹਿਬਜ਼ਾਦਿਆਂ ਦੀ ਕੁਰਬਾਨੀਆਂ ਦਾ ਕਵਿਤਾਵਾਂ ਰਾਹੀਂ ਪੇਸ਼ ਕਰਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਦਿੱਲੀ ਚੱਲ ਰਹੇ ਕਿਸਾਨ ਅੰਦੋਲਨ ਦਾ ਸਮਰਥਨ ਕਰਦਿਆਂ ਸਮੂਹ ਲਿਖਾਰੀਆਂ ਨੇ ਚਰਚਾ ਕੀਤੀ ਅਤੇ ਭਾਰਤ ਸਰਕਾਰ ਨੂੰ ਕਿਸਾਨ ਵਿਰੋਧੀ ਤਿੰਨੇ ਬਿਲ ਰੱਦ ਕਰਨ ਦੀ ਅਪੀਲ ਕੀਤੀ।


## Name Changed

I, Dilawar Singh Rai s/o Gian Singh
Resident of: 3765 W Mckinley Ave.
Fresno, CA-93722
Now I have changed my name
From: **Dilawar Rai**
To: **Dilawar Singh Rai**
All concerned kindly note it.

------------------

I, Ranjeet Singh s/o Gurdev Singh
Resident of: 234 Maypole Rd.
Upper Darby, PA 19082
Now I have changed my name
From: **Ranjit Singh**
To: **Ranjeet Singh**
All concerned kindly note it.

---------------

I, Gurpreet Singh Ghotra s/o Jamer Singh
Resident of: 1176 Bacchus Dr.
San Jose, CA-95122
Now I have changed my name
From: **Gurpreet Singh**
To: **Gurpreet Singh Ghotra**
All concerned kindly note it.

--------------------

I, Virender Singh Dhillon
s/o Parmjeet Singh
Resident of:
3469 W. Benjamin Holt Dr., Apt 498
Stockton, CA-95219, USA
Now I have changed my name
From: **Virender Singh Dhillon**
To: **Virender Singh**
All concerned kindly note it.


# ਕਿਸਾਨ ਮਜ਼ਦੂਰ ਏਕਤਾ

ਕੰਨ ਖੋਲ੍ਹ ਕੇ ਸੁਣ ਸਰਕਾਰੇ, ਤੈਨੂੰ ਹੀ ਪੰਗੇ ਹੈ ਪੈਣੇ
ਠੰਡ 'ਚ ਬੈਠੇ ਹਾਂ ਸੜਕਾਂ ਤੇ, ਅਸੀਂ ਗਿਣ-ਗਿਣ ਬਦਲੇ ਲੈਣੇ।

ਕਈ ਮਹੀਨੇ ਦਾ ਰੌਲਾ ਪੈਂਦਾ, ਲੋਕਾਂ ਦੇ ਖੋਹ ਲਏ ਹੱਕ
ਗੱਲ ਸੁਣੀ ਨਾ ਜਾਂਦੀ ਕੋਈ, ਘੜੇ ਤੋਂ ਕੌਲਾ ਦੇਣਾ ਚੱਕ
ਹਾਕਮ ਹੁਕਮ ਚਲਾਉਂਦੇ ਪੁੱਠੇ, ਕਿਸੇ ਨੇ ਵੀ ਨਹੀਂ ਸਹਿਣੇ
ਠੰਡ 'ਚ ਬੈਠੇ ਹਾਂ ਸੜਕਾਂ ਤੇ, ਅਸੀਂ ਗਿਣ-ਗਿਣ ਬਦਲੇ ਲੈਣੇ।

ਧਰਨਾ ਵੱਡਾ ਹੋਈ ਜਾਂਦਾ, ਤਾਪ ਚੜ੍ਹ ਗਿਆ ਸਰਕਾਰ ਨੂੰ
ਰੱਬ ਵੀ ਹੱਸਦਾ ਹੋਵੇਗਾ ਜੀ, ਦੇਖ ਲੋਕਾਂ ਦੇ ਪਿਆਰ ਨੂੰ
ਪੂਰੇ ਦੇਸ਼ ਦੀ ਜਨਤਾ ਆਈ, ਮੰਨ ਗਏ ਜੀ ਕੀ ਕਹਿਣੇ
ਕੰਨ ਖੋਹਲ ਕੇ ਸੁਣ ਸਰਕਾਰੇ, ਤੈਨੂੰ ਹੋਰ ਪੰਗੇ ਹੈ ਪੈਣੇ।

ਕਿਸਾਨ ਮਜ਼ਦੂਰ ਏਕਤਾ ਨੇ ਤਾਂ, ਰੰਗ ਹੀ ਬੰਨ੍ਹਤੇ ਰੰਗ ਮਿੱਤਰੋ
ਸਰਬ ਸੰਤੋਖ ਰੱਖਣਾ ਹੈ ਜੀ, ਸਾਰਿਆਂ ਦੀ ਇਹ ਮੰਗ ਮਿੱਤਰੋ
ਬੱਖੀ ਤੋਂ ਇਹ ਬੋਲਦੇ ਜਿਹੜੇ, ਸੰਸਦ ਵਿਚ ਨਹੀਂ ਰਹਿਣੇ
ਠੰਡ ਵਿਚ ਬੈਠੇ ਸੜਕਾਂ ਉਤੇ, ਅਸੀਂ ਗਿਣ ਗਿਣ ਬਦਲੇ ਲੈਣੇ।

ਅੰਨਦਾਤਾ ਹੁਣ ਪੜ੍ਹਿਆ-ਲਿਖਿਆ, ਕਾਲੇ ਕਾਨੂੰਨ ਸਮਝਦਾ ਇਹ ਸਾਰੇ
ਮਾੜੀਆਂ ਨੀਤੀਆਂ ਖਾਤਰ ਹੀ, ਸਰਕਾਰ ਲਾਉਂਦੀ ਹੈ ਨਿੱਤ ਲਾਰੇ
ਭੀੜ ਹੋ ਗਈ ਦੇਖੀ ਜਾਊ, ਇਕ ਦਮ ਮੰਤਰੀ ਢਹਿਣੇ
ਗਿਣ ਗਿਣ ਬਦਲੇ ਲੈਣੇ, ਅਸੀਂ ਗਿਣ-ਗਿਣ ਬਦਲੇ ਲੈਣੇ।

ਕਈ ਮਹਿਕਮੇ ਵੇਚ ਹੀ ਦਿੱਤੇ, ਰਲ ਗਈ ਕੁੱਤੀ ਚੋਰਾਂ ਨਾਲ
ਜਾਗ ਪਿਆ ਹੈ ਦੇਸ਼ ਸਾਰਾ, ਕਿਸਾਨਾਂ ਨੇ ਤਾਂ ਕਰਤੀ ਕਮਾਲ
'ਬਾਹੀਆ' ਵੀ ਸੁੱਖ ਸੁੱਖਦਾ, ਘਰ ਘਰ ਵੱਜਣ ਢੋਲਕੀ ਛੈਣੇ
ਕੰਨ ਖੋਲ੍ਹ ਕੇ ਸੁਣ ਸਰਕਾਰੇ, ਤੈਨੂੰ ਹੋਰ ਪੰਗੇ ਹੈ ਪੈਣੇ
ਠੰਡ 'ਚ ਮਰ ਗਏ ਸੜਕ ਤੇ, ਅਸੀਂ ਗਿਣ ਗਿਣ ਬਦਲੇ ਲੈਣੇ।

**- ਅਜੀਤ ਸਿੰਘ ਬਾਹੀਆ**

510-314-2859

# ਨਵਿਆਂ ਵਰ੍ਹਿਆ

ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।
ਗੁਰੂਆਂ, ਪੀਰਾਂ ਦੀ ਬਖਸ਼ਿਸ਼ ਨਾਲ, ਹੱਸਦੇ ਵੱਸਦੇ ਰਹੀਏ।

ਬੀਤੇ ਸਮੇਂ ਦੀਆਂ ਕੌੜੀਆਂ ਛੱਡਕੇ, ਚੰਗੀਆਂ ਪੱਲੇ ਬੰਨੀ।
ਜਾਤਪਾਤ ਤੇ ਮਜ਼੍ਹਬ ਦਾ ਭਾਂਡਾ, ਵਿੱਚ ਚੁਰੱਸਤੇ ਭੰਨੀ।
ਇਕ ਮਾਲਾ ਦੇ ਮਣਕੇ ਬਣਕੇ, ਨਾਮ ਪ੍ਰਭੂ ਦਾ ਲਈਏ।
ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।

ਮਿਹਨਤ ਕਰਕੇ ਹਰ ਕਦਮ ਹੀ, ਅੱਗੇ ਵਧਦੇ ਜਾਈਏ।
ਵਿਦਿਆ ਰਾਹੀਂ ਹਰ ਖੇਤਰ ਵਿੱਚ, ਉੱਚ ਮੁਰਾਤਬੇ ਪਾਈਏ।
ਜ਼ਾਲਮਾਂ ਨੂੰ ਨੱਥ ਪਾ ਕੇ ਆਪਾਂ, ਨਾ ਹੀ ਜ਼ੁਲਮ ਨੂੰ ਸਹੀਏ ।
ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।

ਅਬਲਾ ਨਾ ਕਿਤੇ ਦਿਸੇ ਡੁਸਕਦੀ, ਜਣਨੀ ਇੱਜ਼ਤ ਪਾਵੇ।
ਧਨ ਦਾ ਬੋਲਬਾਲਾ ਬੰਦ ਹੋਵੇ, ਨਾ ਕੂੜ ਸਿਆਸਤ ਛਾਵੇ।
ਬਣ ਗਲੋਬਲ ਪਿੰਡ ਵਾਸੀ ਦੇ, ਸਾਹ ਸਾਂਝੇ ਫਿਰ ਲਈਏ।
ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।

'ਮੇਜਰ ਜੱਸੀ' ਦਾ ਵਰ੍ਹਿਆ ਤੈਨੂੰ, ਆਖਿਰ ਵਿੱਚ ਇਹ ਕਹਿਣਾ।
ਵਾਦ ਵਿਵਾਦੋਂ ਉੱਚਾ ਉੱਠਕੇ, ਪਹਿਣ ਮਨੁੱਖਤਾ ਗਹਿਣਾ।
ਦੁੱਖ ਤਕਲੀਫ਼ ਦੂਰ ਕਰੀਂ, ਅਸੀਂ ਸੁੱਖ ਦੇ ਰਸਤੇ ਪਈਏ।
ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।



**ਸੰਤੋਖ ਜੱਸੀ (ਸਰਪੰਚ)**
**91-98766-58364**

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਟਰੰਪ ਨੇ ਅਖੀਰ ਕੋਰੋਨਾ ਵਾਇਰਸ ਆਰਥਿਕ ਰਾਹਤ ਪੈਕੇਜ 'ਤੇ ਦਸਤਖਤ ਕਰਕੇ ਦਿੱਤੀ ਹਰੀ ਝੰਡੀ

**ਫਰਿਜ਼ਨੋ (ਕੈਲੀਫੋਰਨੀਆਂ), 28 ਦਸੰਬਰ 2020-** ਅਮਰੀਕਾ ਵਾਸੀਆਂ ਨੂੰ ਕੋਰੋਨਾਂ ਵਾਇਰਸ ਮਹਾਂਮਾਰੀ ਦੌਰਾਨ ਹੋਏ ਆਰਥਿਕ ਸੰਕਟ ਤੋਂ ਰਾਹਤ ਦਵਾਉਣ ਲਈ, ਲੰਮੇ ਸਮੇਂ ਤੋਂ ਲਮਕ ਰਹੇ ਕੋਰੋਨਾਂ ਰਾਹਤ ਪੈਕੇਜ ਨੂੰ ਰਾਸ਼ਟਰਪਤੀ ਟਰੰਪ ਨੇ ਅਖੀਰ ਕਾਫੀ ਟਾਲ ਮਟੋਲ ਤੋਂ ਬਾਅਦ ਦਸਤਖਤ ਕਰਕੇ ਹਰੀ ਝੰਡੀ ਦੇ ਦਿੱਤੀ ਹੈ। ਵ੍ਹਾਈਟ ਹਾਊਸ ਨੇ ਐਤਵਾਰ ਰਾਤ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਸ਼ਟਰਪਤੀ ਟਰੰਪ ਨੇ ਕੋਰੋਨਾਂ ਵਾਇਰਸ ਆਰਥਿਕ ਸਹਾਇਤਾ ਦੇ 900 ਬਿਲੀਅਨ ਡਾਲਰ ਅਤੇ ਸਰਕਾਰੀ ਖਰਚਿਆਂ ਲਈ 1.4 ਟ੍ਰਿਲੀਅਨ ਡਾਲਰ ਦੇ ਕਾਨੂੰਨਾਂ ਤੇ ਦਸਤਖਤ ਕਰਕੇ, ਲੱਖਾਂ ਅਮਰੀਕੀਆਂ ਲਈ ਸਹਾਇਤਾ ਪ੍ਰਦਾਨ ਕਰਨ ਦੇ ਰਾਹ ਨੂੰ ਪੱਧਰਾ ਕੀਤਾ ਹੈ। ਟਰੰਪ ਦੁਆਰਾ ਜਾਰੀ ਇੱਕ ਬਿਆਨ ਅਨੁਸਾਰ ਇਸ ਬਿੱਲ ਨੂੰ ਪਾਸ ਕਰਨ ਦੇ ਉਦੇਸ਼ ਵਿੱਚ ਬੇਰੁਜ਼ਗਾਰੀ ਦੇ ਲਾਭ ਬਹਾਲ ਕਰਨਾਂ, ਬੇਦਖਲੀ ਰੋਕਣ, ਪੀ ਪੀ ਪੀ ਲਈ ਪੈਸਾ ਜੋੜਨ, ਏਅਰ ਲਾਈਨ



ਵਰਕਰਾਂ ਨੂੰ ਕੰਮ ਤੇ ਵਾਪਸ ਭੇਜਣਾ, ਟੀਕੇ ਦੀ ਵੰਡ ਲਈ ਜਿਆਦਾ ਪੈਸੇ ਇਕੱਠੇ ਕਰਨਾ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਇਸਦੇ ਇਲਾਵਾ ਟਰੰਪ ਅਨੁਸਾਰ ਉਹ ਬਿੱਲ ਦਾ ਇੱਕ ਰੇਡਲਾਈਨਡ" ਰੂਪ ਵਾਪਸ ਭੇਜ ਰਹੇ ਹਨ ਅਤੇ ਇਸਦੇ ਨਾਲ ਹੀ ਸਦਨ ਸੋਮਵਾਰ ਨੂੰ ਬਾਲਗਾਂ ਨੂੰ 2,000 ਡਾਲਰ ਦੇ ਰਾਹਤ ਚੈਕ ਅਤੇ ਬੱਚਿਆਂ ਲਈ 600 ਡਾਲਰ ਪ੍ਰਦਾਨ ਕਰਨ 'ਤੇ ਵੋਟ ਦੇਵੇਗਾ।

ਅਮਰੀਕੀ ਕਾਂਗਰਸ ਨੇ 21 ਦਸੰਬਰ ਨੂੰ ਇਸ ਰਾਹਤ ਪੈਕੇਜ ਨੂੰ ਪਾਸ ਕਰ ਦਿੱਤਾ ਸੀ ਪਰ ਪਿਛਲੇ ਹਫਤੇ ਟਰੰਪ ਨੇ ਪੈਕੇਜ ਨੂੰ ਨਾਂ ਮਨਜੂਰ ਕਰਦੇ ਹੋਏ ਇਸ ਵਿੱਚ ਲੋਕਾਂ ਨੂੰ ਦਿੱਤੀ ਜਾਣ ਵਾਲੀ 600 ਡਾਲਰ ਦੀ ਰਾਸ਼ੀ ਨੂੰ ਵਧਾ ਕੇ 2000 ਡਾਲਰ ਕਰਨ ਦੀ ਮੰਗ ਕਰਨ ਦੇ ਨਾਲ ਬਿੱਲ ਵਿੱਚੋਂ ਬੇਲੋੜੀਆਂ ਚੀਜ਼ਾਂ ਨੂੰ ਬਾਹਰ ਕੱਢਣ ਦੀ ਗੱਲ ਕਹੀ ਸੀ।

ਇਹ ਆਰਥਿਕ ਰਾਹਤ ਬਿੱਲ ਪ੍ਰਤੀ ਸਾਲ 75,000 ਡਾਲਰ ਤੱਕ ਕਮਾਉਣ ਵਾਲੇ ਲੋਕਾਂ ਲਈ 600 ਡਾਲਰ ਦੀ ਅਦਾਇਗੀ ਦੇ ਸਿੱਧੇ ਚੈਕਾਂ ਦਾ ਅਧਿਕਾਰ ਦੇਣ ਦੇ ਨਾਲ ਛੋਟੇ ਕਾਰੋਬਾਰਾਂ ਲਈ 284.45 ਬਿਲੀਅਨ, ਸਿੱਧੇ ਕਿਰਾਏ ਵਿੱਚ ਸਹਾਇਤਾ ਲਈ 25 ਬਿਲੀਅਨ, ਸਿੱਖਿਆ ਫੰਡ ਲਈ 82 ਬਿਲੀਅਨ, ਜਨਤਕ ਆਵਾਜਾਈ ਪ੍ਰਣਾਲੀਆਂ ਲਈ 45 ਬਿਲੀਅਨ ਅਤੇ ਫੂਡ ਯੋਜਨਾਵਾਂ ਅਤੇ ਬੱਚਿਆਂ ਦੇ ਪੋਸ਼ਣ ਸੰਬੰਧੀ ਲਾਭ ਲਈ 13 ਬਿਲੀਅਨ ਡਾਲਰ ਦੀ ਸਹਾਇਤਾ ਪ੍ਰਦਾਨ ਕਰੇਗਾ।

# ਫਰਿਜ਼ਨੋ 'ਚ ਤਿੰਨ ਵਾਹਨਾਂ ਵਿਚਕਾਰ ਹੋਈ ਜ਼ਬਰਦਸਤ ਟੱਕਰ ਨੇ ਲਈ ਚਾਰ ਵਿਅਕਤੀਆਂ ਦੀ ਜਾਨ

**ਫਰਿਜ਼ਨੋ (ਕੈਲੀਫੋਰਨੀਆਂ), 28 ਦਸੰਬਰ 2020-** ਫਰਿਜ਼ਨੋ ਵਿੱਚ ਹੁੰਦੇ ਸੜਕ ਹਾਦਸਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਸੜਕ ਦੁਰਘਟਨਾ ਦੇ ਇੱਕ ਤਾਜਾ ਮਾਮਲੇ ਵਿੱਚ ਸ਼ਨੀਵਾਰ ਦੇਰ ਰਾਤ ਉੱਤਰ ਪੱਛਮੀ ਫਰਿਜ਼ਨੋ ਵਿੱਚ ਤਿੰਨ ਵਾਹਨਾਂ ਦਰਮਿਆਨ ਹੋਈ ਟੱਕਰ ਵਿੱਚ ਚਾਰ ਲੋਕਾਂ ਦੀ ਮੌਤ ਹੋਣ ਦੀ ਮੰਦਭਾਗੀ ਘਟਨਾ ਵਾਪਰੀ ਹੈ।

ਪੁਲਿਸ ਅਧਿਕਾਰੀਆਂ ਅਨੁਸਾਰ ਤਿੰਨ ਕਾਰਾਂ ਦੀ ਟੱਕਰ ਦਾ ਇਹ ਹਾਦਸਾ ਪਾਮ ਤੇ ਬੁਲਾਰਡ ਖੇਤਰ 'ਚ ਵਾਪਰਿਆ ਅਤੇ ਪੁਲਿਸ ਨੇ ਇਸਦੀ ਸੂਚਨਾ ਮਿਲਣ ਤੇ ਘਟਨਾ ਸਥਾਨ ਤੇ ਪਹੁੰਚ ਕੇ ਹਾਦਸੇ ਦਾ ਜਾਇਜ਼ਾ ਲਿਆ। ਇਹ ਹਾਦਸਾ ਇੰਨਾ ਜ਼ਬਰਦਸਤ ਸੀ ਕਿ ਵਾਹਨ ਇੱਕ ਮਲਵੇ ਦੇ ਢੇਰ ਵਿੱਚ ਬਦਲ ਗਏ ਸਨ। ਪੁਲਿਸ ਹਾਦਸੇ ਸੰਬੰਧੀ ਸਹੀ ਵੇਰਵਿਆਂ ਅਤੇ ਕਾਰਨਾਂ ਦੀ ਜਾਂਚ ਕਰ ਰਹੀ ਹੈ, ਪਰ ਅਧਿਕਾਰੀਆਂ ਅਨੁਸਾਰ ਇੱਕ ਕਾਲੀ ਫੋਰਡ ਮਸਟੈਂਗ ਦਾ ਡਰਾਈਵਰ ਬੁਲਾਰਡ ਦੇ ਪੱਛਮ ਵੱਲ ਜਾ ਰਿਹਾ ਸੀ ਅਤੇ ਪਾਮ 'ਚ ਲਾਲ ਬੱਤੀ ਤੋਂ ਗੱਡੀ ਭਜਾਉਣ ਦੀ ਕੋਸ਼ਿਸ਼ ਵਿੱਚ ਉਸਨੇ ਦੋ ਹੋਰ ਗੱਡੀਆਂ ਚਿੱਟੀ ਟੋਯੋਟਾ ਟੈਕੋਮਾ ਪਿਕਅਪ ਅਤੇ ਇੱਕ ਸਿਲਵਰ ਮਿੰਨੀ ਕੂਪਰ ਨੂੰ ਟੱਕਰ ਮਾਰ ਦਿੱਤੀ। ਫਰਿਜ਼ਨੋ ਪੁਲਿਸ ਦੇ ਲੈਫਟੀਨੈਂਟ ਜੋਰਡਨ ਬੇਕਫੋਰਡ ਨੇ ਇਸ ਹਾਦਸੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਿੱਟੀ ਪਿਕਅਪ ਦੇ ਅੰਦਰ ਮੌਜੂਦ ਪੰਜ ਲੋਕਾਂ ਵਿਚੋਂ ਦੋ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਤੀਜੇ ਵਿਅਕਤੀ ਨੂੰ ਕਮਿਊਨਿਟੀ ਰੀਜਨਲ ਮੈਡੀਕਲ ਸੈਂਟਰ ਲਿਜਾਇਆ ਗਿਆ ਪਰ ਬਾਅਦ ਵਿੱਚ ਉਸਦੀ ਵੀ ਮੌਤ ਹੋ ਗਈ। ਇਸਦੇ ਇਲਾਵਾ ਮਸਟੈਂਗ ਅੰਦਰ ਫਸੇ ਹੋਏ ਡਰਾਈਵਰ ਨੂੰ ਫਰਿਜ਼ਨੋ ਫਾਇਰ ਡਿਪਾਰਟਮੈਂਟ ਦੁਆਰਾ ਬਾਹਰ ਕੱਢ ਕੇ ਉਸਨੂੰ ਸੀ ਆਰ ਐਮ ਸੀ ਲਿਜਾਇਆ ਗਿਆ, ਜਿਥੇ ਉਸਦੀ ਵੀ ਮੌਤ ਹੋ ਗਈ। ਇਹਨਾਂ ਮਾਰੇ ਗਏ ਵਿਅਕਤੀਆਂ ਦੀ ਪਛਾਣ ਅਜੇ ਨਹੀਂ ਕੀਤੀ ਗਈ ਹੈ। ਇਸ ਹਾਦਸੇ ਦੀ ਸ਼ਿਕਾਰ ਤੀਜ਼ੀ ਕਾਰ ਮਿੰਨੀ ਕੂਪਰ ਦੀ ਡਰਾਈਵਰ 17 ਸਾਲਾਂ ਦੀ ਇੱਕ ਲੜਕੀ ਅਤੇ ਹੋਰ ਪੀੜਤਾਂ ਨੂੰ ਸੱਟਾਂ ਲੱਗਣ ਕਾਰਨ ਹਸਪਤਾਲ ਲਿਜਾਇਆ ਗਿਆ। ਇਸ ਦਰਦਨਾਕ ਹਾਦਸੇ ਵਿੱਚ ਮਾਰੇ ਗਏ ਲੋਕਾਂ ਪ੍ਰਤੀ ਸ਼ੋਗ ਪ੍ਰਗਟ ਕਰਨ ਲਈ 30 ਦੇ ਕਰੀਬ ਲੋਕਾਂ ਦੇ ਸਮੂਹ ਨੇ ਚੌਕ ਨੇੜੇ ਮੋਮਬੱਤੀਆਂ ਆਦਿ ਜਗ੍ਹਾ ਕੇ ਸਰਧਾਂਜਲੀ ਭੇਟ ਕੀਤੀ।



# ਐਰੀਜੋਨਾਂ ਵਿੱਚ ਮਿਲੇ ਦੋ ਅਲੱਗ ਥਾਵਾਂ 'ਤੇ ਮਨੁੱਖੀ ਸਰੀਰ ਦੇ ਅੰਗ

**ਫਰਿਜ਼ਨੋ (ਕੈਲੀਫੋਰਨੀਆਂ), 28 ਦਸੰਬਰ 2020-** ਅਮਰੀਕੀ ਸੂਬੇ ਐਰੀਜੋਨਾਂ ਵਿੱਚ ਦੋ ਅਲੱਗ ਸਥਾਨਾਂ 'ਤੇ ਮਨੁੱਖੀ ਸਰੀਰ ਦੇ ਅੰਗ ਮਿਲੇ ਹਨ ਅਤੇ ਅਧਿਕਾਰੀਆਂ ਅਨੁਸਾਰ ਇਹ ਅੰਗ ਕਿਸੇ ਤਰ੍ਹਾਂ ਦੀ ਡਾਕਟਰੀ ਖੋਜਾਂ ਦਾ ਹਿੱਸਾ ਹੋ ਸਕਦੇ ਹਨ। ਯੈਵਾਪਾਈ ਕਾਉਂਟੀ ਸ਼ੈਰਿਫ ਦੇ ਦਫਤਰ ਦੁਆਰਾ ਐਤਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਅਨੁਸਾਰ, ਸ਼ਨੀਵਾਰ ਨੂੰ ਪ੍ਰੈਸਕੋਟ ਦੇ ਨਜ਼ਦੀਕ ਅਧਿਕਾਰੀਆਂ ਨੂੰ ਇਹਨਾਂ ਅੰਗਾਂ ਬਾਰੇ ਸੂਚਿਤ ਕੀਤਾ ਗਿਆ,ਜਿਸਦੇ ਬਾਅਦ ਇੱਕ ਜਾਂਚ ਦੌਰਾਨ ਇਹਨਾਂ ਅੰਗਾਂ ਦੇ ਮਨੁੱਖੀ ਅੰਗ ਹੋਣ ਦੀ ਪੁਸ਼ਟੀ ਕੀਤੀ ਗਈ। ਕਾਰਵਾਈ ਦੌਰਾਨ ਇਸ ਖੇਤਰ ਨੂੰ ਸੁਰੱਖਿਅਤ ਕਰਨ ਦੇ ਨਾਲ ਇਸ ਬਾਰੇ ਕਰਿਮੀਨਲ ਜਾਂਚ ਬਿਊਰੋ ਦੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਸੀ। ਇਸ ਸੰਬੰਧੀ ਤਫ਼ਤੀਸ਼ ਹਨੇਰੇ ਤੱਕ ਜਾਰੀ ਰਹੀ ਅਤੇ ਯੈਵਾਪਾਈ ਕਾਉਂਟੀ ਮੈਡੀਕਲ ਐਗਜ਼ਾਮੀਨਰ ਦੇ



ਦਫਤਰ ਦੀ ਸਹਾਇਤਾ ਨਾਲ ਐਤਵਾਰ ਸਵੇਰੇ ਦੁਬਾਰਾ ਫਿਰ ਸ਼ੁਰੂ ਕੀਤੀ ਗਈ। ਇਸ ਮੌਕੇ ਪ੍ਰੈਸਕੋਟ ਦੇ ਉੱਤਰ ਪੱਛਮ ਵਿੱਚ ਵਿਲੀਅਮਸਨ ਵੈਲੀ ਦੇ ਨੇੜੇ ਕੈਂਪ ਵੁੱਡ ਖੇਤਰ ਵਿੱਚ ਐਤਵਾਰ ਨੂੰ ਹੋਰ ਬਾਕੀ ਰਹਿੰਦੇ ਮਨੁੱਖੀ ਅੰਗ ਪ੍ਰਾਪਤ ਹੋਏ। ਇਹਨਾਂ ਅੰਗਾਂ ਦੇ ਮਾਮਲੇ ਵਿੱਚ ਯੈਵਾਪਾਈ ਕਾਉਂਟੀ ਮੈਡੀਕਲ ਐਗਜਾਮੀਨਰ ਡਾ. ਜੇਫਰੀ ਨਾਈਨ ਦੇ ਅਨੁਸਾਰ ਇਹਨਾਂ ਦੋਵੇਂ ਸਾਈਟਾਂ ਦੀਆਂ ਲਾਸ਼ਾਂ ਇੱਕ ਮੈਡੀਕਲ ਸੰਸਥਾ ਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਵਿਦਿਅਕ ਅਤੇ ਖੋਜ ਖੇਤਰ ਵਿੱਚ ਵਰਤੋਂ ਕੀਤੀਆਂ ਹੋ ਸਕਦੀਆਂ ਹਨ। ਜਦਕਿ ਸ਼ੈਰਿਫ ਦੇ ਦਫ਼ਤਰ ਨੇ ਕਿਹਾ ਕਿ ਇਸ ਤਫ਼ਤੀਸ਼ ਨੂੰ ਕੁੱਝ ਸਾਬਤ ਨਾਂ ਹੋ ਜਾਣ ਤੱਕ ਇੱਕ ਕਤਲ ਦੇ ਤੌਰ 'ਤੇ ਮੰਨਿਆ ਜਾਵੇਗਾ। ਇਹਨਾਂ ਮਨੁੱਖੀ ਅਵਸ਼ੇਸ਼ਾਂ ਦੇ ਮਾਮਲੇ ਵਿੱਚ ਪੁਲਿਸ ਵਿਭਾਗ ਦੁਆਰਾ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਅਧਿਕਾਰੀਆਂ ਨੂੰ ਯਕੀਨ ਹੈ ਕਿ ਉਹ ਜਲਦੀ ਹੀ ਇਸ ਕੇਸ ਨੂੰ ਸੁਲਝਾਉਣ ਵਿੱਚ ਸਫਲਤਾ ਪ੍ਰਾਪਤ ਕਰਨਗੇ।

# ਰਾਸ਼ਟਰਪਤੀ ਟਰੰਪ ਨੇ ਕੀਤਾ ਅਗਲੇ ਹਫਤੇ ਜਾਰਜੀਆ 'ਚ ਰੈਲੀ ਦਾ ਐਲਾਨ

**ਫਰਿਜ਼ਨੋ (ਕੈਲੀਫੋਰਨੀਆਂ), 28 ਦਸੰਬਰ 2020-** ਰਾਸ਼ਟਰਪਤੀ ਟਰੰਪ ਨੇ ਐਤਵਾਰ ਨੂੰ ਘੋਸ਼ਣਾ ਕੀਤੀ ਕਿ ਉਹ ਰਾਜ ਦੀ ਮਹੱਤਵਪੂਰਨ ਸੈਨੇਟ ਦੀ ਚੋਣ ਤੋਂ ਪਹਿਲਾਂ 4 ਜਨਵਰੀ ਨੂੰ ਜਾਰਜੀਆ ਦੇ ਡਾਲਟਨ ਵਿੱਚ ਇੱਕ ਰੈਲੀ ਕਰਨਗੇ। ਰਿਪਬਲੀਕਨ ਨੂੰ ਸੈਨੇਟ ਦੀ ਬਹੁਮਤ ਬਣਾਈ ਰੱਖਣ ਲਈ ਸੈਨੇਟ ਵਿਚੋਂ ਘੱਟੋ ਘੱਟ ਇੱਕ ਸੀਟ 'ਤੇ ਕਬਜ਼ਾ ਕਰਨ ਦੀ ਜ਼ਰੂਰਤ ਹੈ, ਜਦੋਂ ਕਿ ਡੈਮੋਕਰੇਟਸ ਨੂੰ 50-50 ਦੀ ਬਰਾਬਰੀ ਕਰਨ ਲਈ ਦੋਵਾਂ ਨੂੰ ਜਿਤਾਉਣ ਦੀ ਜ਼ਰੂਰਤ ਹੈ। ਆਪਣੀ ਇਸ ਰੈਲੀ ਦੀ ਟਵਿੱਟਰ 'ਤੇ ਘੋਸ਼ਣਾ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਦੋ ਸੈਨੇਟਰਾਂ ਸੇਨ ਡੇਵਿਡ ਪਰਡਿਊ ਅਤੇ ਕੇ ਲੌਫਲਰ ਦੀ ਤਰਫੋਂ, ਇੱਕ ਵਿਸ਼ਾਲ ਅਤੇ ਸ਼ਾਨਦਾਰ ਰੈਲੀ ਕਰਨ ਲਈ ਸੋਮਵਾਰ, 4 ਜਨਵਰੀ ਨੂੰ ਜਾਰਜੀਆ ਜਾਣਗੇ। ਜੀ ਓ ਪੀ ਦੇ ਮੌਜੂਦਾ ਸੈਨੇਟਰਾਂ ਡੇਵਿਡ ਪਰਡਿਊ ਅਤੇ ਕੈਲੀ ਲੋਫਲਰ ਦੀ ਚੋਣ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਇੱਕ ਦਿਨ ਰਾਜ ਵਿਚ ਬਿਤਾਉਣਾ ਪਵੇਗਾ। ਇਹਨਾਂ ਚੋਣਾਂ ਵਿੱਚ ਡੈਮੋਕ੍ਰੇਟਸ ਉਮੀਦਵਾਰ ਜੋਨ ਓਸੋਫ ਅਤੇ ਰਾਫੇਲ ਵਾਰਨੌਕ , ਰਿਪਬਲਿਕਨ ਦੀਆਂ ਦੋ ਸੀਟਾਂ ਵਾਲੇ ਬਹੁਮਤ ਨੂੰ ਸਦਨ ਤੋਂ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਦਕਿ ਦੋਵਾਂ ਉਮੀਦਵਾਰਾਂ ਨੇ 200 ਮਿਲੀਅਨ ਡਾਲਰ ਤੋਂ ਵੱਧ ਦੇ ਫੰਡ ਇਕੱਠੇ ਕੀਤੇ ਹਨ ਜੋ ਕਿ ਇਸ ਸਾਲ ਦੀ ਸੈਨੇਟ ਦੀ ਦੌੜ ਵਿੱਚ ਸਭ ਤੋਂ ਵੱਧ ਹਨ ਅਤੇ 20 ਲੱਖ ਤੋਂ ਵੱਧ ਜਾਰਜੀਅਨ ਲੋਕਾਂ ਨੇ ਇਸ ਦੌੜ ਵਿੱਚ ਸ਼ੁਰੂਆਤੀ ਵੋਟਾਂ ਪਾਈਆਂ ਹਨ। ਇਸ ਰੈਲੀ ਦੇ ਇਲਾਵਾ ਟਰੰਪ ਨੇ ਟਵੀਟ ਰਾਹੀ ਦੱਸਿਆ ਕਿ ਉਹ 6 ਜਨਵਰੀ ਨੂੰ ਡੀ.ਸੀ. ਵਿੱਚ ਹੋਣਗੇ, ਜਦੋਂ ਕਿ ਸੰਸਦ ਮੈਂਬਰ ਉਸਦੀ ਇਲੈਕਟ੍ਰੋਲ ਕੋਲੇਜ ਹਾਰ ਦੀ ਪੁਸ਼ਟੀ ਕਰਨ ਜਾ ਰਹੇ ਹਨ।






NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

# ਕਾਂਗਰਸ ਭਾਜਪਾ ਨੂੰ ਟੱਕਰ ਦੇਣ ਲਈ 1 ਜਨਵਰੀ ਨਵਾਂ ਸਾਲ ਅਸੀਂ ਕਿਸਾਨਾਂ ਨਾਲ ਮਨਾਵਾਂਗੇ - ਜਸਵੀਰ ਸਿੰਘ ਗੜ੍ਹੀ

**ਪੰਜਾਬ ਵਿੱਚ ਦਲਿਤ ਤੇ ਕਿਸਾਨ ਦਾ ਝਗੜਾ ਲਗਾਉਣ ਦੀ ਭਾਜਪਾ ਦੀ ਸਾਜ਼ਿਸ਼ ਬਸਪਾ ਨੇ ਕੀਤੀ ਫੇਲ**

ਬਹੁਜਨ ਸਮਾਜ ਪਾਰਟੀ ਨੇ ਪਹਿਲੇ ਦਿਨ ਤੋਂ ਹੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਕਿਸਾਨਾਂ ਵਿਰੋਧੀ ਆਰਡੀਨੈਂਸ, ਖੇਤੀ ਬਿੱਲ ਅਤੇ ਅੱਜ ਤੱਕ ਖੇਤੀ ਕਾਨੂੰਨਾਂ ਦਾ ਸਖਤ ਆਵਾਜ਼ ਵਿਚ ਜਿਥੇ ਵਿਰੋਧ ਕੀਤਾ ਹੈ, ਓਥੇ ਕਿਸਾਨ ਸੰਘਰਸ਼ ਦੇ ਸਮਰਥਨ ਵਿਚ ਹਮੇਸ਼ਾ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ ਹੈ। ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਕਿ ਸਾਡੀ ਪਾਰਟੀ ਨੇ ਪਹਿਲੇ ਦਿਨ ਤੋਂ ਹੀ ਇਕ ਜੁਬਾਨ ਨਾਲ ਖੇਤੀ ਕਾਨੂੰਨਾਂ ਦੇ ਵਿਰੋਧ ਉਪਰ ਆਪਣੇ ਸਟੈਂਡ ਤੇ ਪਹਿਰਾ ਦਿੱਤਾ ਹੈ, ਜਦੋਂਕਿ ਦੂਜੀਆਂ ਰਾਜਨੀਤਿਕ ਪਾਰਟੀਆਂ ਦਾ ਰੋਲ ਦੋਗਲਾ ਤੇ ਅਸਪਸ਼ਟ ਰਿਹਾ ਹੈ। ਬਸਪਾ ਦੇ ਪੰਦਰਾਂ ਸੰਸਦ ਮੈਂਬਰਾਂ ਨੇ ਲੋਕ ਸਭਾ ਤੇ ਰਾਜ ਸਭਾ ਵਿਚ ਡਟਕੇ ਖੇਤੀ ਬਿੱਲਾਂ ਦਾ ਵਿਰੋਧ ਕੀਤਾ ਹੈ। ਕਿਸਾਨਾਂ ਦੇ 25 ਸਤੰਬਰ ਪੰਜਾਬ ਬੰਦ ਅਤੇ 8 ਦਸੰਬਰ ਭਾਰਤ ਬੰਦ ਦਾ ਖੁੱਲਾ ਸਮਰਥਨ ਸਾਡੀ ਪਾਰਟੀ ਨੇ ਕੀਤਾ। 22 ਦਸੰਬਰ ਨੂੰ ਬਸਪਾ ਪੰਜਾਬ ਦੀ ਲੀਡਰਸ਼ਿਪ ਨੇ ਸ੍ਰੀ ਦਰਬਾਰ ਸਾਹਿਬ ਜਾਕੇ ਕਿਸਾਨਾਂ ਦੇ ਸੰਘਰਸ਼ ਦੀ ਜਿੱਤ ਅਤੇ ਸ਼ਹੀਦ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ।



ਭਾਜਪਾ ਨੇ ਕਿਸਾਨ ਸੰਘਰਸ਼ ਨਾਲ ਜੋ ਮਤਰੇਆ ਸਲੂਕ ਕੀਤਾ ਹੈ, ਉਹ ਨਿੰਦਣਯੋਗ ਹੈ ਅਤੇ ਬਸਪਾ ਪੰਜਾਬ ਵਿੱਚ ਭਾਜਪਾ ਨੂੰ ਸਬਕ ਸਿਖਾਉਣ ਦਾ ਕੰਮ ਕਰੇਗੀ। ਕਿਸਾਨ ਅੰਦੋਲਨ ਦੌਰਾਨ ਭਾਜਪਾ ਨੇ ਦਲਿਤ ਕਿਸਾਨ ਦਾ ਝਗੜਾ ਖੜ੍ਹਾ ਕਰਨ ਲਈ ਅੰਬੇਡਕਰ ਦੀਆ ਮੂਰਤੀਆ ਧੋਣ ਦਾ ਡਰਾਮਾ ਸ਼ੁਰੂ ਕੀਤਾ ਸੀ। ਭਾਜਪਾ ਨੇ ਬੰਦੇ ਮਾਤਰਮ ਅਤੇ ਭਾਰਤ ਮਾਤਾ ਦੀ ਜੈ ਛੱਡਕੇ ਬਸਪਾ ਦਾ ਨਾਹਰਾ ਜੈ ਭੀਮ ਜੈ ਭਾਰਤ ਸ਼ੁਰੂ ਕੀਤਾ, ਇਹਨਾਂ ਸਾਰੀਆਂ ਸਾਜਿਸ਼ਾਂ ਨੂੰ ਬਸਪਾ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਨੇ ਭਾਜਪਾ ਨਾਲ ਸਿੱਧੀ ਟੱਕਰ ਲੈਕੇ ਨੰਗਾ ਕੀਤਾ ਅਤੇ ਕਿਸਾਨ ਅੰਦੋਲਨ ਨੂੰ ਸੁਰੱਖਿਅਤ ਰੱਖਣ ਦਾ ਕੰਮ ਕੀਤਾ।

ਸ ਗੜ੍ਹੀ ਕੇ ਕਿਹਾ ਕਿ ਬਸਪਾ ਪੰਜਾਬ ਕਿਸਾਨ ਅੰਦੋਲਨ ਦੀ ਕਾਮਯਾਬੀ ਚਾਹੁੰਦੀ ਹੈ ਅਤੇ ਕਿਸਾਨ ਅੰਦੋਲਨ ਨੂੰ ਮਜ਼ਬੂਤ ਕਰਨ ਹਿਤ ਨਵਾਂ ਸਾਲ ਕਿਸਾਨਾਂ ਨਾਲ ਮਨਾਏਗੀ। ਇਸ ਸਬੰਧੀ ਬਸਪਾ ਆਗੂ 31 ਦਸੰਬਰ ਨੂੰ ਦੋਪਹਿਰ 12 ਵਜੇ ਸ਼ੰਭੂ ਬੈਰੀਅਰ ਤੋਂ ਰਵਾਨਾ ਹੋਣਗੇ ਅਤੇ 1ਜਨਵਰੀ ਦੀ ਰਾਤ ਕਿਸਾਨਾਂ ਵਿਚ ਸਿੰਘ ਬਾਰਡਰ ਪੁੱਜਣਗੇ ਅਤੇ ਕਿਸਾਨਾਂ ਨਾਲ ਰਾਤ ਬਿਤਾਉਣਗੇ।

ਇਸ ਮੌਕੇ ਸੂਬਾ ਜਨਰਲ ਸਕੱਤਰ ਡਾਕਟਰ ਨਛੱਤਰ ਪਾਲ ਜੀ ਨੇ ਕਿਹਾ ਕਿ ਬਸਪਾ ਦਾ ਕਿਸਾਨ ਸੰਘਰਸ਼ ਦਾ ਸਮਰਥਨ ਕਰਨ ਦਾ ਉਦੇਸ਼ ਦੂਜੀਆਂ ਪਾਰਟੀਆਂ ਦੀ ਤਰ੍ਹਾ ਸਵਾਰਥ ਭਰਿਆ ਨਹੀ, ਸਗੋਂ ਗੁਰੂਬਾਣੀ ਦੇ ਆਸ਼ੇ ਅਨੁਸਾਰ ਸਰਕਾਰ ਦੇ ਜਬਰ ਦਾ ਮੁਕਾਬਲਾ ਕਰ ਰਹੇ ਕਿਸਾਨਾਂ ਨਾਲ ਖੜ੍ਹਕੇ ਆਪਣੇ ਨੈਤਿਕ ਫਰਜਾਂ ਨੂੰ ਪੂਰਾ ਕਰਨਾ ਹੈ। ਕਿਸਾਨ ਸੰਘਰਸ਼ ਵਿਚ ਬਸਪਾ ਪੂਰੀ ਤਰ੍ਹਾਂ ਕਿਸਾਨਾਂ ਨਾਲ ਖੜ੍ਹੀ ਹੈ ਅਤੇ ਬਸਪਾ ਪੰਜਾਬ ਨੂੰ ਕਿਸਾਨ ਜੋ ਵੀ ਜਿੰਮੇਵਾਰੀ ਦੇਣਗੇ, ਉਹ ਪੂਰੀ ਕੀਤੀ ਜਾਵੇਗੀ।










ਸਾਰੇ ਆਗੂਆਂ ਦੀ ਰਵਾਨਗੀ 31 ਦਸੰਬਰ ਨੂੰ ਕਾਫਲੇ ਰੂਪ ਵਿਚ ਹੋਵੇਗੀ, ਸਾਰੇ ਸਾਥੀ 12 ਵਜੇ ਦੁਪਹਿਰ ਸ਼ੰਭੂ ਬਾਰਡਰ ਵਿਖੇ ਪੁੱਜਣਗੇ। ਜਿਥੋ ਕਾਫ਼ਲਾ ਸਿੰਘੂ ਬਾਰਡਰ ਦਿੱਲੀ ਲਈ ਰਵਾਨਾ ਹੋਵੇਗਾ। ਸਾਰੇ ਸਾਥੀ/ਆਗੂ ਸਿਰਫ ਨੀਲੇ ਰੰਗ ਦੇ ਗੈਰ ਰਾਜਨੀਤਿਕ ਝੰਡੇ ਨਾਲ ਹੀ ਸ਼ਾਮਿਲ ਹੋਣਗੇ, ਝੰਡੇ ਉਪਰ ਬਾਬਾ ਸਾਹਿਬ ਅੰਬੇਡਕਰ ਜਾਂ ਜੈ ਭੀਮ ਜਾਂ ਅਸ਼ੋਕ ਚੱਕਰ ਜਾਂ ਖਾਲਸਾਈ ਖੰਡਾ ਹੋਵੇ। ਗਲ਼ ਵਿਚ ਨੀਲਾ ਸਿਰੋਪਾ ਅਤੇ ਹੱਥ ਵਿਚ ਨੀਲਾ ਝੰਡਾ ਹੋਣਾ ਜਰੂਰ ਯਕੀਨੀ ਬਣਾਇਆ ਜਾਵੇ। ਫਲੈਕਸ ਜਾਂ ਤਖ਼ਤੀ ਦਾ ਮੈਟਰ ਆਪ ਜੀ ਨੂੰ ਜਲਦੀ ਮਿਲ ਜਾਵੇਗਾ।

## ਬਸਪਾ ਪੰਜਾਬ ਦਾ ਐਲਾਨ ਨਵਾਂ ਸਾਲ ਕਿਸਾਨਾਂ ਨਾਲ

ਸਮੁੱਚੇ ਆਗੂ ਆਪਣੀ ਕਾਰ ਨਾਲ, ਆਪਣੇ ਰਾਤ ਦੇ ਗਰਮ ਕਪੜਿਆਂ, ਮੋਟਾ ਕੰਬਲ ਅਤੇ ਜਰੂਰੀ ਵਸਤਾਂ ਨਾਲ ਲੈਕੇ ਚਲਣਗੇ। ਸਾਰੇ ਲੀਡਰ, ਵਰਕਰ ਸਮਰਥਕ ਜੋ ਵੀ ਕਾਫਲੇ ਵਿਚ ਸ਼ਾਮਿਲ ਹੋਣਗੇ, ਆਪਣੇ ਗਲ ਵਿਚ ਨੀਲੇ ਰੰਗ ਦੇ ਸਿਰੋਪੇ ਪਾਕੇ ਸ਼ਾਮਿਲ ਹੋਣਗੇ। ਹੱਥ ਵਿਚ ਤਖਤੀਆਂ/ਫਲੈਕਸਾ ਲਈ ਨਾਹਰੇ, ਕਿਸਾਨ ਮਜ਼ਦੂਰ ਵਿਰੋਧੀ ਕਾਨੂੰਨ ਰੱਦ ਕਰੋ, ਕਿਸਾਨ ਵਿਰੋਧੀ ਕਾਨੂੰਨ ਰੱਦ ਕਰੋ, ਸ਼ਾਮਿਲ ਕਰੋ। ਸਾਰੇ ਆਗੂਆਂ ਦੀ ਰਵਾਨਗੀ 31 ਦਸੰਬਰ ਹੋਵੇਗੀ, ਸਾਰੇ ਸਾਥੀ ਦੁਪਹਿਰ 12 ਸ਼ੰਭੂ ਬਾਰਡਰ ਵਿਖੇ ਪੁੱਜਣਗੇ। ਰਾਤ ਦਾ ਠਹਿਰਾਓ ਕਿਸਾਨਾਂ ਨਾਲ ਆਪਣੇ ਖੁਦ ਦੇ ਇੰਤਜ਼ਾਮ ਨਾਲ, ਤਾਰਿਆਂ ਦੀ ਛਾਵੇਂ ਕਾਲ਼ੀ ਰਾਤ ਵਿਚ ਖੁਦ ਦੀ ਆਪਣੀ ਜਿੰਮੇਵਾਰੀ ਵਿਚ ਕੀਤਾ ਜਾਵੇਗਾ।

# ਲੱਖਪੁਰ ਤੋਂ ਨੌਜਵਾਨਾ ਦਾ ਜੱਥਾ ਮਿਨਰਲ ਵਾਟਰ ਦੀ ਸੇਵਾ ਲੈ ਕੇ ਸਿੰਘੂ ਬਾਰਡਰ ਲਈ ਹੋਇਆ ਰਵਾਨਾ

## ਮੋਦੀ ਸਰਕਾਰ ਸੱਤਾ ਦੇ ਹੰਕਾਰ ਨੂੰ ਛੱਡ ਕੇ ਖੇਤੀ ਸਬੰਧੀ ਕਾਲੇ ਕਾਨੂੰਨ ਵਾਪਸ ਲੈਣ ਦਾ ਐਲਾਨ ਕਰੇ



**ਫਗਵਾੜਾ (ਬੀ.ਕੇ.ਰੱਤੂ)** ਪਿੰਡ ਲੱਖਪੁਰ ਦੇ ਨੌਜਵਾਨਾ ਦਾ ਇਕ ਜੱਥਾ ਅੱਜ ਮਿਨਰਲ ਵਾਟਰ ਦੀ ਸੇਵਾ ਲੈ ਕੇ ਦਿੱਲੀ ਦੇ ਸਿੰਘੂ ਬਾਰਡਰ ਲਈ ਰਵਾਨਾ ਹੋਇਆ। ਜੱਥੇ ਵਿਚ ਕਿਸਾਨ ਵੀ ਸ਼ਾਮਲ ਸਨ। ਬਲਵਿੰਦਰ ਸਿੰਘ ਢੰਡਵਾਲ ਅਤੇ ਗੁਰਦੀਪ ਸਿੰਘ ਸਾਬਕਾ ਮੈਂਬਰ ਪੰਚਾਇਤ ਦੀ ਅਗਵਾਈ ਹੇਠ ਜੱਥੇ ਨੂੰ ਪਿੰਡ ਦੇ ਪਤਵੰਤਿਆਂ ਨੇ ਰਵਾਨਾ ਕੀਤਾ। ਇਸ ਮੌਕੇ ਬਲਵਿੰਦਰ ਸਿੰਘ ਢੰਡਵਾਲ ਅਤੇ ਗੁਰਦੀਪ ਸਿੰਘ ਸਾਬਕਾ ਪੰਚ ਨੇ ਕਿਹਾ ਕਿ ਮੋਦੀ ਸਰਕਾਰ ਸੱਤਾ ਦੇ ਹੰਕਾਰ ਨੂੰ ਛੱਡ ਕੇ ਕਿਸਾਨਾ ਦੀ ਮੰਗ ਨੂੰ ਸਵੀਕਾਰ ਕਰਦੇ ਹੋਏ ਤੁਰੰਤ ਖੇਤੀ ਸਬੰਧੀ ਕਾਲੇ ਕਾਨੂੰਨ ਵਾਪਸ ਲੈਣ ਦਾ ਐਲਾਨ ਕਰੇ।

ਉਹਨਾਂ ਕਿਹਾ ਕਿ ਕਿਸਾਨਾ ਨੂੰ ਹੱਡ ਚੀਰਵ ਠੰਡ ਵਿਚ ਸਿੰਘੂ ਬਾਰਡਰ 'ਤੇ ਧਰਨਾ ਲਾ ਕੇ ਬੈਠੇ ਇਕ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਮੋਦੀ ਸਰਕਾਰ ਹਿਟਲਰਸ਼ਾਹੀ ਵਾਲਾ ਰਵੱਈਆ ਛੱਡਣ ਨੂੰ ਤਿਆਰ ਨਹ। ਮੋਦੀ ਸਰਕਾਰ ਦੀ ਬੇਰੁਖੀ ਕਾਰਨ ਹੁਣ ਤਕ ਸ਼ਾਂਤਮਈ ਧਰਨੇ ਤੇ ਬੈਠੇ ਕਿਸਾਨਾ ਦਾ ਸਬਰ ਟੁੱਟ ਸਕਦਾ ਹੈ ਅਤੇ ਉਸ ਸਥਿਤੀ ਨੂੰ ਸੰਭਾਲਣਾ ਮੋਦੀ ਸਰਕਾਰ ਲਈ ਮੁਸ਼ਕਲ ਹੋਵੇਗਾ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਤਿੰਨ ਕਾਲੇ ਕਾਨੂੰਨ ਕਿਸੇ ਵੀ ਲਿਹਾਜ ਨਾਲ ਕਿਸਾਨਾ ਦੇ ਹਿਤ ਵਿਚ ਨਹ ਹਨ। ਇਹ ਕਾਨੂੰਨ ਕਿਸਾਨਾ ਨੂੰ ਕਾਰਪੋਰੇਟ ਕੰਪਨੀਆਂ ਦੇ ਅੱਗੇ ਸਮਰਪਣ ਕਰਨ ਲਈ ਮਜਬੂਰ ਕਰ ਦੇਣਗੇ। ਕੇਂਦਰ ਸਰਕਾਰ ਨੂੰ ਇਹ ਕਾਨੂੰਨ ਤਿਆਰ ਕਰਨ ਸਮੇਂ ਕਿਸਾਨਾ ਦੀ ਰਾਏ ਲੈਣੀ ਚਾਹੀਦੀ ਸੀ। ਕਿਸਾਨ ਅੰਦੋਲਨ ਨੂੰ ਗੱਲਬਾਤ ਦੇ ਨਾਮ ਤੇ ਲੰਬਾ ਖਿੱਚ ਕੇ ਕਮਜੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਸ ਵਾਰ ਕਿਸਾਨ ਆਰ-ਪਾਰ ਦੀ ਗੱਲ ਕਰਕੇ ਹੀ ਵਾਪਸ ਮੁੜਨਗੇ। ਇਸ ਮੌਕੇ ਹਰਭਜਨ ਸਿੰਘ, ਸਿਮਰ ਢੰਡਵਾਲ, ਉਂਕਾਰ ਸਿੰਘ, ਜਸਕਰਨ ਸਿੰਘ, ਬਿੱਲੂ, ਸਨੀ, ਰਾਜੂ, ਲੱਬਾ, ਮੰਨਾ, ਪਿੰਦੀ ਅਤੇ ਹਰਕੀਰਤ ਸਿੰਘ ਆਦਿ ਹਾਜਰ ਸਨ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਪੌਪ ਸਟਾਰ ਮਾਈਕਲ ਜੈਕਸਨ ਦਾ ਨੇਵਰਲੈਂਡ ਰੈਂਚ 22 ਮਿਲੀਅਨ ਡਾਲਰ ਵਿੱਚ ਵਿਕਿਆ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਕੈਲੀਫੋਰਨੀਆਂ 'ਚ ਸਥਿਤ ਮਾਈਕਲ ਜੈਕਸਨ ਦੀ ਮਸ਼ਹੂਰ ਜਾਇਦਾਦ ਨੇਵਰਲੈਂਡ ਰੈਂਚ ਅਖੀਰ ਵਿਕ ਗਈ ਹੈ। ਅਮਰੀਕੀ ਪੌਪ ਸਟਾਰ ਦੀ ਮੌਤ ਤੋਂ ਤਕਰੀਬਨ 10 ਸਾਲ ਬਾਅਦ ਜੈਕਸਨ ਦੇ ਸਾਬਕਾ ਪਰਿਵਾਰਕ ਦੋਸਤ ਅਰਬਪਤੀ ਨਿਵੇਸ਼ਕ ਰੋਨ ਬੁਰਕਲ,ਨੇ ਹਾਲ ਹੀ ਵਿੱਚ 2,700 ਏਕੜ (1,100 ਹੈਕਟੇਅਰ) ਵਿੱਚ ਫੈਲੀ ਇਸ ਜਾਇਦਾਦ ਨੂੰ ਖਰੀਦਿਆ ਹੈ। ਵਾਲ ਸਟ੍ਰੀਟ ਜਰਨਲ ਦੇ ਅਨੁਸਾਰ ਜਨਤਕ ਰਿਕਾਰਡਾਂ ਅਨੁਸਾਰ ਇਹ ਪ੍ਰਾਪਰਟੀ 22 ਮਿਲੀਅਨ ਡਾਲਰ ਵਿੱਚ ਵੇਚੀ ਗਈ ਹੈ ਜਿਸਦੀ ਕੀਮਤ 2016 ਵਿੱਚ 100 ਮਿਲੀਅਨ ਡਾਲਰ ਅਤੇ 2017 ਵਿੱਚ ਘਟ ਕੇ 67 ਮਿਲੀਅਨ ਡਾਲਰ ਤੇ ਆ ਗਈ ਸੀ। ਬੁਰਕਲ ਦੇ ਇੱਕ ਬੁਲਾਰੇ ਨੇ ਜਾਣਕਾਰੀ ਦਿੰਦਿਆਂ



ਦੱਸਿਆ ਕਿ ਇਸ ਕਾਰੋਬਾਰੀ ਨੇ ਜਾਇਦਾਦ ਨੂੰ ਲੈਂਡ ਬੈਂਕਿੰਗ ਦੇ ਮੌਕੇ ਲਈ ਲਿਆ ਹੈ। ਬਰਕਲ ਨੇ ਕਿਸੇ ਹੋਰ ਜਗ੍ਹਾ ਨੂੰ ਵੇਖਦੇ ਹੋਏ ਇਸ ਜਾਇਦਾਦ ਨੂੰ ਧਿਆਨ ਵਿੱਚ ਕੀਤਾ ਅਤੇ ਵਿਕਰੀ 'ਤੇ ਮੋਹਰ ਲਗਾਉਣ ਲਈ ਰੀਅਲ ਅਸਟੇਟ ਨਿਵੇਸ਼ ਕੰਪਨੀ ਕਲੋਨੀ ਕੈਪੀਟਲ ਐਲ ਐਲ ਸੀ ਦੇ ਸੰਸਥਾਪਕ ਟੌਮ ਬੈਰਕ ਨਾਲ ਸੰਪਰਕ ਕੀਤਾ। ਜੈਕਸਨ ਨੇ ਸੰਨ 1988 ਵਿੱਚ ਲਾਸ ਏਂਜਲਸ ਤੋਂ ਲਗਭਗ 120 ਮੀਲ (193 ਕਿਲੋਮੀਟਰ) ਉੱਤਰ 'ਚ ਸੈਂਟਾ ਬਾਰਬਰਾ ਦੇ ਨੇੜ ਲੌਸ ਓਲਿਵੋਸ ਵਿੱਚ 19.5 ਮਿਲੀਅਨ ਡਾਲਰ ਕੀਮਤ ਨਾਲ ਇਹ ਜਾਇਦਾਦ ਖਰੀਦੀ ਸੀ। ਲੱਗਭਗ 12,500 ਵਰਗ ਫੁੱਟ ਮੁੱਖ ਨਿਵਾਸ ਅਤੇ ਇੱਕ 3,700 ਵਰਗ ਫੁੱਟ ਪੂਲ ਘਰ ਤੋਂ ਇਲਾਵਾ, ਇਸ ਜਾਇਦਾਦ ਦੀ ਅਲੱਗ ਇਮਾਰਤ ਵਿੱਚ ਇੱਕ 50 ਸੀਟਾਂ ਵਾਲਾ ਫਿਲਮ ਥੀਏਟਰ ਅਤੇ ਇੱਕ ਡਾਂਸ ਸਟੂਡੀਓ ਵੀ ਮੌਜੂਦ ਹੈ। ਇਸ ਪ੍ਰਾਪਰਟੀ ਦਾ ਨਵਾਂ ਮਾਲਕ ਬੁਰਕਲ ਸੋਹੋ ਹਾਊਸ ਦਾ ਸ਼ੇਅਰ ਧਾਰਕ ਅਤੇ ਨਿਵੇਸ਼ ਫਰਮ ਯੂਕਾਇਪਾ ਦਾ ਸਹਿ-ਬਾਨੀ ਹੈ,ਜਿਸ ਦੀਆਂ ਨਿਊਯਾਰਕ, ਲੰਡਨ, ਲਾਸ ਏਂਜਲਸ ਅਤੇ ਹਾਂਗ ਕਾਂਗ ਵਿੱਚ ਵੀ ਜਾਇਦਾਦਾਂ ਹਨ।

# ਬਰੁਕਲਿਨ ਕਲੀਨਿਕ ਸਮੂਹ ਨੂੰ ਕਰਨਾ ਪੈ ਰਿਹਾ ਹੈ ਅਣ ਅਧਿਕਾਰਿਤ ਟੀਕਾਕਰਨ ਦੀ ਅਪਰਾਧਿਕ ਜਾਂਚ ਦਾ ਸਾਹਮਣਾ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਕੋਰੋਨਾਂ ਵਾਇਰਸ ਟੀਕਾਕਰਨ ਦੇ ਮਾਮਲੇ ਵਿੱਚ ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇੱਕ ਅਣ ਅਧਿਕਾਰਿਤ ਕੋਰੋਨਾਂ ਵਾਇਰਸ ਟੀਕਾਕਰਨ ਦੀ ਜਾਂਚ ਕਰਨ ਦੀ ਪੁਸ਼ਟੀ ਕੀਤੀ ਹੈ। ਇਸ ਮਾਮਲੇ ਵਿੱਚ ਬਰੁਕਲਿਨ ਸਥਿਤ ਸਿਹਤ ਨੈਟਵਰਕ ਨੂੰ ਕਥਿਤ ਤੌਰ' ਤੇ ਗਲਤ ਢੰਗ ਨਾਲ ਕੋਵਿਡ -19 ਟੀਕੇ ਪ੍ਰਾਪਤ ਕਰਨ ਅਤੇ ਲੋਕਾਂ ਨੂੰ ਲਗਾਉਣ ਲਈ ਰਾਜ ਦੀ ਪੁਲਿਸ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਜ ਦੇ ਸਿਹਤ ਕਮਿਸ਼ਨਰ ਹਾਵਰਡ ਜ਼ੁਕਰ ਨੇ ਇੱਕ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪਾਰਕੇਅਰ ਕਮਿਊਨਿਟੀ ਹੈਲਥ ਨੈਟਵਰਕ ਨੇ ਰਾਜ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਦਿਆਂ ਧੋਖਾਧੜੀ ਨਾਲ ਕੋਵਿਡ -19 ਟੀਕਾ ਰਾਜ ਦੀਆਂ ਹੋਰ ਸਿਹਤ ਸਹੂਲਤਾਂ ਵਿੱਚ ਤਬਦੀਲ&; ਅਤੇ ਇਸ ਨੂੰ ਲੋਕਾਂ ਦੇ ਲਗਾਉਣਾ ਵੀ ਸ਼ੁਰੂ ਕੀਤਾ ਹੈ। ਜ਼ੁਕਰ ਅਨੁਸਾਰ ਇਸ ਨੈੱਟਵਰਕ ਦੀਆਂ ਇਹ




ਕਾਰਵਾਈਆਂ ਨਰਸਿੰਗ ਹੋਮ&; ਵਸਨੀਕਾਂ ਅਤੇ ਕਰਮਚਾਰੀਆਂ ਦੇ ਨਾਲ-ਨਾਲ ਸਿਹਤ ਸੇਵਾਵਾਂ ਦੇ ਪਹਿਲੇ ਕਰਮਚਾਰੀਆਂ ਨੂੰ ਟੀਕਿਆਂ ਦੀ ਸੀਮਤ ਸਪਲਾਈ ਅਤੇ ਟੀਕਾਕਰਨ ਕਰਨ ਦੀ ਰਾਜ ਦੀ ਯੋਜਨਾ ਦੀ ਉਲੰਘਣਾ ਕਰ ਰਹੀਆਂ ਹਨ। ਕੋਰੋਨਾਂ ਟੀਕਾਕਰਨ ਸੰਬੰਧੀ ਰਾਜ ਨਿਰਧਾਰਿਤ ਕਰਦਾ ਹੈ ਕਿ ਟੀਕੇ ਨੂੰ ਲਗਾਉਣ ਲਈ ਕਿੱਥੇ ਅਤੇ ਕਿਸ ਨੂੰ ਦੇਣਾ ਹੈ। ਅਧਿਕਾਰੀਆਂ ਨੇ ਇਸਦੀ ਜਾਣਕਾਰੀ ਨਹੀ ਦਿੱਤੀ ਹੈ ਕਿ ਪਾਰਕੇਅਰ ਨੇ ਇਹ ਟੀਕਾ ਕਿਵੇਂ ਪ੍ਰਾਪਤ ਕੀਤਾ ਹੈ ਪਰ ਪਾਰਕੇਅਰ ਸਮੂਹ ਨੇ ਇੱਕ ਨਿਊਜ਼ ਸਾਈਟ ਰਾਹੀਂ ਦਾਅਵਾ ਕੀਤਾ ਹੈ ਕਿ ਇਸ ਨੂੰ ਮੋਡਰਨਾ ਟੀਕੇ ਦੀਆਂ 3500 ਖੁਰਾਕਾਂ ਮਿਲੀਆਂ ਹਨ ਅਤੇ ਪਾਕਰੇਅਰ ਦੇ ਸੀ ਈ ਓ ਅਤੇ ਪ੍ਰਧਾਨ ਗੈਰੀ ਸ਼ੁਲੇਸਿੰਗਰ ਅਨੁਸਾਰ ਸੈਂਕੜੇ ਮਰੀਜ਼ਾਂ ਨੂੰ ਟੀਕਾ ਲਗਾਇਆ ਜਾ ਚੁੱਕਾ ਹੈ। ਕੰਪਨੀ ਅਨੁਸਾਰ ਪਾਰਕੇਅਰ, ਨੇ ਇਕ ਵੈਬਸਾਈਟ ਜਿਸਦਾ ਨਾਮ ਪਾਰਕੇਅਰਵੈਕਸੀਨ ਡਾਟ ਕਾਮ ਸਥਾਪਤ ਕੀਤੀ ਹੈ, ਜਿੱਥੇ ਵਸਨੀਕ ਟੀਕੇ ਲਈ ਰਜਿਸਟਰ ਕਰ ਸਕਦੇ ਸਨ।

ਪਰ ਰਾਜ ਸਰਕਾਰ ਨੇ ਅਜੇ ਤੱਕ ਉਨ੍ਹਾਂ ਸ਼੍ਰੇਣੀਆਂ ਵਿਚੋਂ ਕਿਸੇ ਲਈ ਵੀ ਟੀਕਾ ਅਧਿਕਾਰਤ ਨਹੀਂ ਕੀਤਾ ਹੈ ਜੋ ਨਰਸਿੰਗ ਹੋਮ, ਲੰਮੇ ਸਮੇਂ ਦੀ ਦੇਖਭਾਲ ਸਹੂਲਤ ਜਾਂ ਘਰ ਤੋਂ ਬਾਹਰ ਰਹਿੰਦੇ ਹਨ। ਇਸ ਲਈ&; ਰਾਜ ਦੇ ਸਿਹਤ ਕਮਿਸ਼ਨਰ, ਹਾਵਰਡ ਜ਼ੁਕਰ ਅਨੁਸਾਰ ਟੀਕੇ ਸਿਰਫ ਹਸਪਤਾਲਾਂ ਅਤੇ ਨਰਸਿੰਗ ਹੋਮਜ਼ ਦੁਆਰਾ ਵੈਕਸੀਨ ਰੋਲਆਊਟ ਦੇ ਪੜਾਅ ਤਹਿਤ ਵੰਡੇ ਜਾਣੇ ਚਾਹੀਦੇ ਹਨ ਅਤੇ ਇਸ ਯੋਜਨਾ ਦੀ ਉਲੰਘਣਾ ਕਰਨ ਵਾਲੇ ਨੂੰ ਕਾਨੂੰਨੀ ਤੌਰ ਤੇ ਜਵਾਬਦੇਹ ਠਹਿਰਾਇਆ ਜਾਵੇਗਾ।

# ਨੈਸ਼ਵਿਲ ਪੁਲਿਸ ਵਿਭਾਗ ਨੇ ਜਨਤਕ ਕੀਤੇ ਧਮਾਕਿਆਂ ਤੋਂ ਪਹਿਲਾਂ ਇਲਾਕਾ ਖਾਲੀ ਕਰਵਾਉਣ ਵਾਲੇ ਪੁਲਿਸ ਅਧਿਕਾਰੀਆਂ ਦੇ ਨਾਮ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਕ੍ਰਿਸਮਸ ਵਾਲੇ ਦਿਨ ਨੈਸ਼ਵਿਲ ''ਚ ਹੋਏ ਬੰਬ ਧਮਾਕੇ ਤੋਂ ਪਹਿਲਾਂ ਆਪਣੀ ਜਾਨ ਦੀ ਪ੍ਰਵਾਹ ਨਾਂ ਕਰਦਿਆਂ ਇਲਾਕੇ ਦੀਆਂ ਇਮਾਰਤਾਂ ਨੂੰ ਖਾਲੀ ਕਰਵਾਉਣ ਵਾਲੇ ਅਧਿਕਾਰੀਆਂ ਦੇ ਨਾਮ ਪੁਲਿਸ ਵਿਭਾਗ ਦੁਆਰਾ ਸਾਹਮਣੇ ਲਿਆਂਦੇ ਗਏ ਹਨ। ਨੈਸ਼ਵਿਲ ਦੇ ਮੇਅਰ ਜੌਨ ਕੂਪਰ ਨੇ ਤੁਰੰਤ ਕਾਰਵਾਈ ਕਰਨ ਵਾਲੇ ਛੇ ਪੁਲਿਸ ਅਧਿਕਾਰੀਆਂ ਨੂੰ ਹੀਰੋ ਦੱਸਦਿਆਂ ਉਹਨਾਂ ਦੀ ਪ੍ਰਸ਼ੰਸਾ ਕੀਤੀ ਹੈ ,ਜਿਨ੍ਹਾਂ ਨੇ ਨੈਸ਼ਵਿਲ ਵਿੱਚ ਇਮਾਰਤਾਂ ਨੂੰ ਖਾਲੀ ਕਰਵਾ ਕੇ, ਕ੍ਰਿਸਮਿਸ ਦੀ ਸਵੇਰ ਕਈ ਜਾਨਾਂ ਨੂੰ ਬਚਾਉਣ ਵਿੱਚ ਆਪਣਾ ਯੋਗਦਾਨ ਪਾਇਆ ਹੈ। ਮੈਟਰੋਪੋਲੀਟਨ ਨੈਸ਼ਵਿਲ ਪੁਲਿਸ ਵਿਭਾਗ ਨੇ ਜਿਹਨਾਂ ਛੇ ਅਫਸਰਾਂ ਦੀ ਪਛਾਣ ਕੀਤੀ ਹੈ ਉਹਨਾਂ ਵਿੱਚ ਬਰੇਨਾ



ਹੋਸੀ, ਜੇਮਜ਼ ਵੇਲਸ, ਜੇਮਜ਼ ਲੂਲੇਨ, ਟਿ-ਮੋਥੀ ਮਿਲਰ, ਮਾਈਕਲ ਸਿਪੋਸ ਅਤੇ ਅਮੰਡਾ ਟਾਪਿੰਗ ਆਦਿ ਸ਼ਾਮਲ ਹਨ।

ਇਹ ਅਧਿਕਾਰੀ ਇਲਾਕੇ ਵਿੱਚ ਗੜਬੜ ਹੋਣ ਦੀ ਸੂਚਨਾ ਮਿਲਦੇ ਸਵੇਰੇ 6 ਵਜੇ ਤੋਂ ਬਾਅਦ ਤੁਰੰਤ ਘਟਨਾ ਸਥਾਨ 'ਤੇ ਪਹੁੰਚੇ ਅਤੇ ਆਰ ਵੀ ਦੁਆਰਾ ਇਲਾਕੇ ਨੂੰ ਖਾਲੀ ਕਰਵਾਉਣ ਦੀ ਰਿਕਾਰਡ ਕੀਤੀ ਚੇਤਾਵਨੀ ਮਿਲਦਿਆਂ ਤੁਰੰਤ ਦਰਵਾਜ਼ੇ ਖੜਕਾ ਕੇ ਅਤੇ ਵਸਨੀਕਾਂ ਨੂੰ ਇਮਾਰਤਾਂ ਵਿੱਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਇਸ ਸੰਬੰਧੀ ਮੈਟਰੋ ਪੁਲਿਸ ਦੇ ਮੁਖੀ ਜੋਹਨ ਡ੍ਰੇਕ ਅਨੁਸਾਰ ਇਹਨਾਂ ਅਧਿਕਾਰੀਆਂ ਨੇ ਅੱਜ ਕਈ ਜਾਨਾਂ ਬਚਾਈਆਂ ਹਨ ਜਦਕਿ ਇਸ ਧਮਾਕੇ ਵਿੱਚ ਸਿਰਫ ਤਿੰਨ ਲੋਕ ਜ਼ਖਮੀ ਹੋਏ ਹਨ ਅਤੇ ਨੇੜਲੀਆਂ ਇਮ-ਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ।

# ਲਾਸ ਏਂਜਲਸ 'ਚ ਦੋ ਦਿਨਾਂ ਦੌਰਾਨ ਸਾਹਮਣੇ ਆਏ ਕੋਰੋਨਾਂ ਵਾਇਰਸ ਦੇ ਤਕਰੀਬਨ 30,000 ਕੇਸ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਕੈਲੀਫੋਰਨੀਆਂ ਸੂਬੇ ਵਿੱਚ ਕੋਰੋਨਾਂ ਵਾਇਰਸ ਦੀ ਲਾਗ ਦੇ ਮਾਮਲਿਆਂ ਦਾ ਵਾਧਾ ਲਗਾਤਾਰ ਜਾਰੀ ਹੈ। ਰਾਜ ਦੀ ਲਾਸ ਏਂਜਲਸ ਕਾਉਂਟੀ ਵਿੱਚ ਕੋਰੋਨਾਂ ਵਾਇਰਸ ਦੇ ਕੇਸਾਂ ਅਤੇ ਇਸ ਨਾਲ ਸਬੰਧਤ ਮੌਤਾਂ ਦੀ ਗਿਣਤੀ ਇਸ ਹਫਤੇ ਦੇ ਦੋ ਦਿਨਾਂ ਵਿੱਚ ਲਗਾਤਾਰ ਵੱਧ ਹੋਈ ਹੈ। ਇਸ ਸੰਬੰਧੀ ਸਿਹਤ ਅਧਿਕਾਰੀਆਂ ਦੁਆਰਾ ਸ਼ਨੀਵਾਰ ਨੂੰ ਤਕਰੀਬਨ 30,000 ਨਵੇਂ ਮਾਮਲਿਆਂ ਦੀ ਰਿਪੋਰਟ ਜਾਰੀ ਕੀਤੀ ਗਈ ਹੈ। ਜਿਸਦੇ ਤਹਿਤ ਅਧਿਕਾਰੀਆਂ ਨੇ ਕ੍ਰਿਸਮਸ ਦਿਵਸ ਅਤੇ ਸ਼ਨੀਵਾਰ ਨੂੰ ਮਿਲਾ ਕੇ ਕੁੱਲ 29,423 ਨਵੇਂ ਕੋਰੋਨਾਂ ਵਾਇਰਸ ਦੇ



ਮਾਮਲੇ ਦਰਜ ਕੀਤੇ ਹਨ। ਇਸ ਦੌਰਾਨ ਸ਼ੁੱਕਰਵਾਰ ਦੇ ਕੇਸ ਖੇਤਰ ਵਿਚ ਇੰਟਰਨੈਟ ਸੇਵਾ ਵਿੱਚ ਵਿਘਨ ਪੈਣ ਕਾਰਨ ਇੱਕ ਦਿਨ ਦੀ ਦੇਰੀ ਨਾਲ ਦਰਜ ਹੋਏ ਹਨ। ਇਸਦੇ ਇਲਾਵਾ ਸਥਾਨਕ ਸਿਹਤ ਏਜੰਸੀਆਂ ਨੇ ਵੀ ਦੋ ਦਿਨਾਂ ਦੀ ਮਿਆਦ ਵਿੱਚ ਤਕਰੀਬਨ 136 ਮੌਤਾਂ ਦੀ ਪੁਸ਼ਟੀ ਕੀਤੀ ਹੈ, ਇਹਨਾਂ ਅੰਕੜਿਆਂ ਨਾਲ ਲਾਸ ਏਂਜਲਸ ਕਾਉਂਟੀ ਵਿੱਚ ਹੁਣ ਕੁੱਲ 707,000 ਤੋਂ ਵੱਧ ਕੋਰੋਨਾਂ ਵਾਇਰਸ ਦੀ ਲਾਗ ਦੇ ਮਾਮਲੇ ਅਤੇ 9,440 ਤੋਂ ਵੱਧ ਮੌਤਾਂ ਦੀ ਗਿਣਤੀ ਦਰਜ਼ ਹੋਈ ਹੈ। ਕਾਉਂਟੀ ਵਿੱਚ ਵਧ ਰਹੇ ਕੋਰੋਨਾਂ ਮਾਮਲਿਆਂ ਨਾਲ ਖੇਤਰ ਦੇ ਸਾਰੇ ਹਸਪਤਾਲ ਸਿਹਤ ਸਹੂਲਤਾਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਕੁੱਝ ਹਸਪਤਾਲ ਆਕਸੀਜਨ ਸਪਲਾਈ ਦੀ ਘਾਟ ਅਤੇ ਐਮਰਜੈਂਸੀ ਕਮਰਿਆਂ 'ਚ ਮਰੀਜ਼ਾਂ ਦੀ ਭੀੜ ਦਾ ਸਾਹਮਣਾ ਵੀ ਕਰ ਰਹੇ ਹਨ। ਲਾਸ ਏਂਜਲਸ ਕਾਉਂਟੀ ਦੇ ਹਸਪਤਾਲਾਂ ਵਿੱਚ ਕੋਰੋਨਾਂ ਵਾਇਰਸ ਕਰਕੇ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ 6,815 ਹੋ ਗਈ ਹੈ ਜੋ ਕਿ ਥੈਂਕਸਗਿਵਿੰਗ ਦੌਰਾਨ 1,951 ਸੀ ਅਤੇ ਕ੍ਰਿਸਮਸ ਦੇ ਦਿਨ ਖੇਤਰ ਦੇ ਹਸਪਤਾਲਾਂ ਵਿੱਚ ਆਈ ਸੀ ਯੂ ਵਿੱਚ ਵੀ 1,368 ਮਰੀਜ਼ ਕੋਰੋਨਾਂ ਕਰਕੇ ਦਾਖਲ ਸਨ। ਕੋਰੋਨਾਂ ਵਾਇਰਸ ਦੀ ਲਾਗ ਦੇ ਮਾਮਲਿਆਂ ਸੰਬੰਧੀ ਪੂਰੇ ਕੈਲੀਫੋਰਨੀਆਂ 2.1 ਮਿਲੀਅਨ ਕੇਸ ਅਤੇ ਸ਼ਨੀਵਾਰ ਨੂੰ 24,000 ਤੋਂ ਵੱਧ ਮੌਤਾਂ ਨੂੰ ਦਰਜ਼ ਕੀਤਾ ਹੈ।

# ਫਰਿਜ਼ਨੋ 'ਚ ਬੰਦੂਕ ਦੀ ਨੋਕ 'ਤੇ ਲੁੱਟਿਆ ਗੈਸ ਸਟੇਸ਼ਨ


**ਫਰਿਜ਼ਨੋ (ਕੈਲੀਫੋਰਨੀਆਂ), 27 ਦਸੰਬਰ 2020–** ਫਰਿਜ਼ਨੋ ਦੇ ਇੱਕ ਗੈਸ ਸਟੇਸ਼ਨ ਵਿੱਚ ਇੱਕ ਹਥਿਆਰਬੰਦ ਵਿਅਕਤੀ ਦੁਆਰਾ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਇਸ ਵਾਰਦਾਤ ''ਚ ਕੇਂਦਰੀ ਫਰਿਜ਼ਨੋ ਦੇ ਗੈਸ ਸਟੇਸ਼ਨ ਦੀ ਲੁੱਟ ਦੌਰਾਨ ਦੋਸ਼ੀ ਵਿਅਕਤੀ ਵੱਲੋਂ ਦੋ ਗੋ-ਲੀਆਂ ਵੀ ਚਲਾਈਆਂ ਗਈਆਂ&; ਜਿਸ ਵਿੱਚ ਡਿਊਟੀ ਤੇ ਮੌਜੂਦ ਕਲਰਕ ਦੀ ਕਿਸੇ ਤਰ੍ਹਾਂ ਦੀ ਹਾਨੀ ਹੋਣ ਤੋਂ ਬੱਚਤ ਰਹੀ ਹੈ। ਅਧਿਕਾਰੀਆਂ ਅਨੁਸਾਰ ਇਹ&; ਲੁੱਟਮਾਰ ਸ਼ਨੀਵਾਰ, 19 ਦਸੰਬਰ ਨੂੰ ਸਵੇਰੇ 5:30 ਵਜੇ ਦੇ ਕਰੀਬ 1155 ਡਬਲਯੂ. ਬੈਲਮੋਂਟ ਐਵ 'ਤੇ ਸ਼ੈਵਰਨ ਗੈਸ ਸਟੇਸ਼ਨ ''ਚ ਵਾਪਰੀ ਸੀ। ਇਸ ਘਟਨਾ ਦੀ ਕੈਮਰਾ ਵੀਡੀਓ ਵਿੱਚ ਇੱਕ ਆਦਮੀ , ਹੁੱਡੀ ਪਹਿਨੇ ਹੋਏ ਸਟੇਸ਼ਨ ਦੇ ਸਟੋਰ ਵਿੱਚ ਘੁੰਮਦਾ ਹੋਇਆ ਦਿਖਾਈ ਦਿੰਦਾ ਹੈ ਜਿਸਦੇ ਸੱਜੇ ਹੱਥ ਵਿੱਚ ਇੱਕ ਬੰਦੂਕ ਫੜੀ ਹੋਈ ਹੈ। ਦੋਸ਼ੀ



ਵਿਅਕਤੀ ਕਾਉਂਟਰ ਕੋਲ ਜਾ ਕੇ ਬੰਦੂਕ ਤਾਣਦੇ ਹੋਏ ਅਤੇ ਹੋਰ ਗਾਹਕਾਂ ਨੂੰ ਡਰ-ਾਉਂਦੇ ਹੋਏ ਕਲਰਕ ਤੋਂ ਪੈਸੇ ਦੀ ਮੰਗ ਕਰਦਾ ਹੈ। ਇਸੇ ਦੌਰਾਨ ਹਮਲਾਵਰ ਕਾਉਂਟਰ ਦੇ ਇੱਕ ਪ੍ਰੋਟੈਕਟਿਵ ਸਕ੍ਰੀਨ ਵਿੱਚ ਦੀ ਕਲਰਕ ਵੱਲ ਦੋ ਗੋਲੀਆਂ ਚਲਾਉਂਦਾ ਹੈ ਅਤੇ ਕਾਉਂਟਰ ਤੋਂ ਪੈਸਾ ਇਕੱਠਾ ਕਰਕੇ ਚਲਾ ਜਾਂਦਾ ਹੈ। ਇਸ ਘਟਨਾ ਵਿੱਚ ਲੁੱਟੀ ਹੋਈ ਰਾਸ਼ੀ ਦੀ ਜਾਣਕਾਰੀ ਫਿਲਹਾਲ ਸਾਹਮਣੇ ਨਹੀਂ ਆਈ ਹੈ। ਫਰਿਜ਼ਨੋ ਪੁਲਿਸ ਸਾਰ-ਜੈਂਟ ਬ੍ਰਾਇਨ ਵੈਲਜ਼ ਅਨੁਸਾਰ ਇਸ ਵਾਰਦਾਤ ਵਿੱਚ ਮਹਿਲਾ ਕਲਰਕ ਔਰਤ ਜਾਂ ਕਿਸੇ ਹੋਰ ਨੂੰ ਗੋਲੀ ਲੱਗਣ ਤੋਂ ਬਚਾਅ ਰਿਹਾ ਹੈ। ਫਰਿਜ਼ਨੋ ਪੁਲਿਸ ਅਧਿਕਾਰੀਆਂ ਵੱਲੋਂ ਇਸ ਲੁੱਟ ਦੀ ਵਾਰਦਾਤ ਸੰਬੰਧੀ ਜਾਂਚ ਸ਼ੁਰੂ ਕਰਨ ਦੇ ਨਾਲ ਹਮਲਾਵਰ ਦੀ ਭਾਲ ਵੀ ਜਾਰੀ ਹੈ।

# ਇਲੀਨੋਏ 'ਚ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਲੱਗੇ ਆਰਮੀ ਜਵਾਨ 'ਤੇ ਹੱਤਿਆਵਾਂ ਦੇ ਦੋਸ਼

**ਫਰਿਜ਼ਨੋ (ਕੈਲੀਫੋਰਨੀਆਂ), 28 ਦਸੰਬਰ 2020–** ਇਲੀਨੋਏ ਸੂਬੇ ਵਿੱਚ ਸ਼ਨੀਵਾਰ ਰਾਤ ਨੂੰ ਇੱਕ ਬਾਉਲਿੰਗ ਐਲੀ ਵਿੱਚ ਹੋਈ ਮਾਰੂ ਗੋਲੀਬਾਰੀ ਦੇ ਮਾਮਲੇ 'ਚ ਦੋਸ਼ੀ ਇੱਕ ਗ੍ਰੀਨ ਬੈਰੇਟ ਜਵਾਨ ਹੈ । ਇਸ 37 ਸਾਲਾ ਫਲੋਰਿਡਾ ਵਾਸੀ ਦਾ ਨਾਮ ਡਿਊਕ ਵੈਬ ਹੈ, ਜਿਸਨੇ ਇਲੀਨੋਏ ਦੇ ਰਾਕਫੋਰਡ ਵਿੱਚ ਡੌਨ ਕਾਰਟਰ ਲੈਨਜ਼ ਵਿਖੇ ਕਥਿਤ ਤੌਰ ਤੇ ਗੋਲੀਬਾਰੀ ਕਰਕੇ ਤਿੰਨ ਲੋਕਾਂ ਦੀ ਹੱਤਿਆ ਕਰਨ ਦੇ ਨਾਲ ਅਤੇ ਤਿੰਨ ਹੋਰ ਨੂੰ ਜ਼ਖਮੀ ਕਰ ਦਿੱਤਾ ਸੀ। ਪੁਲਿਸ ਨੇ ਐਤਵਾਰ ਨੂੰ ਐਲਾਨ ਕੀਤਾ ਕਿ ਦੋਸ਼ੀ ਉੱਤੇ ਪਹਿਲੀ ਡਿਗਰੀ ਦੇ ਤਿੰਨ ਕਤਲ ਦੇ ਦੋਸ਼ਾਂ ਤੋਂ ਇਲਾਵਾ ਤਿੰਨ ਕਤਲਾਂ ਦੀ ਕੋਸ਼ਿਸ਼ ਦੇ ਦੋਸ਼ ਲਗਾਏ ਗਏ ਹਨ। ਇਸ ਸੰਬੰਧੀ ਪੁਲਿਸ ਨੇ ਐਤਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਵੈਬ ਨੂੰ ਬਿਨਾ ਬਾਂਡ ਦੇ ਵਿਨੇਬਾਗੋ ਕਾਉਂਟੀ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੈ ਅਤੇ ਸੋਮਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਵੈਬ ਦੇ ਆਰਮੀ ਕਮਾਂਡਰ, ਮੇਜਰ, ਜਨਰਲ ਜਾਨ ਬਰੇਨਨ, ਨੇ ਇੱਕ ਬਿਆਨ ਅਨੁਸਾਰ ਰਿਪੋਰਟਾਂ ਵਿੱਚ ਵੈਬ ਦੀ ਵਰਣਨ ਕੀਤੀ ਗਈ ਕਾਰਵਾਈ ਹੈਰਾਨ ਕਰਨ ਵਾਲੀ ਹੈ ਅਤੇ ਇਹ ਵੈਬ ਦੀ 12 ਸਾਲਾਂ ਦੀ ਸਤਿਕਾਰਯੋਗ ਸੇਵਾ ਦੇ ਚਰਿੱਤਰ ਤੋਂ ਬਾਹਰ ਹੈ। ਫੌਜ



ਦੇ ਅਨੁਸਾਰ, ਵੈਬ ਇੱਕ ਵਿਸ਼ੇਸ਼ ਫੋਰਸਿਜ਼ ਸਹਾਇਕ ਕਾਰਜ ਅਤੇ ਖੁਫੀਆ ਸਾਰਜੈਂਟ ਹੈ ਜੋ 3 ਵੀਂ ਬਟਾਲੀਅਨ, 7 ਵੇਂ ਸਪੈਸ਼ਲ ਫੋਰਸਿਜ਼ ਗਰੁੱਪ (ਏਅਰਬਰਨ), ਫਲੋਰਿਡਾ ਵਿੱਚ ਏ-ਗਲਿਨ ਏਅਰ ਫੋਰਸ ਬੇਸ ਕੈਂਪ ਬੁੱਲ ਸਾਈਮਨਸ ਵਿੱਚ ਤਾਇਨਾਤ ਹੈ।

ਵੈਬ ਸਾਲ 2008 ਵਿਚ ਫੌਜ ਵਿਚ ਭਰਤੀ ਹੋਇਆ ਸੀ ਅਤੇ ਸ਼ਨੀਵਾਰ ਨੂੰ ਛੁੱਟੀ 'ਤੇ ਗਿਆ ਸੀ। ਇਸ ਮਾਮਲੇ ਵਿੱਚ ਸੈਨਾ ਨੇ ਪੁਲਿਸ ਵਿਭਾਗ ਨੂੰ ਜਾਂਚ ਵਿੱਚ ਸਹਾਇਤਾ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ ਹੈ।

# ਫਰਾਂਸ ਯਾਤਰਾ ਪਾਬੰਦੀਆਂ ਨੂੰ ਅਸਾਨ ਕਰਨ ਲਈ ਸਹਿਮਤ, ਦੇਣਾ ਪਵੇਗਾ ਕੋਰੋਨਾ ਨੈਗੇਟਿਵ ਦਾ ਸਬੂਤ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਵਿੱਚ ਕੋਰੋਨਾਂ ਵਾਇਰਸ ਦੇ ਵਿਗੜ ਰਹੇ ਹਾਲਾਤਾਂ ਦੇ ਮੱਦੇਨਜ਼ਰ ਯੂਰਪੀਅਨ ਦੇਸ਼ਾਂ ਵੱਲੋਂ ਯੂਕੇ 'ਤੇ ਯਾਤਰਾ ਸੰਬੰਧੀ ਪਾਬੰਦੀਆਂ ਲਗਾਉਣ ਤੋਂ ਬਾਅਦ ਯਾਤਰੀਆਂ ਸਮੇਤ ਸਮਾਨ ਦੀ ਢੋਆ ਢੁਆਈ ਵਾਲੇ ਵਾਹਨਾਂ ਨੂੰ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਹੈ। ਇਸ ਵੇਲੇ ਫਰਾਂਸ ਅਤੇ ਯੂਕੇ ਵਿਚਕਾਰ ਬਾਰਡਰ ਬੰਦ ਹੋਣ ਕਾਰਨ ਕੈਂਟ ਵਿੱਚ ਵੱਡੇ ਵਾਹਨਾਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਇਸ ਮਾਮਲੇ ਵਿੱਚ ਦੋਵਾਂ ਦੇਸਾਂ ਨੇ ਆਪਣੀ ਸਾਂਝੀ ਸਰਹੱਦ 'ਤੇ ਸਮਝੌਤਾ ਹੋਣ ਦੇ ਬਾਅਦ ਬੁੱਧਵਾਰ ਤੋਂ ਫਰਾਂਸ ਯੂਕੇ ਤੋਂ ਆਵਾਜਾਈ ਨੂੰ ਨੈਗੇਟਿਵ ਕੋਰੋਨਾਂ ਵਾਇਰਸ ਟੈਸਟ ਦੀ ਸ਼ਰਤ 'ਤੇ ਵਾਪਿਸ ਸ਼ੁਰੂ ਕਰੇਗਾ। ਇਸ ਅਨੁਸਾਰ ਟਰੱਕਾਂ ਦੇ ਚਾਲਕ, ਯੂਰਪੀਅਨ ਯੂਨੀਅਨ ਦੇ ਨਾਗਰਿਕ ਆਦਿ ਵਾਪਸ ਜਾਣ ਦੀ ਆਗਿਆ ਲੈਣ ਵਾਲਿਆਂ ਵਿੱਚ ਸ਼ਾਮਲ ਹੋਣਗੇ



ਪਰ ਇਸ ਲਈ ਯਾਤਰੀਆਂ ਦੁਆਰਾ ਵਾਇਰਸ ਦਾ ਨਵਾਂ ਨਕਾਰਾਤਮਕ ਟੈਸਟ ਹੋਣਾ ਜਰੂਰੀ ਹੈ। ਇਸਦੇ ਨਾਲ ਹੀ ਜਹਾਜ਼, ਕਿਸ਼ਤੀਆਂ ਅਤੇ ਯੂਰੋਸਟਾਰ ਨੂੰ ਵੀ ਬੁੱਧਵਾਰ ਸਵੇਰੇ ਦੁਬਾਰਾ ਸ਼ੁਰੂ ਕੀਤਾ ਜਾਵੇਗਾ। ਐਤਵਾਰ ਨੂੰ ਫਰਾਂਸ ਨਾਲ ਸਰਹੱਦ ਬੰਦ ਹੋਣ ਤੋਂ ਬਾਅਦ ਕੈਂਟ ਵਿੱਚ ਲੱਗਭਗ 2,850 ਵਾਹਨ ਇਕੱਠੇ ਹੋਏ ਹਨ। ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤੇ ਦੇ ਤਹਿਤ, ਯਾਤਰਾ ਕਰਨ ਵਾਲਿਆਂ ਨੂੰ ਰਵਾਨਗੀ ਤੋਂ 72 ਘੰਟੇ ਪਹਿਲਾਂ ਵਾਇਰਸ ਦੇ ਨਕਾਰਾਤਮਕ ਟੈਸਟ ਦੇ ਨਤੀਜੇ ਪ੍ਰਾਪਤ ਕਰਨ ਦੀ ਜ਼ਰੂਰਤ ਹੋਵੇਗੀ ਅਤੇ ਟੈਸਟ ਕਰਨ ਲਈ ਰੈਪਿਡ ਲੇਟ੍ਰਲ ਫਲੋ ਟੈਸਟ, ਜੋ&; ਲੱਗਭਗ 30 ਮਿੰਟਾਂ ਵਿੱਚ ਨਤੀਜਾ ਦੇ ਸਕਦੇ ਹਨ, ਦੀ ਵਰਤੋਂ ਪੀ ਸੀ ਆਰ ਟੈਸਟਾਂ ਦੀ ਬਜਾਏ ਕੀਤੀ ਜਾਵੇਗੀ। ਇਕੱਠੇ ਹੋਏ ਵਾਹਨਾਂ ਦੇ ਡਰਾਈਵਰ ਟੈਕਸਟ ਸੁਨੇਹੇ ਦੁਆਰਾ ਨਤੀਜੇ ਨੂੰ ਪ੍ਰਾਪਤ ਕਰਨਗੇ, ਅਤੇ ਇਹ ਸੰਦੇਸ਼ ਡਰਾਈਵਰਾਂ ਨੂੰ ਚੈਨਲ ਨੂੰ ਪਾਰ ਕਰਨ ਦਾ ਅਧਿਕਾਰ ਦੇਵੇਗਾ।

ਆਵਾਜਾਈ ਵਿਭਾਗ ਦੇ ਅਨੁਸਾਰ ਫਰਾਂਸ ਸਰਕਾਰ ਨਾਲ ਇਸ ਸਹਿਮਤੀ ਪ੍ਰਬੰਧ ਦੀ 31 ਦਸੰਬਰ ਨੂੰ ਸਮੀਖਿਆ ਕੀਤੀ ਜਾਵੇਗੀ ਪਰ ਇਹ ਪ੍ਰਕਿਰਿਆ 6 ਜਨਵਰੀ ਤੱਕ ਚਲ ਸਕਦੀ ਹੈ। ਇਸ ਟੈਸਟ ਪ੍ਰਕਿਰਿਆ ਨੂੰ ਸਫਲ ਕਰਨ ਲਈ ਐਨ ਐਚ ਐਸ ਟੈਸਟ ਅਤੇ ਟਰੇਸ ਸਟਾਫ ਦੇ ਨਾਲ ਫੌਜ ਨੂੰ ਵੀ ਤਾਇਨਾਤ ਕੀਤਾ ਜਾਵੇਗਾ।

# ਖਾਲਸਾ ਏਡ' ਅਤੇ ਸਥਾਨਕ ਫੁਟਬਾਲ ਟੀਮ ਡੋਵਰ 'ਚ ਫਸੇ ਡਰਾਈਵਰਾਂ ਨੂੰ ਮੁਹੱਈਆ ਕਰਵਾ ਰਹੇ ਹਨ ਭੋਜਨ







**ਗਲਾਸਗੋ/ਲੰਡਨ (ਮਨਦੀਪ ਖੁਰਮੀਹਿੰਮਤਪੁਰਾ)–** ਯੂਕੇ ਉੱਪਰ ਲੱਗੀਆਂ ਯਾਤਰਾ ਪਾਬੰਦੀਆਂ ਕਾਰਨ ਕੈਂਟ ਦੇ ਡੋਵਰ ਵਿੱਚ ਹਜਾਰਾਂ ਡਰਾਈਵਰ ਫਸੇ ਹੋਏ ਹਨ।

ਇਸ ਸੰਕਟ ਦੀ ਘੜੀ ਵਿੱਚ ਸਿੱਖ ਸੰਸਥਾ 'ਖਾਲਸਾ ਏਡ' ਦੇ ਵਲੰਟੀਅਰਾ ਅਤੇ ਇੱਕ ਸਥਾਨਕ ਫੁਟਬਾਲ ਕਲੱਬ ਦੇ ਮੈਂਬਰ ਕੈਂਟ ਵਿੱਚ ਫਸੇ ਇਹਨਾਂ ਡਰਾਈਵਰਾਂ ਨੂੰ ਭੋਜਨ ਪ੍ਰਦਾਨ ਕਰ ਰਹੇ ਹਨ।

ਬਰਕਸ਼ਾਇਰ ਦੇ ਮੇਡੇਨਹੈਡ ਤੋਂ ਖਾਲਸਾ ਏਡ ਦੇ ਵਲੰਟੀਅਰਾਂ ਨੇ ਟਰੱਕਾਂ ਵਾਲਿਆਂ ਨੂੰ 800 ਤੋਂ ਵੱਧ ਭੋਜਨ ਮੁਹੱਈਆ ਕਰਾਉਣ ਲਈ 80 ਮੀਲ ਦੀ ਯਾਤਰਾ ਕੀਤੀ ਜਦਕਿ ਸਮੂਹ ਦੇ ਲੰਗਰ ਏਡ ਦੇ ਕੁੱਝ ਮੈਂਬਰਾਂ ਕਾਵੈਂਟਰੀ ਤੋਂ 150 ਮੀਲ ਤੋਂ ਵੱਧ ਦੀ ਯਾਤਰਾ ਵੀ ਇਸ ਸਹਾਇਤਾ ਲਈ ਕੀਤੀ ਹੈ। ਖਾਲਸਾ ਏਡ ਦੇ ਸੰਸਥਾਪਕ ਰਵੀ ਸਿੰਘ ਅਨੁਸਾਰ ਕ੍ਰਿਸਮਸ ਦੇ ਦਿਨਾਂ ਦੌਰਾਨ ਡਰ-ਾਈਵਰ ਭਾਈਚਾਰਾ ਇੱਥੇ ਫਸਿਆ ਹੋਇਆ ਹੈ ਅਤੇ ਉਹਨਾਂ ਦੀ ਮੱਦਦ ਕਰਨਾ ਇੱਕ ਮਾਣ ਵਾਲਾ ਕੰਮ ਹੈ। ਇਸ ਸਿੱਖ ਸੰਸਥਾ ਦੇ ਨਾਲ ਰੈਮਸਗੇਟ ਫੁਟਬਾਲ ਕਲੱਬ ਵੱਲੋਂ ਵੀ ਮੋਟਰਵੇਅ 'ਤੇ ਫਸੇ ਡਰਾਈਵਰਾਂ ਨੂੰ 200 ਪੀਜ਼ੇ ਦੇ ਕੇ ਸਹਾਇਤਾ ਵਿੱਚ ਆਪਣਾ ਯੋਗਦਾਨ ਪਾਇਆ ਗਿਆ।

# ਕੋਰੋਨਾ ਵਾਇਰਸ ਦਾ ਬਦਲਿਆ ਨਵਾਂ ਰੂਪ ਦੱਖਣੀ ਅਫਰੀਕਾ ਤੋਂ ਪਹੁੰਚਿਆ ਯੂਕੇ: ਸਿਹਤ ਸਕੱਤਰ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਇਸ ਸਮੇਂ ਕੋਰੋਨਾਂ ਵਾਇਰਸ ਦੇ ਇੱਕ ਨਵੇਂ ਰੂਪ ਦੀ ਮੌਜੂਦਗੀ ਦਾ ਸਾਹਮਣਾ ਕਰ ਰਿਹਾ ਹੈ ਜੋ ਕਿ ਪਹਿਲੇ ਵਾਇਰਸ ਨਾਲੋਂ ਜਿਆਦਾ ਤੇਜ਼ੀ ਨਾਲ ਫੈਲਦਾ ਹੈ। ਵਾਇਰਸ ਦੇ ਇਸ ਪਰਿਵਰਤਿਤ ਰੂਪ ਨਾਲ ਪੀੜਤ ਦੋ ਕੇਸ ਯੂਕੇ ਵਿੱਚ ਪਾਏ ਗਏ ਹਨ ਜੋ ਦੱਖਣੀ ਅਫਰੀਕਾ ਨਾਲ ਸੰਬੰਧਿਤ ਹਨ। ਸਿਹਤ ਸਕੱਤਰ ਮੈਟ ਹੈਨਕਾਕ ਨੇ ਬੁੱਧਵਾਰ ਨੂੰ ਡਾਊਨਿੰਗ ਸਟ੍ਰੀਟ ਦੀ ਇੱਕ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਲੰਡਨ ਅਤੇ ਉੱਤਰ ਪੱਛਮੀ ਇੰਗਲੈਂਡ ਨਾਲ ਸੰਬੰਧਿਤ ਇਹ ਦੋਵੇ ਵਿਅਕਤੀ ਦੱਖਣੀ




ਅਫਰੀਕਾ ਦੀ ਯਾਤਰਾ ਕਰਨ ਤੋਂ ਬਾਅਦ ਵਾਇਰਸ ਤੋਂ ਪ੍ਰਭਾਵਿਤ ਹੋਏ ਹਨ ਅਤੇ ਇਹਨਾਂ ਦੇ ਨਾਲ ਨੇੜਲੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਵੀ ਅਲੱਗ ਰੱਖਿਆ ਜਾ ਰਿਹਾ ਹੈ। ਇਸਦੇ ਨਾਲ ਹੀ ਦੱਖਣੀ ਅਫਰੀਕਾ ਤੋਂ ਯਾਤਰਾ 'ਤੇ ਤੁਰੰਤ ਪਾਬੰਦੀਆਂ ਦੇ ਨਾਲ ਪਿਛਲੇ ਪੰਦਰਾਂ ਦਿਨਾਂ ਦੌਰਾਨ ਉੱਥੇ ਯਾਤਰਾ ਕਰਨ ਵਾਲਿਆਂ ਨਾਲ ਸੰਪਰਕ ਕਰਕੇ, ਉਹਨਾਂ ਨੂੰ ਕੁਆਰੰਟੀਨ ਹੋਣ ਲਈ ਕਿਹਾ ਜਾ ਰਿਹਾ ਹੈ। ਕੋਰੋਨਾਂ ਵਾਇਰਸ ਦਾ ਇਹ ਰੂਪ ਦੱਖਣੀ ਅਫਰੀਕਾ ਵਿੱਚ ਭਾਰੀ ਚਿੰਤਾ ਦਾ ਕਾਰਨ ਬਣ ਰਿਹਾ ਹੈ ਅਤੇ ਤੰਦਰੁਸਤ ਲੋਕ ਹੁਣ ਬਹੁਤ ਬਿਮਾਰ ਹੋ ਰਹੇ ਹਨ। ਸਿਹਤ ਸਕੱਤਰ ਅਨੁਸਾਰ ਇਸ ਮੌਕੇ ਕ੍ਰਿਸਮਸ ਅਤੇ ਨਵੇਂ ਸਾਲ 2021 ਦੀ ਸ਼ੁਰੂਆਤ ਹੋਣ ਜਾ ਰਹੀ ਹੈ ਅਤੇ ਵਾਇਰਸ ਦਾ ਫੈਲ ਰਿਹਾ ਇਹ ਨਵਾਂ ਰੂਪ ਭਿਆਨਕ ਸਿੱਧ ਹੋ ਸਕਦਾ ਹੈ।

# ਵੇਲਜ਼ 'ਚ ਕੋਰੋਨਾਂ ਸੰਕਟ ਦੌਰਾਨ ਐਂਬੂਲੈਂਸ ਸੇਵਾਵਾਂ ਦੀ ਸਹਾਇਤਾ ਲਈ ਹੋਈ ਸੈਨਾ ਦੀ ਸਮੂਲੀਅਤ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਵੇਲਜ਼ ਵਿੱਚ ਕੋਰੋਨਾਂ ਵਾਇਰਸ ਦੀ ਲਾਗ ਦੇ ਮਰੀਜ਼ਾਂ ਨੂੰ ਸਿਹਤ ਸਹੂਲਤਾਂ ਤੱਕ ਪਹੁੰਚਾਉਣ ਲਈ ਸਿਹਤ ਵਿਭਾਗ ਦੀਆਂ ਐਂਬੂਲੈਂਸ ਸੇਵਾਵਾਂ ਨੂੰ ਹੋਰ ਬਿਹਤਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਬ੍ਰਿਟਿਸ਼ ਆਰਮੀ ਨੇ ਸਿਹਤ ਮਾਹਿਰਾਂ ਦੀ ਬੇਨਤੀ ਤੋਂ ਬਾਅਦ ਵੇਲਜ਼ ਵਿੱਚ ਵਿਭਾਗ ਦੀ ਸਹਾਇਤਾ ਲਈ ਕਦਮ ਚੁੱਕੇ ਹਨ।

ਇਸ ਖੇਤਰ ਵਿੱਚ ਕੋਵਿਡ -19 ਦੇ ਵੱਧ ਰਹੇ ਦਬਾਅ ਨਾਲ ਨਜਿੱਠਣ ਲਈ 90 ਦੇ ਕਰੀਬ ਰਾਇਲ ਲੌਜਿਸਟਿਕ ਕੋਰ ਅਤੇ ਰਾਇਲ ਆਰਮੀ ਮੈਡੀਕਲ ਕੋਰ ਦੇ ਜਵਾਨ ਤਾਇਨਾਤ ਕੀਤੇ ਗਏ ਹਨ। ਵੇਲਸ਼ ਐਂਬੂਲੈਂਸ ਸੰਚਾਲਨ ਦੇ ਨਿਰਦੇਸ਼ਕ, ਲੀ ਬਰੂਕਸ ਅਨੁਸਾਰ ਕੋਰੋਨਾਂ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਫੌਜ ਨੇ ਦੂਜੀ ਵਾਰ ਸਹਾਇਤਾ ਕੀਤੀ ਹੈ ਜਦਕਿ ਪਹਿਲੀ ਲਹਿਰ ਦੇ ਦੌਰਾਨ, ਮਿਲਟਰੀ ਨੇ ਪੀ ਪੀ ਈ ਵੰਡ ਕੇ, ਅਤੇ ਕਾਰਡਿਫ ਵਿੱਚ



ਇੱਕ ਅਸਥਾਈ ਹਸਪਤਾਲ ਬਣਾ ਕੇ ਵੇਲਜ਼ ਐਨ ਐਚ ਐਸ ਦੀ ਸਹਾਇਤਾ ਕੀਤੀ ਸੀ। ਇਸ ਸਮੇਂ ਵੀ ਸੈਨਾ ਦੇ ਜਵਾਨ ਹੋਰ ਸਹਾਇਤਾ ਦੇ ਨਾਲ ਟੀਕਾਕਰਨ ਪ੍ਰਕਿਰਿਆ ਲਈ ਟੀਕੇ ਦੀ ਸਪੁਰਦਗੀ ਵਿੱਚ ਵੀ ਸਹਾਇਤਾ ਕਰਨਗੇ।

ਬਰੂਕਸ ਨੇ ਅੱਗੇ ਬੋਲਦਿਆਂ ਦੱਸਿਆ ਕਿ ਕੋਰੋਨਾਂ ਦੇ ਵਧ ਰਹੇ ਕੇਸਾਂ ਅਤੇ ਵਧੇਰੇ ਸਟਾਫ ਦੇ ਗੈਰਹਾਜ਼ਰ ਹੋਣ ਕਾਰਨ ਐਂਬੂਲੈਂਸ ਸੇਵਾ ਵਧੀਆ ਸਹੂਲਤਾਂ ਪ੍ਰਦਾਨ ਕਰਨ ਵਿੱਚ ਮੁਸ਼ਕਿਲ ਦਾ ਸਾਹਮਣਾ ਕਰ ਰਹੀ ਸੀ, ਇਸ ਲਈ ਆਰਮੀ ਦੀ ਮੱਦਦ ਨਾਲ ਮਰੀਜ਼ਾਂ ਨੂੰ ਵਧੀਆ ਸਿਹਤ ਸੰਬੰਧੀ ਸਰਵਿਸ ਦੇਣ ਵਿੱਚ ਕਠਿਨਾਈ ਦਾ ਸਾਹਮਣਾ ਨਹੀ ਕਰਨਾ ਪਵੇਗਾ।

# ਯੂਕੇ 'ਚ ਨਹੀਂ ਰੁਕ ਰਿਹਾ ਕੋਰੋਨਾ- ਰੋਜ਼ਾਨਾ ਦੀ ਮੌਤ ਦਰ 'ਚ ਭਾਰੀ ਇਜਾਫਾ


**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਵਿੱਚ ਕੋਰੋਨਾਂ ਮਹਾਂਮਾਰੀ ਕਾਰਨ ਹੋ ਰਹੀਆਂ ਮੌਤਾਂ ਦੀ ਗਿਣਤੀ



ਵਿੱਚ ਦੁਬਾਰਾ ਤੋਂ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਇਸ ਹਫਤੇ ਦੇਸ਼ ਵਿੱਚ ਬੁੱਧਵਾਰ ਨੂੰ 744 ਹੋਰ ਕੋਰੋਨਾਂ ਵਾਇਰਸ ਮੌਤਾਂ ਦਰਜ ਕੀਤੀਆਂ ਗਈਆਂ ਹਨ, ਜੋ ਕਿ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦਾ ਸਭ ਤੋਂ ਵੱਧ ਰੋਜ਼ਾਨਾ ਦਾ ਅੰਕੜਾ ਹੈ, ਜਿਸ ਨਾਲ ਯੂਕੇ 'ਚ ਮੌਤਾਂ ਦਾ ਕੁੱਲ ਅੰਕੜਾ 69,051 ਹੋ ਗਿਆ ਹੈ। ਇਸਦੇ ਨਾਲ ਹੀ ਤਕਰੀਬਨ 39,000 ਤੋਂ ਵੱਧ ਨਵੇਂ ਕੋਰੋਨਾਂ ਵਾਇਰਸ ਕੇਸ ਵੀ ਦਰਜ ਹੋਏ ਹਨ। ਸਿਹਤ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਯੂਕੇ ਨੇ ਪਿਛਲੇ 24 ਘੰਟਿਆਂ ਦੌਰਾਨ 39,237 ਵਾਇਰਸ ਦੇ ਨਵੇਂ ਕੇਸਾਂ ਦੀ ਪੁਸ਼ਟੀ ਕੀਤੀ ਹੈ ਅਤੇ ਇਸ ਗਿਣਤੀ ਨੇ ਮੰਗਲਵਾਰ ਨੂੰ ਰਿਕਾਰਡ ਕੀਤੇ ਗਏ 36,804 ਸਕਾਰਾਤਮਕ ਟੈਸਟਾਂ ਦੇ ਰਿਕਾਰਡ ਨੂੰ ਤੋੜਿਆ ਹੈ। ਇਸ ਦੇ ਨਤੀਜੇ ਵਜੋਂ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਕੋਰੋਨਾਂ ਦੇ ਲੱਗਭਗ 2,149,551 ਸਕਾਰਾਤਮਕ ਨਤੀਜੇ ਦਰਜ ਹੋਏ ਹਨ। ਵਾਇਰਸ ਦੀ ਲਾਗ ਦੇ ਵਧ ਰਹੇ ਮਾਮਲਿਆਂ ਨੂੰ ਕਾਬੂ ਕਰਨ ਲਈ ਸਿਹਤ ਸੱਕਤਰ ਨੇ ਇੰਗਲੈਂਡ ਦੇ ਕਈ ਖੇਤਰਾਂ ਨੂੰ 26 ਦਸੰਬਰ ਤੋਂ ਟੀਅਰ ਚਾਰ ਪੱਧਰ 'ਚ ਸ਼ਾਮਲ ਕਰਨ ਦੀ ਘੋਸ਼ਣਾ ਕੀਤੀ ਹੈ।

# ਇੰਗਲੈਂਡ ਦੇ ਛੇ ਮਿਲੀਅਨ ਹੋਰ ਲੋਕ ਹੋਣਗੇ ਟੀਅਰ 4 ਤਾਲਾਬੰਦੀ ਪੱਧਰ ਵਿੱਚ ਦਾਖਲ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਇੰਗਲੈਂਡ ਵਿੱਚ ਕੋਰੋਨਾਂ ਵਾਇਰਸ ਪ੍ਰਤੀ ਸੁਰੱਖਿਆ ਕਾਰਨਾਂ ਕਰਕੇ ਅਤੇ ਮਹਾਂਮਾਰੀ ਨੂੰ ਕਾਬੂ ਕਰਨ ਦੇ ਯਤਨਾਂ ਤਹਿਤ ਸਿਹਤ ਸਕੱਤਰ ਮੈਟ ਹੈਨਕਾਕ ਨੇ ਇੰਗਲੈਂਡ ਦੇ ਪੂਰਬੀ ਅਤੇ ਦੱਖਣ ਪੂਰਬ ਵਿੱਚ 60 ਲੱਖ ਹੋਰ ਲੋਕ ਬਾਕਸਿੰਗ ਡੇਅ 26 ਦਸੰਬਰ 'ਤੇ ਚੌਥੇ ਪੱਧਰ ਦੀਆਂ ਜਿਆਦਾ ਪਾਬੰਦੀਆਂ ਵਾਲੇ ਤਾਲਾਬੰਦੀ ਪ੍ਰਬੰਧ ਵਿੱਚ ਦਾਖਲ ਕਰਨ ਦੀ ਘੋਸ਼ਣਾ ਕੀਤੀ ਹੈ। ਇਸਦੇ ਇਲਾਵਾ ਬਹੁਤ ਸਾਰੇ ਖੇਤਰ ਲੈਵਲ ਤਿੰਨ ਅਤੇ ਦੋ ਵਿੱਚ ਵੀ ਚਲੇ ਜਾਣਗੇ। ਇਹਨਾਂ ਨਵੀਆਂ ਪਾਬੰਦੀਆਂ ਤਹਿਤ ਲੈਵਲ ਚਾਰ ਵਿੱਚ ਸੁਸੇਕਸ, ਆਕਸਫੋਰਡਸ਼ਾਇਰ, ਸੁਫੋਲਕ, ਨੋਰਫੋਕ, ਕੈਮਬ੍ਰਿਜਸ਼ਾਇਰ, ਹੈਂਪਸ਼ਾਇਰ, ਨਿਊ ਫੋਰੈਸਟ ਏਸੇਕਸ ਅਤੇ ਸਰੀ ਦੇ ਖੇਤਰ ਸ਼ਾਮਲ ਹੋਣਗੇ। ਇਸ ਪੱਧਰ ਵਿੱਚ&; ਜਾਣ ਵਾਲੇ 6 ਮਿਲੀਅਨ ਲੋਕਾਂ ਦੀ ਇਹ ਕੁੱਲ ਸੰਖਿਆ ਸਖਤ ਪਾਬੰਦੀਆਂ ਅਧੀਨ ਆਉਂਦੀ ਇੰਗਲੈਂਡ ਦੀ 43% ਅਬਾਦੀ ਦਾ ਹਿੱਸਾ ਹੈ। ਇਸਦੇ ਇਲਾਵਾ ਬ੍ਰਿਸਟਲ, ਗਲੌਸਟਰਸ਼ਾਇਰ, ਸਮਰਸੈੱਟ, ਨੌਰਥ ਸਮਰਸੈੱਟ, ਸਵਿੰਡਨ, ਆਈਲ ਆਫ ਵਿੱਟ, ਨਿਊ ਫੋਰੈਸਟ, ਨੌਰਥੈਂਪਟਨਸ਼ਾਇਰ,




ਚੈਸ਼ਾਇਰ ਅਤੇ ਵਾਰਿੰਗਟਨ ਦੇ ਖੇਤਰ ਵੀ ਪੱਧਰ ਦੋ ਤੋਂ ਤਿੰਨ ਵਿੱਚ ਤਬਦੀਲ ਕੀਤੇ ਜਾਣਗੇ। ਜਦਕਿ ਕੋਰਨਵਾਲ ਅਤੇ ਹੇਅਰਫੋਰਡਸ਼ਾਇਰ ਟੀਅਰ ਦੋ ਵਿੱਚ ਚਲੇ ਜਾਣਗੇ। ਜਾਰੀ ਹੋ ਰਹੇ ਇਹ ਨਵੇਂ ਨਿਯਮ ਇੰਗਲੈਂਡ ਦੇ ਪਿਛਲੇ ਕੌਮੀ ਲਾਕਡਾਊਨ ਦੇ ਬਰਾਬਰ ਹਨ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਕੈਲੀਫੋਰਨੀਆਂ ਨੇ ਛੂਹਿਆ ਕੋਰੋਨਾਂ ਵਾਇਰਸ ਦੇ 2 ਮਿਲੀਅਨ ਪੁਸ਼ਟੀ ਕੀਤੇ ਕੇਸਾਂ ਦਾ ਅੰਕੜਾ


**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਅਮਰੀਕੀ ਸੂਬੇ ਕੈਲੀਫੋਰਨੀਆਂ ਵਿੱਚ ਵਾਇਰਸ ਦੀ ਲਾਗ ''ਚ ਹੋ ਰਹੇ ਲਗਾਤਾਰ ਵਾਧੇ ਨੇ ਪ੍ਰਸ਼ਾਸਨ ਨੂੰ ਵੱਡੀ ਮੁਸੀਬਤ ਵਿੱਚ ਪਾਇਆ ਹੋਇਆ ਹੈ। ਇਸ ਪ੍ਰਾਂਤ ਵਿੱਚ ਕੋਰੋਨਾਂ ਵਾਇਰਸ ਦੇ ਪੁਸ਼ਟੀ ਕੀਤੇ ਮਾਮਲਿਆਂ ਦੀ ਗਿਣਤੀ ਦੋ ਮਿਲੀਅਨ ਤੱਕ ਪਹੁੰਚ ਗਈ ਹੈ ਅਤੇ ਇਸ ਪੱਧਰ ਤੇ ਪਹੁੰਚਣ ਵਾਲਾ ਇਹ ਪਹਿਲਾ ਸੂਬਾ ਬਣ ਗਿਆ ਹੈ। ਜਾਨਸ ਹਾਪਕਿੰਸ ਯੂਨੀਵਰਸਿਟੀ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਦੇਸ਼ ਦੀ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਵਿੱਚ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 2,010,157 ਲਾਗ ਦੇ ਮਾਮਲੇ ਦਰਜ ਕੀਤੇ ਗਏ ਹਨ, ਜਦਕਿ 23,000 ਤੋਂ ਵੱਧ ਲੋਕ ਇਸ ਵਾਇਰਸ ਨਾਲ ਮਰ ਚੁੱਕੇ ਹਨ। ਸਿਹਤ ਅਧਿਕਾਰੀਆਂ ਅਨੁਸਾਰ ਰਾਜ ਵਿੱਚ ਵਾਇਰਸ ਦੀ ਵਧੀ ਲਾਗ ਪਿੱਛੇ ਲੋਕਾਂ ਦੁਆਰਾ ਕੀਤੀ ਅਣਗਹਿਲੀ ਅਤੇ ਥੈਂਕਸਗਿਵਿੰਗ ਵਰਗੇ ਤਿਉਹਾਰਾਂ ਮੌਕੇ ਕੀਤੇ ਇਕੱਠਾਂ ਦੀ ਲਾਪ੍ਰਵਾਹੀ ਹੈ। ਇਸ ਲਗਾਤਾਰ ਹੋਏ ਵਾਧੇ ਨਾਲ ਤਕਰੀਬਨ 18,000 ਤੋਂ ਵੱਧ ਲੋਕ ਹਸਪਤਾਲਾਂ ਵਿੱਚ ਦਾਖਲ ਹਨ। ਹਸਪਤਾਲਾਂ ਵਿੱਚ ਦਾਖਲ ਹੋਣ ਦੀਆਂ ਦਰਾਂ ਤੇ ਮੌਤਾਂ ਨੇ ਗੰਭੀਰ ਦੇਖਭਾਲ ਯੂਨਿਟਾਂ ਨੂੰ ਵੀ ਸਮਰੱਥਾ ਤੋਂ ਬਾਹਰ ਕਰ ਦਿੱਤਾ ਹੈ ਅਤੇ ਐਮਰਜੈਂਸੀ ਦਾ ਸਾਹਮਣਾ ਕਰਨ ਲਈ ਹੋਰ ਸੰਬੰਧਿਤ ਥਾਵਾਂ ਤੇ ਮਰੀਜ਼ਾਂ ਦੇ ਇਲਾਜ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਵਾਇਰਸ ਦੇ ਮੱਦੇਨਜ਼ਰ ਲੱਗਭਗ ਪੂਰਾ ਰਾਜ ਇੱਕ ਸਟੇ ਐਟ ਹੋਮ ਆਰਡਰ ਦੇ ਅਧੀਨ ਹੈ ਅਤੇ ਬਹੁਤ ਸਾਰੇ ਕਾਰੋਬਾਰ ਬੰਦ ਕਰਨ ਦੇ ਨਾਲ ਜਿਆਦਾਤਰ ਪ੍ਰਚੂਨ ਸਹੂਲਤਾਂ ਨੂੰ 20% ਦੀ ਸਮਰੱਥਾ ਤੇ ਸੀਮਤ ਕੀਤਾ ਗਿਆ ਹੈ ਜਦਕਿ ਰੈਸਟੋਰੈਂਟ ਸਿਰਫ ਟੇਕਆਉਟ ਦੀ ਸੇਵਾ ਪ੍ਰਦਾਨ ਕਰ ਸਕਦੇ ਹਨ।



ਕੈਲੀਫੋਰਨੀਆਂ ਵਿੱਚ ਬੁੱਧਵਾਰ ਨੂੰ 361 ਮੌਤਾਂ ਦੀ ਦੂਜੀ ਸਭ ਤੋਂ ਵੱਡੀ ਗਿਣਤੀ ਦਰਜ ਕੀਤੀ ਗਈ ਅਤੇ ਇੰਟੈਂਸਿਵ ਕੇਅਰ ਯੂਨਿਟਾਂ ਵਿੱਚ ਵੀ ਕੋਰੋਨਾਂ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਸਿਰਫ ਤਿੰਨ ਹਫ਼ਤਿਆਂ ਵਿੱਚ ਹੀ ਤਕਰੀਬਨ ਦੁੱਗਣੀ ਹੋ ਕੇ 3,827 ਤੱਕ ਪਹੁੰਚ ਗਈ ਹੈ, ਜਦੋਂ ਕਿ ਰਾਜ ਦੀ ਆਈ ਸੀ ਯੂ ਦੀ ਸਮਰੱਥਾ ਘਟ ਕੇ 1.1% ਰਹਿ ਗਈ ਹੈ ਜਿਹੜੀ ਕਿ ਦੋ ਦਿਨ ਪਹਿਲਾਂ 2.5 ਤੋਂ ਹੇਠਾਂ ਆਈ ਹੈ। ਇਸਦੇ ਇਲਾਵਾ ਇੱਕ ਦਿਨ ਵਿੱਚ 605 ਨਵੇਂ ਮਰੀਜ਼ਾਂ ਦੇ ਹਸਪਤਾਲ ਵਿੱਚ ਦਾਖਲ ਹੋਣ ਨਾਲ ਇਹ ਗਿਣਤੀ 1ਦਸੰਬਰ ਤੋਂ ਵੱਧ ਕੇ 18,828 ਤੱਕ ਪਹੁੰਚ ਗਈ ਹੈ।

# ਵਿਦਿਆਰਥੀਆਂ ਲਈ ਹੋਣਗੇ ਟਿਊਸ਼ਨ ਮੁਕਤ ਕਮਿਊਨਿਟੀ ਕਾਲਜ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਅਮਰੀਕਾ ਵਿੱਚ ਉੱਚ ਸਿੱਖਿਆ ਨੂੰ ਪ੍ਰਫੁਲਿਤ ਕਰਨ ਲਈ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੇ ਬੁੱਧਵਾਰ ਨੂੰ ਇੱਕ ਟਵੀਟ ਵਿੱਚ ਕਮਿਊਨਿਟੀ ਕਾਲਜਾਂ ਨੂੰ ਟਿਊਸ਼ਨ ਮੁਕਤ ਬਣਾਉਣ ਦਾ ਵਾਅਦਾ ਕੀਤਾ ਹੈ। ਬਾਈਡੇਨ ਅਨੁਸਾਰ ਇਸ 21 ਵੀਂ ਸਦੀ ਵਿੱਚ ਦੇਸ਼ ਦੀਆਂ ਦੀਆਂ ਕਿੱਤਾਮੁਖੀ ਮੰਗਾਂ ਲਈ ਇੱਕ ਹਾਈ ਸਕੂਲ ਡਿਪਲੋਮਾ ਹੁਣ ਕਾਫ਼ੀ ਨਹੀਂ ਹੈ। ਇਸ ਲਈ ਬਾਈਡੇਨ-ਹੈਰਿਸ ਦੀ ਯੋਜਨਾ ਤਹਿਤ ਕਮਿਊਨਿਟੀ ਕਾਲਜਾਂ ਨੂੰ ਮੁਫਤ ਕੀਤਾ ਜਾਵੇਗਾ ਅਤੇ ਇਸਦੇ ਨਾਲ ਹੀ ਪਬਲਿਕ ਕਾਲਜ ਅਤੇ ਯੂਨੀਵਰਸਿਟੀਆਂ ,ਇੱਕ ਸਾਲ ਸਾਲ ਵਿੱਚ 125,000 ਡਾਲਰ ਤੋਂ ਘੱਟ ਕਮਾਈ ਕਰਨ ਵਾਲੇ ਪਰਿਵਾਰਾਂ ਲਈ ਟਿਊਸ਼ਨ ਮੁਕਤ ਹੋਣਗੇ। ਸੈਨੇਟਰ



ਚਾਰਲਸ ਸ਼ੁਚੂਮਰ&; ਨੇ ਵੀ ਬਾਈਡੇਨ ਨੂੰ ਵਿੱਤੀ ਦਬਾਅ ਦਾ ਸਾਹਮਣਾ ਕਰ ਰਹੇ ਅਮਰੀਕੀ ਵਿਦਿਆਰਥੀਆਂ ਦੀ ਸਹਾਇਤਾ ਕਰਨ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਕਾਂਗਰਸ ਵਿਚਲੇ ਬਾਈਡੇਨ ਸਹਿਯੋਗੀ ਲੋਕਾਂ ਨੇ ਵੀ ਕੁਝ ਸਮੇਂ ਤੋਂ ਨਵੇਂ ਪ੍ਰਸ਼ਾਸਨ ਦੁਆਰਾ ਉਠਾਏ ਜਾਣ ਵਾਲੇ ਇਸੇ ਤਰ੍ਹਾਂ ਦੇ ਉਪਾਅ ਲਈ ਦਬਾਅ ਪਾਇਆ ਗਿਆ ਸੀ। ਇਸ ਮਹੀਨੇ ਦੀ ਸ਼ੁਰੂਆਤ ਵਿੱਚ ਸ਼ੁਚੂਮਰ ਨੇ ਵਿਦਿਆਰਥੀਆਂ ਦੇ ਕਰਜ਼ੇ ਨੂੰ ਖਤਮ ਕਰਨ ਦੀ ਮੰਗ ਕਰਦਿਆਂ, ਵਿਦਿਆਰਥੀਆਂ ਵੱਲ ਬਕਾਇਆ ਰੱਖੇ ਗਏ 90 ਬਿਲੀਅਨ ਡਾਲਰ ਵੱਲ ਇਸ਼ਾਰਾ ਕੀਤਾ ਸੀ। ਬਾਈਡੇਨ ਦੇ ਵੈਬਪੇਜ਼ ਅਨੁਸਾਰ ਇਹ ਸਾਰੇ ਪ੍ਰਸਤਾਵ ਰਾਜਾਂ ਦੇ ਨਾਲ ਸਕੂਲ ਪ੍ਰਬੰਧ ਅਤੇ ਸਟਾਫ ਦੀ ਭਾਈਵਾਲੀ ਵਿੱਚ ਲਾਗੂ ਕੀਤੇ ਜਾਣਗੇ।

# ਨਿਊਯਾਰਕ 'ਚ ਇਸ ਸਾਲ ਅਸਲਾ ਲਾਈਸੈਂਸ ਅਰਜ਼ੀਆਂ ਵਿੱਚ ਹੋਇਆ ਭਾਰੀ ਵਾਧਾ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਇਸ ਸਾਲ ਕੋਰੋਨਾਂ ਮਹਾਂਮਾਰੀ ਦੇ ਦੌਰਾਨ ਗੋਲੀਬਾਰੀ ਅਤੇ ਹੋਰ ਹਿੰਸਕ ਘਟਨਾਵਾਂ ਵਿੱਚ ਹੋਏ ਵਾਧੇ ਨੇ ਅਮਰੀਕੀ ਲੋਕਾਂ ਨੂੰ ਆਪਣੀ ਸੁਰੱਖਿਆ ਦੇ ਮੰਤਵ ਨਾਲ ਅਸਲਾ ਖਰੀਦਣ ਲਈ ਉਤਸ਼ਾਹਿਤ ਕੀਤਾ ਹੈ। ਇਸ ਸਮੇਂ ਦੌਰਾਨ ਨਿਊਯਾਰਕ ਦੇ ਲੋਕਾਂ ਦੁਆਰਾ ਹੈਰਾਨੀਜਨਕ ਵਾਧੇ ਦੇ ਨਾਲ 9000 ਦੇ ਕਰੀਬ ਅਸਲੇ ਨੂੰ ਖਰੀਦਣ ਲਈ ਪਰਮਿਟ ਵਾਸਤੇ ਅਰਜ਼ੀਆਂ ਦਿ-ੱਤੀਆਂ ਹਨ। ਪਰ ਇਸ ਸੰਬੰਧੀ ਨਿਊਯਾਰਕ ਪੁਲਿਸ ਵਿਭਾਗ ਨੇ ਅਸਲਾ ਲਾਈਸੈਂਸ ਦੀਆਂ ਅਰਜ਼ੀਆਂ ਦਾ ਵੱਡਾ ਹਿੱਸਾ ਰੱਦ ਕਰਦਿਆਂ 1,100 ਤੋਂ ਵੀ ਘੱਟ ਉੱਤੇ ਦਸਤਖਤ ਕੀਤੇ ਹਨ। ਮਹਾਂਮਾਰੀ ਸ਼ੁਰੂ




ਹੋਣ 'ਤੇ 22 ਮਾਰਚ ਤੋਂ ਬਾਅਦ ਪਹਿਲੀ ਵਾਰ ਪਿਸਟਲ ਅਤੇ ਰਾਈਫਲ ਪਰਮਿਟ ਲੈਣ ਲਈ 8,088 ਅਰਜ਼ੀਆਂ ਦਿੱਤੀਆਂ ਗਈਆਂ ਹਨ, ਜਦਕਿ 22 ਮਾਰਚ ਤੋਂ 31 ਦਸੰਬਰ 2019 ਦੇ ਵਿਚਕਾਰ ਇਹ ਗਿਣਤੀ 2,562 ਸੀ। ਅਧਿਕਾਰਤ ਅੰਕੜਿਆਂ ਅਨੁਸਾਰ, ਇਹਨਾਂ ਬੇਨਤੀਆਂ ਵਿੱਚੋਂ ਸਿਰਫ 1,087 ਅਰਜ਼ੀਆਂ ਨੂੰ ਹੀ ਮਨਜ਼ੂਰੀ ਦਿੱਤੀ ਗਈ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੀ ਗਿਣਤੀ 1,778 ਤੋਂ ਘੱਟ ਹੈ। ਪੁਲਿਸ ਦੇ ਅੰਕੜਿਆਂ ਅਨੁਸਾਰ ਇਸ ਸਾਲ ਦੇ ਗੋਲੀਬਾਰੀ ਵਿੱਚ ਹੋਏ 98 ਪ੍ਰਤੀਸ਼ਤ ਵਾਧੇ ਕਾਰਨ ਲੋਕਾਂ ਦੀ ਸੁਰੱਖਿਆ ਲਈ ਪਾਸ ਕੀਤੀਆਂ ਜਾਣ ਵਾਲੀਆਂ ਅਰਜ਼ੀਆਂ ਵਿੱਚ ਕਮੀ ਕੀਤੀ ਗਈ ਹੈ। ਇਸ ਸਾਲ ਲੋਕ ਲੁੱਟਾਂ ਅਤੇ ਹੋਰ ਘਟਨਾਵਾਂ ਤੋਂ ਆਪਣੀ ਰੱਖਿਆ ਖੁਦ ਕਰਨਾ ਚਾਹੁੰਦੇ ਹਨ, ਅਤੇ ਅਸਲੇ ਨੂੰ ਜਾਰੀ ਕਰਨ ਨਾਲ ਅਪਰਾਧ ਹੋਰ ਵਧ ਸਕਦਾ ਹੈ। ਇਸਦੇ ਇਲਾਵਾ ਪੁਲਿਸ ਵਿਭਾਗ ਦੇ ਇੱਕ ਅਧਿਕਾਰੀ ਅਨੁਸਾਰ ਲਾਇਸੈਂਸ ਡਿਵੀਜ਼ਨ ''ਚ ਅਰਜ਼ੀਆਂ ਦਾ ਨਿਪਟਾਰਾ ਕਰਨ ਲਈ ਕਰਮਚਾਰੀਆਂ ਦੀ ਘਾਟ ਵੀ ਇਸ ਸਥਿਤੀ ਦਾ ਇੱਕ ਕਾਰਨ ਹੈ।

# ਕਾਲੇ ਮੂਲ ਦੀ ਮਹਿਲਾ ਡਾਕਟਰ ਨੇ ਹਸਪਤਾਲ 'ਤੇ ਲਗਾਏ ਨਸਲਵਾਦੀ ਭੇਦਭਾਵ ਦੇ ਇਲਜ਼ਾਮ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਇੰਡੀਆਨਾਪੋਲਿਸ ਵਿੱਚ ਇੱਕ ਕਾਲੇ ਮੂਲ ਦੀ ਮਹਿਲਾ ਡਾਕਟਰ, ਜਿਸ ਦੀ ਇੱਕ ਹਸਪਤਾਲ ਵਿੱਚ ਕੋਰੋਨਾਂ ਵਾਇਰਸ ਨਾਲ ਲੜਦਿਆਂ ਮੌਤ ਹੋ ਗਈ ਸੀ ਨੇ ਮਰਨ ਤੋਂ ਪਹਿਲਾਂ ਇੱਕ ਵੀਡੀਓ ਰਾਹੀ ਉਸਦੀ ਬਲੈਕ ਜਾਤੀ ਕਾਰਨ ਇੰਡੀਆਨਾ ਦੇ ਇੱਕ ਹਸਪਤਾਲ 'ਤੇ ਬਦਸਲੂਕੀ ਅਤੇ ਸਹੀ ਦੇਖਭਾਲ ਵਿੱਚ ਦੇਰੀ ਕਰਨ ਦੇ ਇਲਜ਼ਾਮ ਲਗਾਏ ਸਨ।

ਇਸ ਮਾਮਲੇ ਵਿੱਚ ਡਾ. ਸੁਜ਼ਨ ਮੂਰ (52) ਦੀ ਮੌਤ 20 ਦਸੰਬਰ ਨੂੰ ਕੋਰੋਨਾਂ ਵਾਇਰਸ ਨਾਲ ਹੋਈ ਸੀ ਅਤੇ ਇਸ ਤੋਂ ਪਹਿਲਾਂ ਉਸਨੇ ਆਈ.ਯੂ. ਹੈਲਥ ਨੌਰਥ ਅਤੇ ਬਾਅਦ ਵਿਚ ਅਸੈਂਸੀਅਨ-ਸੇਂਟ ਵਿਨਸੈਂਟ ਕਾਰਲ, ਇੰਡੀਆਨਾ ਵਿੱਚ ਆਪਣਾ ਇਲਾਜ ਚਾਲੂ ਕਰਵਾਇਆ ਸੀ।

ਇਲਾਜ ਦੌਰਾਨ ਆਈ ਯੂ ਹੈਲਥ ਹਸਪਤਾਲ ਵਿੱਚ ਪ੍ਰਦਾਨ ਕੀਤੀਆਂ ਦੇਖਭਾਲ ਸਹੂਲਤਾਂ ਸੰਬੰਧੀ ਆਪਣੀਆਂ ਸਿਕਾਇਤਾਂ ਨੂੰ ਉਸਨੇ ਵੀਡੀਓ ਰਾਹੀ ਫੇਸਬੁੱਕ 'ਤੇ ਅਪਡੇਟ ਕੀਤਾ ਸੀ। 4 ਦਸੰਬਰ ਨੂੰ ਉਸਨੇ ਦੱਸਿਆ ਕਿ ਹਸਪਤਾਲ 'ਚ ਇਲਾਜ ਵਿੱਚ ਦੇਰੀ ਉਸ ਦੀ ਚਮੜੀ ਦੇ ਰੰਗ ਤੋਂ ਪ੍ਰਭਾਵਿਤ ਸੀ। ਆਪਣੇ ਫੇਸਬੁੱਕ ਪੇਜ 'ਤੇ ਪੋਸਟ ਕੀਤੀ ਗਈ ਸਾਢੇ ਸੱਤ ਮਿੰਟ ਦੀ ਇਸ ਵੀਡੀਓ ਵਿੱਚ, ਮੂਰ ਨੇ ਆਈ ਯੂ ਹਸਪਤਾਲ ਦੀ ਨਿਰਾਸ਼ਾਜਨਕ ਸਿਹਤ ਪ੍ਰਣਾਲੀ ਦੀ ਗੱਲ ਕੀਤੀ। ਮੂਰ ਅਨੁਸਾਰ ਉਸਦੀ ਗਰਦਨ ਦੇ ਦਰਦ ਦੀਆਂ ਸ਼ਿਕਾਇਤਾਂ ਦੀ ਅਣਦੇਖੀ ਕਰਨ ਦੇ ਨਾਲ ਡਾਕਟਰ ਦੁਆਰਾ ਉਸਨੂੰ ਦਰਦ ਦੀ ਦਵਾਈ ਮੁਹੱਈਆ ਕਰਵਾਉਣ ਤੋਂ ਇਨਕਾਰ ਕੀਤਾ ਗਿਆ।


# ਅਮਰੀਕੀ ਪ੍ਰਸ਼ਾਸਨ ਖਰੀਦੇਗਾ ਫਾਈਜ਼ਰ ਦੇ ਕੋਰੋਨਾ ਵਾਇਰਸ ਟੀਕੇ ਦੀਆਂ ਹੋਰ 100 ਮਿਲੀਅਨ ਖੁਰਾਕਾਂ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਅਮਰੀਕਾ ਵਿੱਚ ਕੋਰੋਨਾਂ ਵਾਇਰਸ ਦੇ ਖਿਲਾਫ ਜੰਗ ਨੂੰ ਜਾਰੀ ਰੱਖਣ ਦੇ ਮੰਤਵ ਨਾਲ ਟਰੰਪ ਪ੍ਰਸ਼ਾਸਨ ਨੇ ਬੁੱਧਵਾਰ ਨੂੰ ਘੋਸ਼ਣਾ ਕਰਦਿਆਂ ਕਿਹਾ ਹੈ ਸਰਕਾਰ ਫਾਈਜ਼ਰ ਦੇ ਕੋਵਿਡ -19 ਟੀਕੇ ਦੀਆਂ ਹੋਰ 100 ਮਿਲੀਅਨ ਖੁਰਾਕਾਂ ਨੂੰ ਖਰੀਦਿਆ ਜਾਵੇਗਾ ਤਾਂ ਕਿ ਟੀਕਾ ਲਗਵ-ਾਉਣ ਵਾਲੇ ਅਮਰੀਕਾ ਵਾਸੀਆਂ ਨੂੰ ਜੂਨ ਤੱਕ ਇਸਦੀ ਖੁਰਾਕ ਦਿੱਤੀ ਜਾ ਸਕੇ। ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ (ਐਚ ਐਸ ਐਸ ) ਦੇ ਅਨੁਸਾਰ ਫਾਈਜ਼ਰ ਕੰਪਨੀ ਟੀਕੇ ਦੀਆਂ 100 ਮਿਲੀਅਨ ਖੁਰਾਕਾਂ ਦਾ ਨਿਰਮਾਣ ਕਰਕੇ ਸਰਕਾਰ ਦੁਆਰਾ ਨਿਰਧਾਰਤ ਸਥਾਨਾਂ 'ਤੇ ਪਹੁੰਚਾਵੇਗੀ ਜਦਕਿ ਸੰਯੁਕਤ ਰਾਜ ਦੁਆਰਾ 100 ਮਿਲੀਅਨ ਖੁਰਾਕਾਂ ਪਹਿਲਾਂ ਹੀ ਖਰੀਦੀਆਂ ਜਾ ਚੁੱਕੀਆਂ ਹਨ। ਇਸਦੇ ਇਲਾਵਾ ਵਿਭਾਗ ਅਨੁਸਾਰ ਕੰਪਨੀ ਨਾਲ ਸਮਝੌਤੇ ਦੇ ਤਹਿਤ, ਫਾਈਜ਼ਰ ਜੂਨ ਦੇ ਅੰਤ ਤੱਕ ਘੱਟੋ ਘੱਟ 70 ਮਿਲੀਅਨ ਅਤੇ ਜੁਲਾਈ ਦੇ ਅੰਤ ਤੱਕ 30 ਮਿਲੀਅਨ ਖੁਰਾਕਾਂ ਦੇਸ ਨੂੰ ਪ੍ਰਦਾਨ ਕਰੇਗਾ ਜਿਸ ਨਾਲ ਫੈਡਰਲ ਸਰਕਾਰ ਦੁਆਰਾ ਖਰੀਦੀਆਂ ਗਈਆਂ ਫਾਈਜ਼ਰ ਟੀਕੇ ਦੀਆਂ ਖੁਰਾਕਾਂ ਦੀ ਕੁੱਲ ਸੰਖਿਆ 200 ਮਿਲੀਅਨ ਤੱਕ ਹੋ ਜਾਵੇਗੀ। ਐਚ ਐਸ ਐਸ ਦੇ ਸਕੱਤਰ ਐਲੇਕਸ ਅਜ਼ਰ ਨੇ ਬੁੱਧਵਾਰ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ ਕਿ ਟੀਕਿਆਂ ਦੀ ਇਸ ਖਰੀਦ ਨਾਲ ਅਮਰੀਕਾ ਵਾਸੀਆਂ ਨੂੰ ਜੂਨ 2021 ਤੱਕ ਟੀਕਾਕਰਨ ਸੰਬੰਧੀ ਲੋੜੀਂਦੀ ਸਪਲਾਈ ਹੋਣ ਲਈ ਭਰੋਸਾ ਮਿਲੇਗਾ, ਹਾਲਾਂਕਿ ਅਗਲੇ ਸਾਲ ਟੀਕਾਕਰਨ ਦੀ ਜਿੰਮੇਵਾਰੀ ਆਉਣ ਵਾਲੇ ਬਾਈਡੇਨ ਪ੍ਰਸ਼ਾਸਨ 'ਤੇ ਹੋਵੇਗੀ।




# ਬਾਲਟੀਮੋਰ ਦੀ ਬਿਲਡਿੰਗ ਵਿੱਚ ਹੋਏ ਧਮਾਕੇ ਨਾਲ ਹੋਏ 23 ਵਰਕਰ ਜਖਮੀ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਬਾਲਟੀਮੋਰ ਦੀ ਇੱਕ ਉੱਚੀ ਇਮਾਰਤ ਵਿੱਚ ਬੁੱਧਵਾਰ ਨੂੰ ਹੋਏ ਧਮਾਕੇ ਕਾਰਨ ਉੱਥੇ ਕੰਮ ਕਰਦੇ ਤਕਰੀਬਨ 23 ਵਿਅਕਤੀ ਜਖਮੀ ਹੋਏ ਹਨ ਜਦਕਿ ਇਸ ਧਮਾਕੇ ਦੌਰਾਨ ਵਿੰਡੋ ਵਾਸ਼ਿੰਗ ਦਾ ਕੰਮ ਕਰ ਰਹੇ ਕਾਮੇ ਵੀ ਇੱਕ ਪੈੜ ਉੱਤੇ ਅਸਥਾਈ ਤੌਰ ਤੇ ਫਸ ਗਏ ਸਨ। ਇਸ ਹਾਦਸੇ ਤੋਂ ਬਾਅਦ ਪੀੜਤ ਲੋਕਾਂ ਵਿਚੋਂ ਲੱਗਭਗ 21 ਉਸਾਰੀ ਕਾਮੇ ਸਨ ,ਜਿਹਨਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਸ਼ਹਿਰ ਦੇ ਅੱਗ ਬੁਝਾਊ ਵਿਭਾਗ ਨੇ ਟਵੀਟ ਕਰਦਿਆਂ ਦੱਸਿਆ ਕਿ ਪੀੜਤਾਂ ਵਿਚੋਂ ਘੱਟੋ-ਘੱਟ 9 ਦੀ ਹਾਲਤ ਜ਼ਿਆਦਾ ਗੰਭੀਰ ਹੈ। ਇਸ ਤੋਂ ਇਲਾਵਾ ਖਿੜਕੀ ਸਾਫ ਕਰਨ ਵਾਲੇ ਕਾਮਿਆਂ ਨੂੰ ਇੱਕ ਖਿੜਕੀ ਦੇ ਜ਼ਰੀਏ ਬਚਾਇਆ ਗਿਆ। ਅੱਗ ਬੁਝਾਊ ਵਿਭਾਗ ਅਨੁਸਾਰ ਇਹ ਧਮਾਕਾ ਇਮਾਰਤ ਦੀ 16 ਵੀਂ ਮੰਜ਼ਲਿ 'ਤੇ ਹੋਇਆ ਸੀ ਜਿੱਥੇ ਕਿ ਬਾਲਟੀਮੋਰ ਗੈਸ ਅਤੇ ਇਲੈਕਟ੍ਰਿਕ ਕੰਪਨੀ ਦੇ ਦਫਤਰ ਸਥਿਤ ਹਨ ਅਤੇ ਕੰਪਨੀ ਦੀ ਅਧਿਕਾਰੀ ਸਟੈਫਨੀ ਐਨ ਵੀਵਰ ਅਨੁਸਾਰ ਇਮਾਰਤ ਦੇ "ਏਅਰ ਹੈਂਡਲਿੰਗ ਅਤੇ ਬਾਇਲਰ ਪ੍ਰਣਾਲੀ" ਤੇ ਹੋ ਰਿਹਾ ਕੰਮ ਹਾਦਸੇ ਦਾ ਕਾਰਨ ਹੋ ਸਕਦਾ ਹੈ। ਜਦਕਿ ਫਾਇਰ ਵਿਭਾਗ ਨੇ ਦੱਸਿਆ ਕਿ ਧਮਾਕੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਮੌਕੇ ਵੀਵਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਹਾਦਸੇ ਦੌਰਾਨ ਕੰਪਨੀ ਦਾ ਕੋਈ ਕਰਮਚਾਰੀ ਜ਼ਖਮੀ ਨਹੀਂ ਹੋਇਆ ਹੈ, ਕਿਉਂਕਿ ਛੁੱਟੀਆਂ ਅਤੇ ਕੋਰੋਨਾਂ ਵਾਇਰਸ ਮਹਾਂਮਾਰੀ ਕਾਰਨ ਇਮਾਰਤ ਕਾਫ਼ੀ ਹੱਦ ਤਕ ਖਾਲੀ ਸੀ।



# ਲਾਸ ਏਂਜਲਸ ਦੇ ਸਟੋਰ 'ਚ ਮਹਿਲਾ ਦੀ ਗੋਲੀ ਮਾਰ ਕੇ ਕੀਤੀ ਹੱਤਿਆ

**ਫਰਿਜ਼ਨੋ (ਕੈਲੀਫੋਰਨੀਆਂ), 24 ਦਸੰਬਰ 2020–** ਕੈਲੀਫੋਰਨੀਆਂ ਦੀ ਲਾਸ ਏਂਜਲਸ ਕਾਉਂਟੀ ਦੇ ਇੱਕ ਡਿਪਾਰਟਮੈਂਟ ਸਟੋਰ ਵਿੱਚ ਇੱਕ ਵਿਅਕਤੀ ਦੁਆਰਾ ਗੋਲੀ ਮਾਰ ਕੇ ਮਹਿਲਾ ਦੀ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਧਿਕਾਰੀਆਂ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਲਾਸ ਏਂਜਲਸ ਕਾਉਂਟੀ ਵਿੱਚ ਮੰਗਲਵਾਰ ਸ਼ਾਮ ਨੂੰ ਕੋਹਲ ਦੇ ਡਿਪਾਰਟਮੈਂਟ ਸਟੋਰ ਵਿੱਚ ਹੋਏ ਝਗੜੇ ਦੌਰਾਨ ਇੱਕ ਔਰਤ ਨੂੰ ਕਥਿਤ ਤੌਰ 'ਤੇ ਗੋਲੀ ਮਾਰ ਕੇ ਦੋਸ਼ੀ ਵਿਅਕਤੀ ਘਟਨਾ ਸਥਾਨ ਤੋਂ ਭੱਜਣ ਵਿੱਚ ਸਫਲ ਹੋ ਗਿਆ। ਇਹ ਘਟਨਾ ਲਾਸ ਏਂਜਲਸ ਤੋਂ ਲੱਗਭਗ 20 ਮੀਲ ਦੱਖਣ-ਪੂਰਬ ਵਿਚ ਵ੍ਹਿਟੀਅਰ ਸ਼ਹਿਰ ਦੇ ਵਿਟਵੁੱਡ ਟਾਊਨ ਸੈਂਟਰ ਵਿੱਚ ਮੰਗਲਵਾਰ ਦੀ ਸ਼ਾਮ ਨੂੰ ਵਾਪਰੀ ਅਤੇ ਗੋਲੀ ਚੱਲਣ ਦੀ ਸੂਚਨਾ ਮਿਲਣ ਉਪਰੰਤ ਵੱਡੀ ਗਿਣਤੀ ਵਿੱਚ ਪੁਲਿਸ ਅਧਿਕਾਰੀ ਘਟਨਾ ਸਥਾਨ 'ਤੇ ਪਹੁੰਚੇ। ਇਸ ਦੌਰਾਨ ਗਵਾਹਾਂ ਨੇ ਦੱਸਿਆ ਕਿ ਇੱਕ ਆਦਮੀ ਅਤੇ ਔਰਤ ਸਟੋਰ ''ਚ ਬਹਿਸ ਕਰ ਰਹੇ ਸਨ ਅਤੇ ਇਸੇ ਦੌਰਾਨ ਆਦਮੀ ਨੇ ਇੱਕ ਬੰਦੂਕ ਦੁਆਰਾ ਔਰਤ ਨੂੰ ਗੋਲੀ ਮਾਰ ਦਿੱਤੀ ਅਤੇ ਮੁੱਢਲੀ ਦੇਖਭਾਲ ਕਰਨ ਵਾਲਿਆਂ ਦੁਆਰਾ ਉਸਨੂੰ ਮ੍ਰਿਤਕ ਐਲਾਨ ਦੇ ਦਿੱਤਾ ਗਿਆ। ਮ੍ਰਿਤਕ ਮਹਿਲਾ ਦੀ ਜਨਤਕ ਤੌਰ 'ਤੇ ਪਛਾਣ ਸਿਰਫ 45 ਸਾਲਾਂ ਦੀ ਇੱਕ ਸਪੇਨਿਸ਼ ਔਰਤ ਵਜੋਂ ਹੋਈ ਹੈ ਜਦਕਿ ਅਧਿਕਾਰੀਆਂ ਦੁਆਰਾ ਕਿਸੇ ਸ਼ੱਕੀ ਵਿਅਕਤੀ ਦਾ ਨਾਂ ਨਹੀਂ ਲਿਆ ਗਿਆ ਹੈ।



ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਨਿਊਯਾਰਕ ਦੇ ਯੋਂਕਰਸ 'ਚ ਹੋਏ ਭਿਆਨਕ ਕਾਰ ਹਾਦਸੇ ਵਿੱਚ ਹੋਈ 5 ਵਿਅਕਤੀਆਂ ਦੀ ਮੌਤ

**ਫਰਿਜ਼ਨੋ (ਕੈਲੀਫੋਰਨੀਆਂ), 23 ਦਸੰਬਰ 2020–** ਯੋਂਕਰਸ ਵਿੱਚ ਮੰਗਲਵਾਰ ਦੀ ਰਾਤ ਨੂੰ ਦੋ ਕਾਰਾਂ ਵਿਚਕਾਰ ਹੋਈ ਟੱਕਰ ਵਿੱਚ ਪੰਜ ਵਿਅਕਤੀਆਂ ਦੀ ਮੌਤ ਹੋਣ ਦਾ ਹਾਦਸਾ ਵਾਪਰਿਆ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਇਹ ਹਾਦਸਾ ਰਾਤ ਦੇ ਤਕਰੀਬਨ 9:30 ਵਜੇ ਕਲਵਰ ਸਟ੍ਰੀਟ ਨੇੜੇ ਰਿਵਰਡੇਲ ਐਵੇਨਿਊ 'ਤੇ ਹੋਇਆ। ਇਸ ਹਾਦਸੇ ਵਿੱਚ ਇੱਕ ਤੇਜ਼ ਰਫਤਾਰ ਕਾਰ ਨੇ ਇੱਕ ਹੋਰ ਵਾਹਨ ਜਿਸ ਵਿੱਚ ਚਾਰ ਲੋਕ ਸਵਾਰ ਸਨ, ਨਾਲ ਟਕਰਾ ਗਈ ਅਤੇ ਇਹ ਹਾਦਸਾ ਇੰਨਾ ਜ਼ਬਰਦਸਤ ਸੀ ਕਿ ਦੂਜੀ ਕਾਰ ਟੁਕੜਿਆਂ ਵਿੱਚ ਵੰਡੀ ਗਈ। ਇਸ ਘਟਨਾ ਵਿੱਚ ਇੱਕ ਕਾਰ ਦੇ ਚਾਰਾਂ ਵਿਅਕਤੀਆਂ ਨੂੰ ਘਟਨਾ ਸਥਾਨ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੀ ਕਾਰ ਦੇ ਡਰਾਈਵਰ ਨੂੰ ਜੈਕੋਬੀ ਮੈਡੀਕਲ ਸੈਂਟਰ ਲਿਜਾਇਆ ਗਿਆ, ਜਿੱਥੇ ਉਸਦੀ ਵੀ ਮੌਤ ਹੋ ਗਈ ਸੀ। ਪੁਲਿਸ ਦੇ ਅਨੁਸਾਰ ਇਸ ਟੱਕਰ ਦੀ ਚਪੇਟ ਵਿੱਚ ਆਏ ਕਈ ਹੋਰ ਲੋਕਾਂ ਨੂੰ ਵੀ ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਹਾਲਾਂਕਿ ਉਨ੍ਹਾਂ ਦੀਆਂ ਸੱਟਾਂ ਜਿਆਦਾ ਗੰਭੀਰ ਨਹੀਂ ਸਨ। ਸਥਾਨਕ ਪੁਲਿਸ ਵੱਲੋਂ ਇਸ ਕਾਰ ਹਾਦਸੇ ਸੰਬੰਧੀ ਜਾਂਚ ਸ਼ੁਰੂ ਕੀਤੀ ਗਈ ਹੈ।



# ਐਲੇਕਸ ਪਡਿੱਲਾ ਹੋਣਗੇ ਕੈਲੀਫੋਰਨੀਆਂ ਦੇ ਪਹਿਲੇ ਲਾਤੀਨੋ 'ਸੈਕਟਰੀ ਆਫ ਸਟੇਟ'

**ਫਰਿਜ਼ਨੋ (ਕੈਲੀਫੋਰਨੀਆਂ), 23 ਦਸੰਬਰ 2020–** ਕੈਲੀਫੋਰਨੀਆਂ ਦੇ ਗੈਵਿਨ ਨਿਊਸਮ ਨੇ ਐਲੇਕਸ ਪਡਿੱਲਾ ਨੂੰ ਸੈਕਟਰੀ ਆਫ ਸਟੇਟ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਨਾਲ ਐਲੇਕਸ ਕੈਲੀਫੋਰਨੀਆ ਸੈਨੇਟ ਵਿੱਚ ਰਾਜ ਦੇ 170 ਸਾਲਾ ਦੇ ਇਤਿਹਾਸ "ਚ ਇਸ ਭੂਮਿਕਾ ਨੂੰ ਨਿਭਾਉਣ ਵਾਲੇ ਪਹਿਲੇ ਲਾਤੀਨੀ ਬਣੇ ਹਨ। ਕੈਲੀਫੋਰਨੀਆਂ ਦੇ ਗਵਰਨਰ ਗੈਵਿਨ ਨਿਊਸਮ ਨੇ ਸੋਮਵਾਰ ਨੂੰ ਇੱਕ ਵੀਡੀਓ ਕਾਨਫਰੰਸ ਕਾਲ ਰਾਹੀ ਪਡਿੱਲਾ ਨਾਲ ਇਸ ਨਿਯੁਕਤੀ ਬਾਰੇ ਗੱਲਬਾਤ ਕੀਤੀ। ਨਿਊਸਮ ਦੁਆਰਾ ਇਹ ਨਿਯੁਕਤੀ ਰਾਜ ਦੇ ਲਾਤੀਨੋ ਸਮੂਹਾਂ ਦੇ ਗੱਠਜੋੜ ਦੁਆਰਾ ਪਡਿੱਲਾ, ਜਾਂ ਕਿਸੇ ਹੋਰ ਲਾਤੀਨੀ ਨੂੰ ਕੈਲੀਫੋਰਨੀਆਂ ਦੀ ਨੁਮਾਇੰਦਗੀ ਲਈ ਨਿਯੁਕਤ ਕਰਨ ਲਈ ਦਬਾਅ ਬਣਾਏ ਜਾਣ ਤੋਂ ਬਾਅਦ ਹੋਈ ਹੈ ਕਿਉਂਕਿ ਰਾਜ ਦੀ ਕੁੱਲ ਆਬਾਦੀ ਦਾ 40% ਹਿੱਸਾ ਲਾਤੀਨੋ ਲੋਕ ਹਨ। 47 ਸਾਲਾ ਐਲੇਕਸ ਪਕੋਇਮਾ ਵਿੱਚ ਵੱਡੇ ਹੋਏ ਹਨ ਅਤੇ ਇੱਕ ਮੈਕਸੀਕਨ ਦੇ ਪੁੱਤਰ ਹਨ। ਪਡਿੱਲਾ ਨੇ ਮੈਸੇਚਿਊਸੇਟਸ ਇੰਸਟੀਚਿਊਟ ਆਫ ਟੈਕਨੋਲੋਜੀ ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਪ੍ਰਾਪਤ ਕੀਤੀ ਹੈ ਅਤੇ 2015 ਤੋਂ ਇੱਕ ਚੋਣ ਅਧਿਕਾਰੀ ਬਣਨ ਤੋਂ ਪਹਿਲਾਂ ਐਲੇਕਸ ਨੇ ਲਾਸ ਏਂਜਲਸ ਸਿਟੀ ਕੌਂਸਲ ਅਤੇ ਕੈਲੀਫੋਰਨੀਆਂ ਸਟੇਟ ਸੈਨੇਟ ਵਿੱਚ ਸੇਵਾ ਨਿਭਾਈ ਹੈ। 26 ਸਾਲ ਦੀ ਉਮਰ ਵਿੱਚ, ਪਡਿੱਲਾ 1999 ਵਿੱਚ ਲਾਸ ਏਂਜਲਸ ਸਿਟੀ ਕੌਂਸਲ ਵਿੱਚ ਸੇਵਾ ਕਰਨ ਵਾਲੇ ਸ਼ਹਿਰ ਦੇ ਪਹਿਲੇ ਲਾਤੀਨੀ ਵਜੋਂ ਚੁਣੇ ਜਾਣ ਦੇ ਨਾਲ ਇੱਕ ਸੰਸਦ ਮੈਂਬਰ ਵਜੋਂ, ਉਸਨੇ ਊਰਜਾ, ਸਹੂਲਤਾਂ ਅਤੇ ਸੰਚਾਰ ਕਮੇਟੀ ਦੀ ਪ੍ਰਧਾਨਗੀ ਵੀ ਕੀਤੀ। ਇਸ ਤੋਂ ਇਲਾਵਾ ਕੋਰੋਨਾ ਮਹਾਂਮਾਰੀ ਦੇ ਦੌਰਾਨ ਰਾਜ ਦੀਆਂ ਵੋਟ-ਮੇਲ ਚੋਣਾਂ ਦੀ ਅਗਵਾਈ ਕਰਨ ਲਈ ਵੀ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ ਸੀ।



# ਉੱਤਰੀ ਕੈਰੋਲਿਨਾ ਦੀ ਚਰਚ ਵਿੱਚ ਹੋਏ ਸਮਾਗਮ ਕਾਰਨ 97 ਵਿਅਕਤੀਆਂ ਨੂੰ ਹੋਇਆ ਕੋਰੋਨਾ

**ਫਰਿਜ਼ਨੋ (ਕੈਲੀਫੋਰਨੀਆਂ), 23 ਦਸੰਬਰ 2020–** ਉੱਤਰੀ ਕੈਰੋਲਿਨਾ ਦੇ ਇੱਕ ਛੋਟੇ ਕਸਬੇ 'ਚ ਇੱਕ ਚਰਚ ਵਿੱਚ ਛੁੱਟੀਆਂ ਮਨਾਉਣ ਕਾਰਨ ਮੰਗਲਵਾਰ ਸਵੇਰ ਤੱਕ ਕੋਰੋਨਾਂ ਵਾਇਰਸ ਦੇ 97 ਮਾਮਲੇ ਸਾਹਮਣੇ ਆਏ ਹਨ ਅਤੇ ਸਥਾਨਕ ਸਿਹਤ ਵਿਭਾਗ ਅਨੁਸਾਰ ਆਉਣ ਵਾਲੇ ਦਿਨਾਂ ਵਿੱਚ ਇਹ ਗਿਣਤੀ ਹੋਰ ਵਧਣ ਦੀ ਉਮੀਦ ਹੈ। ਹੈਂਡਰਸਨ ਕਾਉਂਟੀ ਡਿਪਾਰਟਮੈਂਟ ਆਫ ਪਬਲਿਕ ਹੈਲਥ ਅਤੇ ਇਸਦੇ ਪ੍ਰਬੰਧਕ, ਐਂਡਰਿਊ ਮੁੰਡੈਕ ਦੇ ਇੱਕ ਬਿਆਨ ਅਨੁਸਾਰ ਇਹ ਇਕੱਠ ਐਸ਼ਵਿਲੇ ਦੇ ਦੱਖਣ ਵਿੱਚ ਸਥਿਤ ਹੈਂਡਰਸਨਵਿਲੇ ਵਿੱਚ ਫਸਟ ਬੈਪਟਿਸਟ ਚਰਚ ਵਿੱਚ ਹੋਇਆ ਸੀ ਅਤੇ ਇਹ ਇੱਕ ਮਲਟੀ-ਡੇਅ ਪ੍ਰੋਗਰਾਮ ਸੀ। ਕਾਉਂਟੀ ਚਰਚ ਵਿੱਚ ਹੋਏ ਇਸ ਸਮਾਗਮ ਨਾਲ ਜੁੜੇ 75 ਕੇਸਾਂ ਦੀ ਪੁਸ਼ਟੀ 17 ਦਸੰਬਰ ਤੱਕ ਕੀਤੀ ਗਈ ਹੈ ਅਤੇ ਸਿਹਤ ਵਿਭਾਗ ਅਜੇ ਵੀ ਹਾਜ਼ਰੀਨ ਦੇ ਨਜ਼ਦੀਕੀ ਸੰਪਰਕਾਂ ਦੀ ਪਛਾਣ ਕਰਨ ਲਈ ਕੰਮ ਕਰ ਰਿਹਾ ਹੈ ਜਦਕਿ ਕਾਉਂਟੀ ਵਿੱਚ ਪੁਸ਼ਟੀ ਕੀਤੇ 97 ਕੇਸ ਸੰਬੰਧਿਤ ਹਾਜ਼ਰੀਨ ਵਿੱਚ ਹੋਏ ਮੰਨੇ ਜਾਂਦੇ ਹਨ। ਸਿਹਤ ਵਿਭਾਗ ਨੇ ਫਿਲਹਾਲ ਵਾਇਰਸ ਦੇ ਇਹਨਾਂ ਮਾਮਲਿਆਂ ਸੰਬੰਧੀ ਕਿਸੇ ਦੀ ਮੌਤ ਹੋਣ ਬਾਰੇ ਨਹੀ ਦੱਸਿਆ ਹੈ ਹਾਲਾਂਕਿ ਵਾਇਰਸ ਦੀ ਲਾਗ ਦੇ ਨਤੀਜੇ ਵਜੋਂ ਕੁੱਝ ਮਰੀਜ਼ ਹਸਪਤਾਲ ਵਿੱਚ ਵੀ ਦਾਖਲ ਹੋਏ ਹਨ। ਅਧਿਕਾਰੀਆਂ ਅਨੁਸਾਰ ਹੈਂਡਰਸਨ ਕਾਉਂਟੀ ਦੀ ਇਨਡੋਰ ਇਕੱਠ ਕਰਨ ਦੀ ਮੌਜੂਦਾ ਸੀਮਾ 10 ਵਿਅਕਤੀਆਂ ਦੀ ਹੈ, ਪਰ ਇਹ ਉੱਤਰੀ ਕੈਰੋਲੀਨਾ ਦੇ ਸਿਹਤ ਵਿਭਾਗ ਦੇ ਅਨੁਸਾਰ ਇਹ ਸੀਮਾ ਧਾਰਮਿਕ, ਅਧਿਆਤਮਕ ਇਕੱਠਾਂ 'ਤੇ ਲਾਗੂ ਨਹੀਂ ਹੁੰਦੀ। ਇਸਦੇ ਇਲਾਵਾ ਕੋਰੋਨਾਂ ਵਾਇਰਸ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ, ਹੈਂਡਰਸਨ ਕਾਉਂਟੀ ਵਿੱਚ ਕੋਵਿਡ -19 ਦੀ ਲਾਗ ਦੇ 4,600 ਮਾਮਲੇ ਸਾਹਮਣੇ ਆਉਣ ਨਾਲ 89 ਮੌਤਾਂ ਵੀ ਦਰਜ਼ ਕੀਤੀਆਂ ਗਈਆਂ ਹਨ।




# ਐਨ.ਆਰ.ਆਈ. ਵੀਰਾ ਦੇ ਸਹਿਯੋਗ ਨਾਲ ਪਿੰਡ ਉੱਪਲੀ ਦੀ ਸੰਗਤ ਪਹੁੰਚੀ ਟਿੱਕਰੀ ਬਾਡਰ 'ਤੇ





**ਫਰਿਜ਼ਨੋ (ਕੈਲੀਫੋਰਨੀਆਂ), 23 ਦਸੰਬਰ 2020–** ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਵਿਰੋਧੀ ਕਾਲੇ ਕਨੂੰਨਾਂ ਦਾ ਵਿਰੋਧ ਕਰਨ ਲਈ ਕਿਸਾਨ / ਮਜ਼ਦੂਰ ਜਥੇਬੰਦੀਆਂ ਪਿਛਲੇ ਇੱਕ ਮਹੀਨੇ ਤੋਂ ਦਿੱਲੀ ਦੇ ਬਾਡਰਾਂ ਤੇ ਡੇਰੇ ਲਾਈ ਬੈਠੀਆਂ ਹਨ। ਇਸ ਸਬੰਧ ਵਿੱਚ ਹਰਰੋਜ਼ ਪੰਜਾਬ ਤੋਂ ਕਿਸਾਨ ਦਿੱਲੀ ਵੱਲ ਨੂੰ ਕੂਚ ਕਰ ਰਹੇ ਹਨ।

ਐਨ. ਆਰ. ਆਈ. ਵੀਰ ਵੀ ਆਰਥਿਕ ਪੱਖੋਂ ਕਿਸਾਨਾਂ ਦੇ ਨਾਲ ਖੜੇ ਹਨ।

ਇਸੇ ਸਿਲਸਿਲੇ ਹਿੱਤ ਫਰਿਜ਼ਨੋ ਦੀ ਬਹੁਪੱਖੀ ਸ਼ਖ਼ਸੀਅਤ ਅਤੇ ਗੀਤਕਾਰ ਮਿੰਟੂ ਉੱਪਲੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਉਹਨਾਂ ਦੇ ਪਿੰਡ ਉੱਪਲੀ ਦੀ ਸੰਗਤ ਸ. ਸੱਜਣ ਸਿੰਘ ਦੇ ਉੱਦਮ ਸਦਕਾ ਟਿੱਕਰੀ ਬਾਡਰ ਤੇ ਹਾਜ਼ਰੀ ਲਵਾਉਣ ਲਈ ਪਹੁੰਚ ਚੁੱਕੀ ਹੈ, ਅਤੇ ਪਿੰਡ ਦੇ ਮੋਹਿਤਵਾਰਾਂ ਵਿੱਚੋਂ ਸਰਦਾਰ ਲਾਲ ਸਿੰਘ ਜੀ ਸਟੇਜ ਤੇ ਹਾਜ਼ਰੀ ਵੀ ਲਗਵਾਈ। ਪਿੰਡ ਦੇ ਐਨ. ਆਰ. ਆਈ ਸ. ਲਾਲ ਸਿੰਘ, ਸ. ਗੁਰਜੀਤ ਸਿੰਘ, ਸ. ਨਿਰਮਲ ਸਿੰਘ, ਸ. ਅਮਰਜੀਤ ਸਿੰਘ ਲਵੀ, ਸ. ਮਨਜਿੰਦਰ ਸਿੰਘ ਤੇ ਹੋਰ ਸੱਜਣਾ ਨੇ ਤੇਲ ਪਾਣੀ ਦੀ ਸੇਵਾ ਦਾ ਜ਼ੁੰਮਾ ਚੱਕਿਆ।

ਮਿੰਟੂ ਉਪਲੀ ਨੇ ਕਿਹਾ ਕਿ ਅਸੀਂ ਤਨੋਂ, ਮੰਨੋ, ਧਨੋਂ ਪੰਜਾਬ ਦੇ ਕਿਰਸਾਨਾ ਨਾਲ ਖੜੇ ਹਾਂ ਅਤੇ ਡਟਕੇ ਇਹਨਾਂ ਤਿੰਨੇ ਖੇਤੀ ਵਿਰੋਧੀ ਕਨੂੰਨਾਂ ਦਾ ਵਿਰੋਧ ਕਰਦੇ ਹਾਂ।

# ਓਹੀਓ ਦੇ ਮੇਅਰ ਨੇ ਕੈਮਰਾ ਚਾਲੂ ਨਾ ਕਰਨ 'ਤੇ ਕੀਤੀ ਪੁਲਿਸ ਅਧਿਕਾਰੀ ਨੂੰ ਨੌਕਰੀ ਤੋਂ ਕੱਢਣ ਦੀ ਮੰਗ

**ਫਰਿਜ਼ਨੋ (ਕੈਲੀਫੋਰਨੀਆਂ), 23 ਦਸੰਬਰ 2020–** ਅਮਰੀਕੀ ਸੂਬੇ ਓਹੀਓ ਵਿੱਚ ਪੁਲਿਸ ਦੁਆਰਾ ਇੱਕ ਵਿਅਕਤੀ ਨੂੰ ਗੋਲੀ ਮਾਰਨ ਦੌਰਾਨ ਕੈਮਰੇ ਦੇ ਬੰਦ ਹੋਣ ਕਾਰਨ ਇੱਕ ਅਧਿਕਾਰੀ ਨੂੰ ਆਪਣੀ ਨੌਕਰੀ ਗਵਾਉਣੀ ਪੈ ਸਕਦੀ ਹੈ। ਇਸ ਮਾਮਲੇ ਵਿੱਚ ਓਹੀਓ ਦੇ ਕੋਲੰਬਸ ਵਿੱਚ ਪੁਲਿਸ ਨੇ ਮੰਗਲਵਾਰ ਸਵੇਰੇ ਇੱਕ ਨਿਹੱਥੇ ਕਾਲੇ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਪਰ ਇਸ ਕਾਰਵਾਈ ਦੌਰਾਨ ਉਹਨਾਂ ਨੇ ਆਪਣੇ ਕੋਲ ਪ੍ਰਾਪਤ ਸਾਧਨਾਂ ਦੇ ਰੂਪ ਵਜੋਂ ਸਰੀਰ ਦੇ ਕੈਮਰੇ ਚਾਲੂ ਨਹੀਂ ਕੀਤੇ ਸਨ, ਜਿਸ ਕਾਰਨ ਮੇਅਰ ਨੇ ਗੋਲੀ ਚਲਾਉਣ ਵਾਲੇ ਅਧਿਕਾਰੀ ਨੂੰ ਨੌਕਰੀ ਤੋਂ ਹਟਾਉਣ ਦੀ ਮੰਗ ਕੀਤੀ ਹੈ। ਮੇਅਰ ਐਂਡਰਿਊ ਗਿੰਥਰ ਅਨੁਸਾਰ ਉਹ ਇਸ ਗੱਲ ਤੋਂ ਬਹੁਤ ਪ੍ਰੇਸ਼ਾਨ ਹਨ ਕਿ ਇਸ ਘਟਨਾ ਦੌਰਾਨ ਕੈਮਰੇ ਰਿਕਾਰਡਿੰਗ ਨਹੀਂ ਕਰ ਰਹੇ ਸਨ। ਮੇਅਰ ਨੇ ਇਸ ਸੰਬੰਧੀ ਪੁਲਿਸ ਵਿਭਾਗ ਨੂੰ ਝਾੜ ਪਾਉਂਦਿਆਂ ਕਿਹਾ ਕਿ ਜੇਕਰ ਅਧਿਕਾਰੀ ਆਪਣੇ ਸਰੀਰ ਨਾਲ ਬੰਨ੍ਹੇ ਕੈਮਰੇ ਨੂੰ ਚਾਲੂ ਨਹੀਂ ਕਰਦੇ ਤਾਂ ਤੁਸੀਂ ਉਹ ਕੋਲੰਬਸ ਦੇ ਲੋਕਾਂ ਦੀ ਸੇਵਾ ਅਤੇ ਰੱਖਿਆ ਵੀ ਨਹੀਂ ਕਰ ਸਕਦੇ ਅਤੇ ਗਿੰਥਰ ਨੇ ਪੁਲਿਸ ਚੀਫ ਕੁਇਨਲਾਨ ਨੂੰ ਗੋਲੀ ਚਲਾਉਣ ਵਾਲੇ ਅਧਿਕਾਰੀ ਨੂੰ ਨੌਕਰੀ ਤੋਂ ਫਾਰਗ ਕਰਕੇ ਉਸ ਦੇ ਬੈਜ ਅਤੇ ਬੰਦੂਕ ਲੈਣ ਬਾਰੇ ਕਿਹਾ ਹੈ। ਅਧਿਕਾਰੀਆਂ ਦੁਆਰਾ ਇਹ ਗੋਲੀਬਾਰੀ ਓਬਰਲਿਨ ਡਰਾਈਵ ਦੇ 1000 ਬਲਾਕ ਵਿੱਚ 23 ਸਾਲਾ ਬਲੈਕ ਮੈਨ ਕੈਸੀ ਗੁੱਡਸਨ ਨੂੰ ਅਧਿਕਾਰੀਆਂ ਦੁਆਰਾ ਗੋਲੀ ਮਾਰਨ ਤੋਂ ਦੋ ਹਫ਼ਤਿਆਂ ਬਾਅਦ ਵਾਪਰੀ ਹੈ। ਇਸ ਘਟਨਾ ਵਿੱਚ ਦੋ ਕਾਰਾਂ ਵਿੱਚ ਸਵਾਰ ਦੋ ਅਧਿਕਾਰੀਆਂ ਦੁਆਰਾ ਮੰਗਲਵਾਰ ਨੂੰ ਸਵੇਰੇ 11 ਵਜੇ ਗੜਬੀ ਸੰਬੰਧੀ ਇੱਕ ਝਗੜੇ ਦੀ ਸੂਚਨਾ ਮਿਲਣ ਤੇ ਕਾਰਵਾਈ ਕੀਤੀ ਗਈ ਜਿਸ ਦੌਰਾਨ ਉਨ੍ਹਾਂ ਨੂੰ ਇੱਕ ਗੈਰੇਜ ਵਿੱਚ 47 ਸਾਲਾ ਵਿਅਕਤੀ ਮਿਲਿਆ। ਪੁਲਿਸ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਡੀ ਕੈਮਰੇ ਦੀ ਫੁਟੇਜ ਦੇ ਅਧਾਰ 'ਤੇ, ਪੀੜਤ ਆਪਣੇ ਖੱਬੇ ਹੱਥ ਵਿੱਚ ਸੈਲ ਫੋਨ ਲੈ ਕੇ ਇੱਕ ਅਫਸਰ ਵੱਲ ਜਾ ਰਿਹਾ ਸੀ ਤਾਂ ਇੱਕ ਅਧਿਕਾਰੀ ਨੇ ਉਸ ਵਿਅਕਤੀ 'ਤੇ ਗੋਲੀ ਚਲਾ ਦਿੱਤੀ ਜਿਸਦੀ ਕਿ ਇੱਕ ਘੰਟੇ ਬਾਅਦ ਉਸਦੀ ਰਿਵਰਸਾਈਡ ਹਸਪਤਾਲ ਵਿੱਚ ਮੌਤ ਹੋ ਗਈ ਸੀ। ਪੁਲਿਸ ਦੁਆਰਾ ਮ੍ਰਿਤਕ ਅਤੇ ਇਸ ਘਟਨਾ ਵਿੱਚ ਸ਼ਾਮਲ ਅਧਿਕਾਰੀਆਂ ਦਾ ਨਾਮ ਦੱਸਣਾ ਅਜੇ ਬਾਕੀ ਹੈ। ਪੁਲਿਸ ਚੀਫ ਥਾਮਸ ਕੁਇਨਲਾਨ ਅਨੁਸਾਰ ਵਿਭਾਗ ਨੇ ਇਸ ਤਰ੍ਹਾਂ ਦੀਆਂ ਮੁਠਭੇੜਾਂ ਦਾ ਵੀਡੀਓ ਅਤੇ ਆਡੀਓ ਰਿਕਾਰਡ ਬਣਾਉਣ ਲਈ ਇਨ੍ਹਾਂ ਕੈਮਰਿਆਂ ਵਿੱਚ ਲੱਖਾਂ ਡਾਲਰ ਦਾ ਨਿਵੇਸ਼ ਕੀਤਾ ਹੈ ਜਿਸ ਨਾਲ ਪਾਰਦਰਸ਼ਤਾ ਦੇ ਨਾਲ ਜਨਤਾ ਅਤੇ ਅਧਿਕਾਰੀਆਂ ਦੀ ਸੁਰੱਖਿਆ ਵਿੱਚ ਸਹਾਇਤਾ ਮਿਲਦੀ ਹੈ। ਇਸ ਕੇਸ ਨੂੰ ਓਹੀਓ ਬਿਊਰੋ ਆਫ ਕ੍ਰਿਮੀਨਲ ਇਨਵੈਸਟੀਗੇਸ਼ਨ ਦੁਆਰਾ ਦੇਖਿਆ ਜਾਵੇਗਾ ਅਤੇ ਸੰਬੰਧਿਤ ਅਧਿਕਾਰੀ ਕੇਸ ਵਿੱਚ ਸਹੀ ਸਾਬਤ ਹੋਣ ਤੱਕ ਡਿਊਟੀ 'ਤੇ ਵਾਪਿਸ ਨਹੀਂ ਆਵੇਗਾ।



# ਟਰੰਪ ਨੇ ਕੋਰੋਨਾਂ ਰਾਹਤ ਬਿੱਲ ਨੂੰ ਨਾ-ਮਨਜ਼ੂਰ ਕਰਦਿਆਂ ਕੀਤੀ ਇਸ ਵਿੱਚ ਸੋਧ ਕਰਨ ਦੀ ਮੰਗ

**ਫਰਿਜ਼ਨੋ (ਕੈਲੀਫੋਰਨੀਆਂ), 23 ਦਸੰਬਰ 2020–** ਕੋਰੋਨਾਂ ਵਾਇਰਸ ਮਹਾਂਮਾਰੀ ਦੌਰਾਨ ਅਮਰੀਕਾ ਵਾਸੀਆਂ ਨੂੰ ਆਰਥਿਕ ਮੱਦਦ ਦੇਣ ਦੇ ਮੰਤਵ ਨਾਲ ਸੈਨੇਟ ਵੱਲੋਂ ਕੋਵਿਡ ਰਾਹਤ ਬਿੱਲ ਨੂੰ ਸਹਿਮਤੀ ਦੇਣ ਤੋਂ ਬਾਅਦ ਰਾਸ਼ਟਰਪਤੀ ਟਰੰਪ ਕੋਲ ਮਨਜ਼ੂਰੀ ਲਈ ਭੇਜਿਆ ਗਿਆ ਸੀ। ਇਸ ਬਿੱਲ 'ਤੇ ਦਸਤਖਤ ਨਾਂ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਮੰਗਲਵਾਰ ਰਾਤ ਨੂੰ ਕਾਂਗਰਸ ਨੂੰ 900 ਬਿਲੀਅਨ ਡਾਲਰ ਦੇ ਵੱਡੇ ਪੈਕੇਜ ਨੂੰ ਵਾਪਸ ਲੈਣ ਦੇ ਨਾਲ ਇਸ ਵਿੱਚ ਸੋਧ ਕਰਨ ਲਈ ਕਿਹਾ ਹੈ। ਟਰੰਪ ਅਨੁਸਾਰ ਇਸ ਰਾਹਤ ਦੇ ਤਹਿਤ ਅਮਰੀਕੀਆਂ ਨੂੰ ਦਿੱਤੇ ਜਾਣ ਵਾਲੇ 600 ਡਾਲਰ ਦੀ ਰਾਸ਼ੀ ਬਹੁਤ ਘੱਟ ਹੈ ਜੋ ਕਿ ਵਧਾ ਕੇ 2000 ਡਾਲਰ ਹੋਣੀ ਚਾਹੀਦੀ ਹੈ। ਇਸ ਸੰਬੰਧੀ ਟਰੰਪ ਨੇ ਟਵਿੱਟਰ 'ਤੇ ਇੱਕ ਵੀਡੀਓ ਪੋਸਟ ਕਰਦਿਆਂ ਕਿਹਾ ਕਿ ਕੋਰੋਨਾਂ ਰਾਹਤ ਪੈਕੇਜ ਕਹੇ ਜਾਣ ਵਾਲੇ ਇਸ ਬਿੱਲ ਦਾ ਕੋਵਿਡ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਟਰੰਪ 5,593 ਪੰਨਿਆਂ ਦੇ ਇਸ ਰਾਹਤ ਪੈਕੇਜ ਵਿਚ ਸ਼ਾਮਲ ਲੱਖਾਂ ਡਾਲਰਾਂ ਦੀ ਰਾਸ਼ੀ ਸੰਬੰਧੀ ਕਾਂਗਰਸ ਨੂੰ ਸੋਧ ਕਰਨ ਲਈ ਕਿਹਾ ਹੈ। ਰਾਸ਼ਟਰਪਤੀ ਦੁਆਰਾ ਇਸ ਬਿੱਲ ਤਹਿਤ ਦਿੱਤੀ ਜਾਣ ਵਾਲੀ 600 ਡਾਲਰ ਦੀ ਸਹਾਇਤਾ ਨੂੰ ਵਧਾ ਕੇ 2,000 ਡਾਲਰ ਜਾਂ ਇੱਕ ਜੋੜੇ ਲਈ 4,000 ਡਾਲਰ ਤੱਕ ਵਧਾਉਣ ਲਈ ਕਿਹਾ ਹੈ। ਇਸ ਵੀਡੀਓ ਦੇ ਜਾਰੀ ਹੋਣ ਤੋਂ ਬਾਅਦ, ਹਾਊਸ ਡੈਮੋਕਰੇਟਸ ਨੇ ਕਿਹਾ ਕਿ ਉਹ ਇਸ ਵੀਰਵਾਰ ਨੂੰ 2,000 ਡਾਲਰ ਦੀ ਰਾਸ਼ੀ ਲਈ ਬਿੱਲ ਪੇਸ਼ ਕਰਨ ਦੀ ਯੋਜਨਾ ਬਣਾ ਰਹੇ ਹਨ, ਅਤੇ ਇਸ ਨੂੰ ਸਰਬਸੰਮਤੀ ਨਾਲ ਸਹਿਮਤੀ ਦੇ ਕੇ ਪਾਸ ਕਰਨ ਦੀ ਕੋਸ਼ਿਸ਼ ਵੀ ਕਰਨਗੇ।



# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ








**ਵਾਂਦਰ ਜਟਾਣਾ–** ਜੁਲਮ ਰਾਜ ਦੇ ਖਾਤਮੇ ਲਈ ਤੇ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਮੰਜਿਲ ਮਕਸੂਦ ਪੁਚਾਉਣ ਲਈ ਬਹੁਜਨ ਸਮਾਜ ਪਾਰਟੀ ਪਿੰਡ ਪਿੰਡ ਚਲੋ ਮੁਹਿੰਮ ਦਾ ਆਗਾਜ਼ ਫਰਵਰੀ ਤੱਕ ਸ਼ੁਰੂ ਕਰਨਾ ਚਾਹੁੰਦੀ ਸੀ ਪਰ ਅਜ ਸ਼ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਪਵਿੱਤਰ ਸ਼ਹੀਦੀ ਦਿਵਸ ਤੇ ਪਿੰਡ ਵਾਂਦਰ ਜਟਾਣਾ ਵਿਚ ਬਹੁਜਨ ਸਮਾਜ ਪਾਰਟੀ ਵਲੋਂ ਕੀਤੇ ਗਏ ਸ਼ਾਨਦਾਰ ਤੇ ਸ਼ਰਧਾ ਸਹਿਤ ਰਚਾਏ ਗਏ ਸਮਾਗਮ ਨਾਲ ਉਸ ਮੁਹਿੰਮ ਦੀ ਰਸਮੀ ਸ਼ੁਰੂਆਤ ਹੋ ਚੁੱਕੀ ਹੈ ਤੇ ਬੀ ਐਸ ਪੀ ਰਹਿਬਰਾਂ ਦੇ ਸੁਪਨੇ ਪੂਰਾ ਕਰਨ ਲਈ ਟੀਚਾ 2022 ਪੂਰਾ ਕਰਨ ਲਈ ਹਰ ਸੰਭਵ ਯਤਨ ਕਰੇਗੀ ਤਾਂ ਕਿ ਰਾਜਿਆਂ ਰਜਵ-ਾੜਿਆਂ ਨੂੰ ਸਤਾ ਤੋਂ ਲਾਂਭੇ ਕਰਕੇ ਦੱਬੇ-ਕੁਚਲੇ ਸਮਾਜ ਨੂੰ ਹੁਕਮਰਾਨ ਬਣਾਇਆ ਜਾ ਸਕੇ। ਇਹਨਾਂ ਵਿਚਾਰਾਂ ਦਾ ਪ੍ਰਗਟ-ਾਵਾ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪਧਾਰੇ ਮਾਨਯੋਗ ਰਣਧੀਰ ਸਿੰਘ ਬੇਨੀਵਾਲ ਇੰਚਾਰਜ ਬਹੁਜਨ ਸਮਾਜ ਪਾਰਟੀ ਪੰਜਾਬ ਤੇ ਚੰਡੀਗੜ੍ਹ ਵਲੋਂ ਕੀਤਾ ਗਿਆ। ਉਹਨਾਂ ਨੇ ਪੰਜਾਬ ਦੇ ਆਮ ਲੋਕਾਂ ਨੂੰ ਛੋਟੇ ਮੋਟੇ ਲਾਲਚਾਂ ਦੇ ਕੇ ਦਾਲ ਆਟਾ ਵਰਗੀਆਂ ਮੰਗਤੇ ਬਣਾਉਣ ਵਾਲੀਆਂ ਸਕੀਮਾਂ ਚਲਾਕੇ ਸਤਾ ਸੁਖ ਭੋਗ ਰਹੇ ਧਨਾਢਾਂ ਨੂੰ ਲਾਂਭੇ ਕਰਨ ਲਈ ਆਪਣੇ ਵੋਟ ਦੀ ਤਾਕਤ ਨੂੰ ਸਮਝਣ ਤੇ ਉਤਰ ਪ੍ਰਦੇਸ਼ ਵਿੱਚ ਚਾਰ ਵਾਰ ਬਣੀ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਵਲੋਂ ਲੋਕ ਹਿਤੈਸ਼ੀ ਕੀਤੇ ਗਏ। ਕਾਰਜ ਆਪ ਕਰਨ ਦੇ ਸਮਰੱਥ ਬਣਨ ਲਈ ਪ੍ਰੇਰਤ ਕੀਤਾ ਤਾਂ ਕਿ 2022 'ਚ ਬਹੁਜਨ ਸਮਾਜ ਦੀ ਆਪਣੀ ਸਰਕਾਰ ਬਣ ਸਕੇ। ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਰਨਲ ਸਕੱਤਰ ਸ: ਲਾਲ ਸਿੰਘ ਸੁਲਹਾਣੀ ਨੇ ਨਾਅਰਿਆਂ ਤੇ ਜੈਕਾਰਿਆਂ ਦੀ ਗੂੰਜ ਵਿਚ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਹਮ ਰਕਾਬ ਤੇ ਗੁਰੂ ਘਰ ਦੇ ਅਨਿੰਨ ਸੇਵਕ, ਖਾਲਸਾ ਫੌਜਾਂ ਦੇ ਮਹਾਨ ਜਰਨੈਲ ਅਤੇ ਦੁਨੀਆਂ ਦੀ ਸਭ ਤੋਂ ਵਿਲੱਖਣ ਤੇ ਅਸਾਵੀਂ (ਚਮਕੌਰ) ਜੰਗ ਦੇ ਸਿਰਮੌਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਤੇ ਫਲਸਫੇ ਬਾਰੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬੋਲਦਿਆਂ ਉਨ੍ਹਾਂ ਦੇ ਖਾਨਦਾਨ ਵਲੋਂ ਸਿੱਖ ਲਹਿਰ ਦੀ ਉਸਾਰੀ ਲਈ ਪਾਏ ਗਏ ਯੋਗਦਾਨ ਦਾ ਬਹੁਤ ਭਾਵਪੂਰਤ ਸ਼ਬਦਾਂ 'ਚ ਜ਼ਿਕਰ ਕੀਤਾ।

ਉਹਨਾਂ ਨੇ ਬਾਬਾ ਜੀਵਨ ਸਿੰਘ ਜੀ ਦੇ ਪਰਵਾਰ ਵਲੋਂ ਪੰਥ ਦੀ ਉਸਾਰੀ ਲਈ ਪਾਏ ਯੋਗਦਾਨ ਤੇ ਕੀਤੀਆਂ ਗਈਆਂ ਲਾਸਾਨੀ ਕੁਰਬਾਨੀਆਂ ਦੇ ਬਾਵਜੂਦ ਇਤਿਹਾਸ ਵਿਚ ਢੁਕਵੀਂ ਥਾਂ ਨਾ ਦੇਣ ਵਾਲੇ ਤੇ ਅੱਖੋਂ ਪਰੋਖੇ ਰੱਖਣ ਵਾਲੇ ਬੇਈਮਾਨ ਇਤਿਹਾਸਕਾਰਾਂ 'ਤੇ ਪੰਥ ਦੇ ਠੇਕੇਦਾਰਾਂ ਵਲੋਂ ਉਹਨਾਂ ਦੀ ਯੋਗ ਯਾਦਗਾਰ ਸਥਾਪਤ ਨਾ ਕਰਨ ਦੀ ਵੀ ਕਰੜੇ ਸ਼ਬਦਾਂ ਆਲੋਚਨਾ ਕੀਤੀ ਗਈ ਜਦੋ ਕਿ ਜੰਡਾਂ, ਕਰੀਰਾਂ, ਟਾਹਲੀਆਂ, ਪਿੱਪਲਾਂ, ਤਿੱਤਰਾਂ, ਬਾਜਾਂ ਤੇ ਘੋਘੜਾਂ ਦੇ ਨਾਵਾਂ ਤੇ ਗੁਰੂ ਘਰ ਤੇ ਯਾਦਗਾਰਾਂ ਬਣਾਈਆਂ ਗਈਆਂ ਹਨ। ਉਹਨਾਂ ਨੇ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਵਰਤਮਾਨ ਸਮੇਂ ਕਿਸਾਨ ਮਜ਼ਦੂਰਾਂ ਦੇ ਸੰਘਰਸ਼ ਦੀ ਹਮਾਇਤ ਕਰਦਿਆਂ ਇਸ ਮੁਹਿੰਮ ਵਿਚ ਸ਼ਹੀਦ ਹੋਏ ਸੂਰਮਿਆਂ ਨੂੰ ਸ਼ਰਧਾਂਜਲੀ ਭੇਟ ਕਰਦੀ ਹੈ। ਇਸ ਅੰਦੋਲਨ ਦੀ ਕਾਮਯਾਬੀ ਲਈ ਸ਼ੁਭ ਕਾਮਨਾਵਾਂ ਦੇ ਨਾਲ ਨਾਲ ਪੁਰਜੋਸ਼ ਹਮਾਇਤ ਕਰਦੀ ਹੈ ਅਤੇ ਮੋਦੀ ਸਰਕਾਰ ਨੂੰ ਤਾਨਾਸ਼ਾਹੀ ਰਵੱਈਆ ਛੱਡ ਕੇ ਕਾਲੇ ਕਾਨੂੰਨ ਰੱਦ ਕਰਨ ਦੀ ਅਪੀਲ ਕਰਦੀ ਹੈ।

ਇਸ ਸ਼ਰਧਾਂਜਲੀ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਪੁੱਜੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਡਾਕਟਰ ਨਛੱਤਰ ਪਾਲ ਨੇ ਪੰਜਾਬ ਸਰਕਾਰ ਦੇ ਦੋਗਲੇ ਕਿਰਦਾਰ ਦਾ ਪਰਦਾਫਾਸ਼ ਕਰਦਿਆਂ ਕਿਹਾ ਕਿ ਸਰਕਾਰ ਇਕ ਪਾਸੇ ਕਿਸਾਨ ਹਮਾਇਤੀ ਹੋਣ ਦਾ ਢੌਂਗ ਰਚ ਰਹੀ ਐ ਤੇ ਦੂਜੇ ਪਾਸੇ ਕਾਲੇ ਕਾਨੂੰਨ ਬਣਾਉਣ ਸਮੇਂ ਸਾਜਿਸ਼ੀ ਚੁੱਪ ਧਾਰ ਕੇ ਬੈਠੀ ਰਹੀ ਐ। ਭਾਜਪਾ ਤੇ ਕਾਂਗਰਸ ਦੋਵੇ ਇਕ ਸਿੱਕੇ ਦੇ ਦੋ ਪਹਿਲੂ ਹਨ। ਇਨ੍ਹਾਂ ਤੋਂ ਇਲਾਵਾ ਸੰਤ ਰਾਮ ਮੱਲੀ ਸੁਖਦੇਵ ਸਿੰਘ ਸ਼ੀਰਾ (ਦੋਵੇਂ ਸਕੱਤਰ), ਐਡਵੋਕੇਟ ਅਵਤਾਰ ਕ੍ਰਿਸ਼ਨ ਮੁੱਖ ਜੋਨ ਇੰਚਾਰਜ ਫਰੀਦਕੋਟ, ਸ: ਕੇਵਲ ਸਿੰਘ ਸੈਦੋਕੇ, ਐਡਵੋਕੇਟ ਜਗਦੀਸ਼ ਪ੍ਰਸ਼ਾਦ (ਦੋਵੇਂ ਜੋਨ ਇੰਚਾਰਜ), ਐਡਵੋਕੇਟ ਕੁਲਦੀਪ ਸਿੰਘ ਵੀਰੇਵਾਲਾ ਜ਼ਿਲ੍ਹਾ ਪਰਧਾਨ ਬਸਪਾ ਫਰੀਦਕੋਟ, ਸ: ਹਰਦੇਵ ਸਿੰਘ ਤਖਾਣਵੱਧ ਜ਼ਿਲ੍ਹਾ ਪਰਧਾਨ ਮੋਗਾ, ਸ: ਮੰਦਰ ਸਿੰਘ ਸਰਾਏ ਨਾਗਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਸ੍ਰੀ ਬਲਵਿੰਦਰ ਸਿੰਘ ਜ਼ਿਲ੍ਹਾ ਫਿਰੋਜ਼ਪੁਰ, ਬੀਬੀ ਚਰਨਜੀਤ ਕੌਰ, ਬੀਬੀ ਸੁਨੀਤਾ ਰਾਣੀ ਮੋਗਾ, ਜਗਤਾਰ ਸਿੰਘ ਲੌਂਗੀਵਿੰਡ, ਗੁਰਪ੍ਰੀਤ ਸਿੰਘ ਗੋਪੀ, ਡਾਕਟਰ ਬਲਜੀਤ ਸਿੰਘ, ਕੁਲਵਿੰਦਰ ਕੌਰ ਚੀਮਾ, ਬਲਵਿੰਦਰ ਸਿੰਘ ਬਾਘਾ ਪੁਰਾਣਾ, ਸੰਤੋਖ ਸਿੰਘ ਵਿਰਕ ਖੇੜਾ, ਗੁਰਦਿੱਤਾ ਸਿੰਘ ਮਚਾਕੀ, ਸ੍ਰੀ ਸਿਰੀ ਚੰਦ, ਵਾਲਮੀਕ ਸਮਾਜ ਦੇ ਧਾਰਮਿਕ ਆਗੂ ਬਾਬਾ ਬਲਦੇਵ ਸਿੰਘ ਪਰਧਾਨ ਲਵ ਕੁਛ ਦਲ, ਬੋਹੜ ਸਿੰਘ ਥਰਾਜਵਾਲਾ, ਅਮਰਜੀਤ ਸਿੰਘ ਲੰਬੀ ਆਦਿ ਬਸਪਾ ਆਗੂ ਹਾਜਰ ਸਨ।

ਮਿਸ਼ਨਰੀ ਕਲਾਕਾਰ ਹਾਕਮ ਸਿੰਘ ਪੰਛੀ, ਬੀਬੀ ਮਨਦੀਪ ਮਨੀ ਤੇ ਤੇਜਾ ਸਿੰਘ ਜੈਦ ਨੇ ਧਾਰਮਿਕ ਤੇ ਮਿਸ਼ਨਰੀ ਗੀਤਾਂ ਨਾਲ ਖੂਬ ਰੰਗ ਬੰਨ੍ਹਿਆ। ਸ: ਜਗਦੇਵ ਸਿੰਘ, ਸ: ਜਰਨੈਲ ਸਿੰਘ ਆਦਿ ਬਸਪਾ ਵਰਕਰਾਂ, ਗਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਵਲੋਂ ਕੀਤੇ ਸੁਚੱਜੇ ਪਰਬੰਧ ਲਈ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਬਸਪਾ ਕਾਰਜ ਕਰਤਾਵਾਂ ਤੇ ਆਗੂਆਂ ਵੱਲੋਂ ਰਣਧੀਰ ਸਿੰਘ ਬੇਨੀਵਾਲ ਜੀ ਨੂੰ ਇਕ ਲੱਖ ਪੰਜ ਸੌ ਰੁਪਏ ਪਾਰਟੀ ਗਤੀਵਿਧੀਆਂ ਚਲਾਉਣ ਲਈ ਸਹਿਯੋਗ ਰਾਸ਼ੀ ਸੌਂਪੀ ਗਈ। ਐਡਵੋਕੇਟ ਅਵਤਾਰ ਕ੍ਰਿਸ਼ਨ ਵੱਲੋਂ ਮੰਚ ਸੰਚਾਲਨ ਸੁਚੱਜੇ ਢੰਗ ਨਾਲ ਕੀਤਾ ਗਿਆ। ਬਸਪਾ ਆਗੂ ਸ੍ਰੀ ਜਗਦੇਵ ਅਲਾਰਮ ਜਾਦੂਗਰ ਵੱਲੋਂ ਜਾਦੂ ਟਰਿੱਕ ਦਿਖਾ ਕੇ ਦਰਸ਼ਕਾਂ ਦਾ ਮਨੋਰੰਜਨ ਕਰਕੇ ਖੂਬ ਤਾੜੀਆਂ ਬਟੋਰੀਆਂ।

**– ਅਵਤਾਰ ਕ੍ਰਿਸ਼ਨ**

## ਯੂਕੇ ਦੀ ਫੌਜ ਨੇ ਨਿਗਰਾਨੀ ਲਈ ਖਰੀਦੇ 30 ਨੈਨੋ 'ਬੱਗ' ਡਰੋਨ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਬ੍ਰਿਟਿਸ਼ ਫੌਜ ਨੇ ਆਪਣੀ ਸ਼ਕਤੀ ਸਮਰੱਥਾ ਵਧਾਉਣ ਲਈ ਮਨੁੱਖ ਰਹਿਤ ਹਵਾਈ ਵਾਹਨਾਂ (ਯੂ ਏ ਵੀ) ਦੀ ਸੈਨਿਕ ਵਰਤੋਂ ਵਿੱਚ, 2 ਕਿਲੋਮੀਟਰ (1.25 ਮੀਲ) ਦੂਰ ਦੇ ਟੀਚਿਆਂ ਦੀ ਜਾਸੂਸੀ ਕਰਨ ਲਈ 30 "ਨੈਨੋ ਬੱਗ ਡਰੋਨ" ਖਰੀਦੇ ਹਨ।



ਇੱਕ ਸਮਾਰਟਫੋਨ ਜਿੰਨੇ ਛੋਟੇ ਇਹ ਡਰੋਨ ਹੱਥ ਦੀ ਹਥੇਲੀ ਵਿੱਚ ਰੱਖੇ ਜਾ ਸਕਦੇ ਹਨ ਅਤੇ ਇੱਕ ਦਾ ਭਾਰ 196 ਗ੍ਰਾਮ ਹੈ। ਇਸ ਤਰ੍ਹਾਂ ਦੇ ਡਰੋਨ ਪਹਿਲਾਂ ਹੀ ਵਿਸ਼ਵਵਿਆਪੀ ਪੱਧਰ 'ਤੇ ਫੌਜਾਂ ਦੁਆਰਾ ਨਿਗਰਾਨੀ ਉਪਕਰਣਾਂ ਜਾਂ ਹਥਿਆਰਾਂ ਨਾਲ ਲੈਸ ਮਨੁੱਖ ਰਹਿਤ ਵਾਹਨਾਂ ਦੇ ਰੂਪ ਵਿੱਚ ਵਰਤੇ ਜਾ ਰਹੇ ਹਨ। ਹਾਲਾਂਕਿ ਕਈ ਮਨੁੱਖੀ ਅਧਿਕਾਰ ਸਮੂਹਾਂ ਦੁਆਰਾ ਇਹਨਾਂ ਦੀ ਵਰਤੋਂ ਦੀ ਭਾਰੀ ਆਲੋਚਨਾ ਕੀਤੀ ਗਈ ਹੈ ਪਰ ਯੂਰਪੀਅਨ ਯੂਨੀਅਨ ਅਤੇ ਯੂਕੇ ਨੇ ਭੂ-ਮੱਧ ਸਾਗਰ ਅਤੇ ਚੈਨਲ ਵਿਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਨੂੰ ਲੱਭਣ ਲਈ ਵੀ ਡ੍ਰੋਨ ਦੀ ਵਰਤੋਂ ਕਰਨ ਦੀ ਯੋਜਨਾ ਬਣਾਈ ਹੈ। ਬ੍ਰਿਟਿਸ਼ ਫੌਜ ਦੇ ਇਹ ਨਵੇਂ ਨੈਨੋ ਡਰੋਨ ਯੂਕੇ ਹਥਿਆਰ ਨਿਰਮਾਤਾ ਬੀ.ਏ.ਈ. ਸਿਸਟਮ ਦੁਆਰਾ ਗਲੋਸਟਰਸ਼ਾਇਰ ਵਿੱਚ ਸਥਿਤ ਮਿਲਟਰੀ ਡਰੋਨ ਦੇ ਇੱਕ ਛੋਟੇ ਨਿਰਮ-ਾਤਾ ਨਾਲ ਮਿਲ ਕੇ ਤਿਆਰ ਕੀਤੇ ਗਏ ਹਨ। ਇਹ ਡਰੋਨ 40 ਮਿੰਟ ਦੀ ਬੈਟਰੀ ਲਾਈਫ ਨਾਲ ਲਾਈਵਸਟ੍ਰੀਮ ਵੀਡੀਓ ਕਰਨ ਦੇ ਯੋਗ ਹਨ। ਇਸਦੇ ਨਾਲ ਹੀ ਇਹ ਡਰੋਨ 50 ਮੀਲ ਪ੍ਰਤੀ ਘੰਟਾ ਹਵਾ ਦੀ ਗਤੀ ਵਿੱਚ ਕੰਮ ਕਰ ਸਕਦਾ ਹੈ। ਪਿਛਲੇ ਸਾਲ ਡਿਫੈਂਸ ਵਿਭਾਗ ਨੇ ਜੰਗ ਦੇ ਮੈਦਾਨਾਂ ਵਿੱਚ ਰੋਬੋਟਿਕ ਪ੍ਰੋਜੈਕਟਾਂ ਉੱਤੇ ਖਰਚ ਕਰਨ ਲਈ 66 ਮਿ-ਲੀਅਨ ਪੌਂਡ ਦੀ ਘੋਸ਼ਣਾ ਕੀਤੀ ਸੀ, ਜਿਸ ਵਿੱਚ ਨਿ-ਗਰਾਨੀ ਲਈ "ਮਿੰਨੀ ਡ੍ਰੋਨ", ਰਿਮੋਟ ਨਿਯੰਤਰਿਤ ਲੜਨ ਵਾਲੇ ਵਾਹਨ ਅਤੇ ਸਵੈ-ਡਰਾਈਵਿੰਗ ਲੌਜਿਸਟਿਕ ਵਾਹਨ ਆਦਿ ਸ਼ਾਮਲ ਹਨ। ਸੈਨਾ ਦੁਆਰਾ ਇਰਾਕ ਅਤੇ ਅਫਗਾਨਿਸਤਾਨ ਵਿੱਚ ਕੁੱਝ ਨਵੇਂ ਉਪਕਰਣ ਪਹਿਲਾਂ ਹੀ ਤਾਇਨਾਤ ਕੀਤੇ ਜਾ ਚੁੱਕੇ ਹਨ ਅਤੇ ਯੂਕੇ ਦੀ ਹਥਿਆਰਬੰਦ ਸੈਨਾ ਦੇ ਮੁਖੀ ਅਨੁਸਾਰ ਰੋਬੋਟ 2030 ਤੱਕ ਬ੍ਰਿਟਿਸ਼ ਫੌਜ ਦਾ ਵੱਡਾ ਹਿੱਸਾ ਬਣਾ ਸਕਦੇ ਹਨ।

## ਹਾਰਬਰ ਬ੍ਰਿਜ ਉਤੇ ਰੰਗ ਬਿਰੰਗੀਆਂ ਲਾਈਟਾਂ ਨਾਲ ਹੋਵੇਗਾ ਸਵਾਗਤ 2021

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀ-ਲੈਂਡ ਅਜਿਹਾ ਦੇਸ਼ ਹੈ ਜਿੱਥੇ ਨਵਾਂ ਸਾਲ ਸ਼ੁਰੂ ਹੋਣ ’ਤੇ ਸਭ ਤੋਂ ਪਹਿਲਾਂ ਸੂਰਜ ਚੜ੍ਹਿਆ ਮੰਨਿਆ ਜਾਂਦਾ ਹੈ। ਇਥੇ 31 ਦਸੰਬਰ ਦੀ ਰਾਤ ਨੂੰ ਮਨਾਏ ਜਾਂਦੇ ਜਸ਼ਨ ਵੀ ਦੇਸ਼-ਵਿਦੇਸ਼ ਦੇ ਲੱਖਾਂ ਲੋਕ ਵੇਖਦੇ ਹਨ। ਕਰੋਨਾ ਦੇ ਚਲਦਿਆਂ ਵੱਖ-ਵੱਖ ਦੇਸ਼ਾਂ ’ਚ ਲਾਕਡਾਊਨ (ਕਰੋਨਾ ਤਾਲਾਬੰਦੀ) ਦਾ ਵੱਖ-ਵੱਖ ਪੱਧਰ ਚੱਲ ਰਿਹਾ ਹੈ। ਨਿਊਜ਼ੀਲੈਂਡ ’ਚ ਇਸ ਵੇਲੇ ਲਾਕਡਾਊਨ ਪੱਧਰ ਇਕ ਚੱਲ ਰਿਹਾ ਹੈ, ਜਨਤਕ ਟਰਾਂਸ-ਪੋਰਟ &;ਦੇ ਵਿਚ ਮਾਸਕ ਪਹਿਨਣਾ ਲਾਜ਼ਮੀ ਹੈ ਅਤੇ ਕੁਝ ਹੋਰ ਸ਼ਰਤਾਂ ਵੀ ਜਾਰੀ ਹਨ। ਲੋਕਾਂ ਦੇ ਇਕੱਠ ਉਤੇ ਕੋਈ ਪਾਬੰਦੀ ਨਹ ਹੈ ਜਿਸ ਕਰਕੇ ਹੁਣ ਨਿਊਜ਼ੀਲੈਂਡ ਨੇ ਨਵੇਂ ਸਾਲ 2021 ਦੇ ਜਸ਼ਨਾਂ ਦੀ ਪੂਰੀ ਤਿਆਰੀ ਕਰ ਲਈ ਹੈ। ਇਨ੍ਹਾਂ ਜਸ਼ਨਾਂ ਦੇ ਦਰਸ਼ਨ ਕਰਨ ਦੇ ਲਈ ਲੋਕਾਂ ਨੂੰ 31 ਦਸੰਬਰ ਦੀ ਅੱਧੀ ਰਾਤ ਨੂੰ ਔਕਲੈਂਡ ਸਿਟੀ ਦਾ ਗੇੜਾ ਮਾਰਨਾ ਹੋਵੇਗਾ ਜਾਂ 1017 ਮੀਟਰ ਲੰਬੇ, 8 ਲੇਨਜ਼ ਵਾਲੇ ਮੋਟਰਵੇਅ ਪੁੱਲ ਯਾਨਿ ਕਿ ਹਾਰਬਰ ਬ੍ਰਿਜ ਉਤੇ ਬਿਜਲੀ ਕੰਪਨੀ ‘ਵੈਕਟਰ’ ਵੱਲੋਂ ਰੰਗ ਬਿਰੰਗੀਆਂ ਲਾਈਟਾਂ ਦਾ ਨਜ਼ਾਰਾ ਦੂਰ ਖੜਕੇ ਵੇਖਣਾ ਹੋਵ-ੇਗਾ। ਇਸ ਵਾਰ 40 ਹੋਰ ਸਰਚ ਲਾਈਟਾਂ ਲਾਈਆਂ ਗਈਆਂ ਹਨ ਤਾਂ ਕਿ ਰਾਤ ਨੂੰ ਹੀ ਚੜ੍ਹਦੇ ਸੂਰਜ ਜਿੰਨੀ ਰੋਸ਼ਨੀ ਕਰ ਦਿੱਤੀ ਜਾਵੇ। ਇਹ ਵਿਸ਼ੇਸ਼ ਲਾਈਟਾਂ 5 ਮਿੰਟ ਤੱਕ ਪੂਰਾ ਰੰਗੀਨ ਨਜ਼ਾਰਾ ਪੇਸ਼ ਕਰਕੇ ਦਿਨ ਵਰਗਾ ਚਾਨਣ ਕਰਨੀਆਂ। ਇਹ ਲਾਈਟਾਂ ਵੱਖ-ਵੱਖ ਰੂਪ ਵਾਲਾ ਸ਼ਾਨਦਾਰ ਦ੍ਰਿਸ਼ ਪੈਦਾ ਕਰਨਗੀਆਂ। ਇਸ ਤੋਂ ਇਲਾਵਾ 1076 ਫੁੱਟ ਉਚੇ ਅਤੇ 1103 ਪੌੜੀਆਂ ਵਾਲੇ ਦੇਸ਼ ਦੀ ਸ਼ਾਨ ‘ਸਕਾਈ ਟਾਵਰ’ ਉਤੇ ਦਿਲਕਸ਼ ਆਤਿਸ਼ਬਾਜੀ ਦਾ ਨਜ਼ਾਰਾ ਹੋਵੇਗਾ। ਜਿਸ ਨੂੰ ਵੇਖਣ ਲਈ &;ਲੋਕ ਸ਼ਾਮ ਤੋਂ ਹੀ ਇਕੱਤਰ ਹੋਣੇ ਸ਼ੁਰੂ ਹੋ ਜਾਂਦੇ ਹਨ। 2021 ਦਾ ਸਵਾਗਤ ਤਾੜੀਆਂ ਮਾਰ ਕੇ, ਪਟਾਖੇ ਚਲਾ ਕੇ ਅਤੇ ਪੂਰੇ ਜੋਸ਼ੋ-ਖਰੋਸ਼ ਨਾਲ ਚੀਕਾਂ ਮਾਰ-ਮਾਰ ਕੀਤਾ ਜਾਂਦਾ ਹੈ। ਔਕਲੈਂਡ ਦੇ ਮੇਅਰ ਸ੍ਰੀ ਫਿਲ ਗੌਫ ਨੇ ਨਿਊਜ਼ੀਲੈਂਡ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ ਕਿ ਉਨ੍ਹਾਂ ਦੇ ਸਹਿਯੋਗ ਸਦਕਾ ਦੇਸ਼ ਕਰੋਨਾ ਦੇ ਪਸਾਰ ਤੋਂ ਹਾਲ ਦੀ ਘੜੀ ਬਚਿਆ ਹੋਇਆ ਹੈ। ਟੀ.ਵੀ. ਐਨ. ਜ਼ੈਡ-1 ਉਤੇ ਸ਼ਾਮ 7




ਤੋਂ 8 ਤੱਕ ਵਿਸ਼ੇਸ਼ ਪ੍ਰੋਗਰਾਮ ਹੋਵੇਗਾ ਜਦ ਕਿ ਇਸਦੇ ਚੈਨਲ-2 ਉਤੇ ਰਾਤ 11 ਵਜੇ ਤੋਂ ਵਿਸ਼ੇਸ਼ ਲਾਈਵ ਪ੍ਰੋਗਰਾਮ ਹੋਣਗੇ। ਨਵੇਂ ਸਾਲ ਦੀਆਂ ਲਾਈਟਾਂ ਅਤੇ ਆਤਿਸ਼ਬਾਜੀ ਵੇਖਣ ਲਈ ਵੀ ਵਿਸ਼ੇਸ਼ ਸਥਾਨ ਵੀ ਨਿਰਧਾਰਤ ਕੀਤੇ ਗਏ ਹਨ। ਵਰਨਣਯੋਗ ਹੈ ਕਿ 26 ਦਸੰਬਰ ਤੋਂ 4 ਜਨਵਰੀ ਤੱਕ ਰੇਲ ਸਰਵਿਸ ਬੰਦ ਹੋਣ ਕਰਕੇ ਲੋਕਾਂ ਨੂੰ ਬੱਸਾਂ ਅਤੇ ਆਪਣੀਆਂ ਕਾਰਾਂ ਦੇ ਵਿਚ ਹੀ ਜਾਣਾ ਹੋਵੇਗਾ ਅਤੇ ਵਾਪਿਸ ਮੁੜਨਾ ਹੋਵੇਗਾ। ਬਾਅਦ ਦੁਪਹਿਰ ਤੋਂ ਤੜਕੇ ਤੱਕ ਟੈਕਸੀਆਂ ਵਾਲਿਆਂ ਦਾ ਕਾਰੋਬਾਰ ਵੀ ਕਾਫੀ ਖੂਬ ਚਮਕੇਗਾ। ਸੋ ਨਵੇਂ ਸਾਲ 2021 ਦੀਆਂ ਦੇ ਸਵਾਗਤ ਲਈ ਤੁਸੀਂ ਵੀ ਕਰ ਲਓ ਤਿਆਰੀਆਂ।

# ਵਿਚਾਰ-ਚਰਚਾ ’ਚ ਵਿਦਵਾਨਾਂ ਨੇ ਕੱਢੇ ਤੱਤ, ਇਤਿਹਾਸ ਦਾ ਨਵਾਂ ਵਰਕਾ ਲਿਖ ਰਿਹੈ ਕਿਸਾਨ ਘੋਲ







**ਜਲੰਧਰ–** ਖੇਤੀ ਕਾਨੂੰਨਾਂ ਖਿਲਾਫ਼ ਉੱਠੇ ਮੁਲਕ ਵਿਆਪੀ ਜਨ-ਅੰਦੋਲਨ ਦੀ ਹਮਾਇਤ ’ਚ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਗੰਭੀਰ ਵਿਚਾਰ-ਚਰਚਾ ਕੀਤੀ। ਆਜ਼ਾਦੀ ਸੰਗਰਾਮ ਦੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ, ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹੋਏ ਇਸ ਸਮਾਗਮ ’ਚ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਤਰਕਸ਼ੀਲਾਂ, ਜਮਹੂਰੀ ਕਾਮਿਆਂ, ਨੌਜਵਾਨਾਂ ਅਤੇ ਔਰਤਾਂ ਨੇ ਸ਼ਿਰਕਤ ਕਰਕੇ, ਸੰਘਰਸ਼ਸ਼ੀਲ ਸੰਸਥਾਵਾਂ ਅਤੇ ਲੋਕਾਂ ਨਾਲ ਯਕਜਹਿਦੀ ਦਾ ਪ੍ਰਗਟਾਵਾ ਕੀਤਾ। ਦਿੱਲੀ ਮੋਰਚੇ ’ਚ ਸ਼ਹਾਦਤ ਪਾਉਣ ਵਾਲਿਆਂ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਸਮਾਗਮ ’ਚ ਗ਼ਮਗੀਨ ਅਤੇ ਰੋਹ ਦਾ ਮਾਹੌਲ ਸਿਰਜਿਆ ਗਿਆ।

ਇਤਿਹਾਸ ਦੇ ਖੋਜੀ ਲੇਖਕ ਚਰੰਜੀ ਲਾਲ ਕੰਗਣੀਵਾਲ ਨੇ ਇਤਿਹਾਸ ਦੀਆਂ ਦੁਰਲੱਭ ਪੈੜਾਂ ਦਾ ਜ਼ਿਕਰ ਆਪਣੇ ਭਾਸ਼ਣ ’ਚ ਕਰਦਿਆਂ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਦੀ ਰੋਟੀ, ਰੋਜ਼ੀ ਅਤੇ ਜਮਹੂਰੀ ਹੱਕ-ਹਕੂਕ ਉਪਰ ਬਰਤਾਨਵੀ ਸਾਮਰਾਜੀਏ ਜਿਵੇਂ ਦਾਬਾ ਪਾਉਣ ਅਤੇ ਸਿਕੰਜਾ ਕਸਣ ਲਈ ਕਾਲ਼ੇ ਕਾਨੂੰਨ ਮੜ੍ਹਿਆ ਕਰਦੇ ਸਨ, ਉਹਨਾਂ ਲੀਹਾਂ ਉਪਰ ਹੀ ਚੱਲਦਿਆਂ ਅਜੋਕੇ ਸਮੇਂ ਦੇ ਹੁਕਮਰਾਨ ਸਾਮਰਾਜੀ ਕਾਰਪੋਰੇਟ ਘਰਾਣਿਆਂ ਅਤੇ ਉਹਨਾਂ ਦੇ ਦੇਸੀ ਯਾਰਾਂ ਦੀ ਸੇਵਾ ਹਿੱਤ ਡੰਡੌਤ ਕਰਦਿਆਂ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਕਾਨੂੰਨ ਮੜ੍ਹਨ ਜਾ ਰਹੇ ਹਨ।

ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਕਿ 1938 ਦੇ ਕਿਸਾਨ ਮੋਰਚੇ ਮੌਕੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਅਤੇ ਅਗਲੇ ਪੜਾਵਾਂ ਮੌਕੇ ਅਨੇਕਾਂ ਗ਼ਦਰੀ ਬਾਬਿਆਂ, ਕਿਰਤੀ ਲਹਿਰ ਦੇ ਕਾਮਿਆਂ ਦੀਆਂ ਅਮਿਟ ਕੁਰਬਾਨੀਆਂ ਨੇ ਹੀ ਇਤਿਹਾਸ ਦੇ ਸਫ਼ੇ ’ਤੇ ਲਿਖ ਦਿੱਤਾ ਸੀ ਕਿ ਜਦੋਂ ਤੱਕ ਕਿਰਤੀ ਕਿਸਾਨਾਂ ਦੀ ਜ਼ਿੰਦਗੀ ਆਜ਼ਾਦ ਨਹੀਂ ਹੁੰਦੀ, ਉਸ ਵੇਲੇ ਤੱਕ ਲੋਕ ਸੰਗਰਾਮ ਜਾਰੀ ਰਹੇਗਾ। ਅਜੋਕਾ ਕਿਸਾਨ ਅਤੇ ਜਨ-ਅੰਦੋਲਨ ਉਸ ਇਤਿਹਾਸ ਅਤੇ ਵਿਰਾਸਤ ਦੀ ਮਾਣ-ਮੱਤੀ ਕੜੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਖੇਤੀ ਕਾਨੂੰਨ, ਮਹਿਜ਼ ਬਦੇਸ਼ੀ ਦੇਸੀ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ਿਆਂ ਵਿੱਚ ਅੰਬਾਰ ਲਾਉਣ ਦਾ ਹੀ ਸਾਧਨ ਨਹੀਂ ਬਣਨਗੇ ਸਗੋਂ ਸਰਕਾਰੀ ਖਰੀਦ ਤੋਂ ਪੱਲਾ ਝਾੜਕੇ ਨਿੱਜੀ ਕੰਪਨੀਆਂ ਲਈ ਮੰਡੀ ਖੋਹਲਕੇ, ਨਿੱਤ ਵਰਤੋਂ ਦੀਆਂ ਵਸਤਾਂ ਦੀ ਜਮਾਂਖੋਰੀ ਕਰਨ ਦਾ ਲਾਇਸੰਸ ਪ੍ਰਾਪਤ ਕਰਕੇ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਪੱਲੇਦਾਰਾਂ, ਹੱਥੀਂ ਮਿਹਨਤ ਕਰਨ ਵਾਲਿਆਂ ਲਈ ਮੁਕੰਮਲ ਤਬਾਹੀ ਅਤੇ ਮੌਤ ਦੇ ਦੁਆਰ ਖੋਹਲਣ ਜਾ ਰਹੇ ਹਨ।

ਡਾ. ਪਰਮਿੰਦਰ ਨੇ ਕਿਹਾ ਕਿ ਲੋਕਾਂ ਸਾਹਮਣੇ ਰੋਟੀ, ਰੋਜੀ ਦੇ ਸੰਸੇ ਤੋਂ ਕਿਤੇ ਅੱਗੇ ਜਾ ਕੇ ਅਜੇਹੀ ਵਿਕਸਤ ਚੇਤਨਾ ਦਾ ਸੰਚਾਰ ਹੋਇਆ ਹੈ ਜਿਹੜੀ ਚੇਤਨਾ ਉਹਨਾਂ ਨੂੰ ਕੁਰਾਹੇ ਪਾਊ ਅਜੰਡਿਆਂ ਤੋਂ ਪਾਰ ਜਾ ਕੇ ਆਪਣੀ ਜ਼ਿੰਦਗੀ ਦੇ ਹਕੀਕੀ ਅਜੰਡਿਆਂ ਦੁਆਲੇ ਲਾਮਬੰਦ ਕਰਦੀ ਹੋਈ ਆਪਣੀ ਤਕਦੀਰ ਦੇ ਘਾੜੇ ਬਣਨ ਲਈ ਰਾਹ-ਦਸੇਰਾ ਬਣ ਰਹੀ ਹੈ।

ਡਾ.ਪਰਮਿੰਦਰ ਨੇ ਕਿਹਾ ਕਿ ਕਿਸਾਨ ਜੱਥੇਬੰਦੀਆਂ ਅਤੇ ਲੋਕਾਂ ਦੀ ਆਵਾਜ਼ ਵੱਲ ਕੰਨ ਕਰਦਿਆਂ ਮੋਦੀ ਹਕੂਮਤ, ਕਾਲ਼ੇ ਕਾਨੂੰਨਾਂ ਨੂੰ ਰੱਦ ਕਰੇ ਅਤੇ ਸੋਧਾਂ ਆਦਿ ਵਰਗੀਆਂ ਵੰਨ-ਸੁਵੰਨੀਆਂ ਤਿਕੜਮ ਬਾਜੀਆਂ ਛੱਡਕੇ ਲੋਕਾਂ ਦੀ ਮੰਗ ਤੁਰੰਤ ਪ੍ਰਵਾਨ ਕਰੇ। ਕਿਸਾਨ ਜੱਥੇਬੰਦੀਆਂ, ਉਹਨਾਂ ਦੇ ਨੇਤਾਵਾਂ ਅਤੇ ਹੱਕੀ ਅੰਦੋਲਨ ਨੂੰ ਰੰਗ-ਬਰੰਗੇ ਲੇਬਲ ਲਾ ਕੇ ਬਦਨਾਮ ਕਰਨ ਦਾ ਭਰਮ ਪਾਲਣਾ ਬੰਦ ਕੀਤਾ ਜਾਏ।

ਉਹਨਾਂ ਕਿਹਾ ਕਿ ਅਜੋਕਾ ਅੰਦੋਲਨ, ਮੋਦੀ ਹਕੂਮਤ ਨੂੰ ਪਿਛਲਮੋੜਾ ਦਿੰਦਾ ਹੋਇਆ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਦੇ ਘੋਲ ’ਚੋਂ ਜੇਤੂ ਹੋ ਕੇ ਨਿਕਲਦੇ ਹੋਏ, ਹਕੂਮਤ ਦੇ ਫ਼ਿਰਕੂ ਫਾਸ਼ੀ ਅਜੰਡੇ ਉਪਰ ਵੀ ਫਤਿਹ ਪਾਉਣ ਵੱਲ ਵਧਣ ਦੇ ਝੰਡੇ ਗੱਡੇਗਾ।

ਉਹਨਾਂ ਕਿਹਾ ਕਿ ਜਮਹੂਰੀ, ਲੋਕ-ਪੱਖੀ ਲੀਹਾਂ ਤੋਂ ਉਸਰਿਆ ਮੌਜੂਦਾ ਅੰਦੋਲਨ ਕਿਸੇ ਕਿਸਮ ਦੀ ਹਾਕਮ ਜਮਾਤੀ ਰਾਜਨੀਤੀ ਨੂੰ ਪਿਛਲੇ ਦਰਵਾਜ਼ੇ ਥਾਈਂ ਆਉਣ ਦਾ ਰਾਹ ਦੇਣ ਵਾਲਾ ਜਾਂ ਸਤਾ ਚੋਂ ਹਿੱਸਾ ਵੰਡਾਉਣ ਵਾਲਾ ਘੋਲ਼ ਨਹੀਂ ਸਗੋਂ ਲੋਕ-ਤਾਕਤ ਦੀ ਪੁੱਗਤ ਸਥਾਪਤ ਕਰਨ ਵਾਲਾ ਘੋਲ਼ ਹੈ ਇਹ ਇਸਦੀ ਸਿਫ਼ਤੀ ਵਿਲੱਖਣਤਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਦਿੱਲੀ ਮੋਰਚੇ ਤੋਂ ਪਰਤਕੇ ਆਉਣ ਕਾਰਨ ਉਥੋਂ ਦਾ ਅੱਖੀਂ ਡਿੱਠਾ ਹਾਲ ਸਾਂਝਾ ਕਰਦਿਆਂ ਕਿਹਾ ਕਿ ਸਾਡੀ ਧਰਤੀ ਤੇ ਸਮਾਜਕ ਤਬਦੀਲੀ ਦਾ ਨਵਾਂ ਸੂਰਜ ਚੜ੍ਹ ਰਿਹਾ ਹੈ। ਵਿਸ਼ੇਸ਼ ਕਰਕੇ ਔਰਤਾਂ ਇਸ ਅੰਦੋਲਨ ’ਚ ਅਹਿਮ ਯੋਗਦਾਨ ਪਾਉਣ ਲਈ ਮੈਦਾਨ ’ਚ ਹਨ।

ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ ਨੇ ਬਿਜਲੀ ਤਜਵੀਜ਼ਤ ਬਿੱਲ ਦੇ ਦੁਰ-ਪ੍ਰਭਾਵਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਂਦਿਆਂ ਦੱਸਿਆ ਕਿ ਕਾਰਪੋਰੇਟ ਜਗਤ ਜੰਗਲ, ਜਲ, ਜ਼ਮੀਨ, ਜ਼ਿੰਦਗੀ ਅਤੇ ਜ਼ਮੀਰ ਉਪਰ ਡਾਕਾ ਮਾਰਨ ਜਾ ਰਿਹਾ ਹੈ। ਜਿਸ ਵਿਰੁੱਧ ਸੰਘਰਸ਼ ਹੀ ਸੁਵੱਲੜਾ ਰਾਹ ਹੈ।

ਮੰਚ ਸੰਚਾਲਕ ਦੀ ਜ਼ਿੰਮੇਵਾਰੀ ਕਮੇਟੀ ਦੇ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿਭਾਉਂਦੇ ਹੋਏ ਕਿਹਾ ਕਿ ਮੌਜੂਦਾ ਘੋਲ ਕਲਮ, ਕਲਾ, ਲੋਕਾਂ ਅਤੇ ਲੋਕ ਘੋਲ ਦੀ ਜੋਟੀ ਪਾਉਣ ਦਾ ਨਵਾਂ ਇਤਿਹਾਸਕ ਵਰਕਾ ਲਿਖ ਰਿਹਾ ਹੈ। **(ਜਨਸੰਗ੍ਰਾਮ ਚੁੰਬਰ)**

## ਸ਼ਹੀਦ-ਏ-ਆਜ਼ਮ ਦੀ ਸੋਚ ’ਤੇ ਪਹਿਰਾ ਦੇਣ ਦਾ ਪ੍ਰਣ




ਜਲੰਧਰ, ਅਮ੍ਰਿੰਤਸਰ, ਕਪੂਰਥਲਾ ਤੇ ਗੁਰਦਾਸ, ਪਠਾਨਕੋਟ ਤੋਂ ਬੰਗਾ ਰਾਹੀਂ ਦਿੱਲੀ ਨੂੰ ਜਾਣ ਵਾਲੇ ਵਿਦਿਆਰਥੀਆਂ ਦੇ ਜੱਥੇ ਪਿੰਡ ਖਟਕੜ ਕਲਾਂ ’ਚ ਸਥਿਤ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਯਾਦਗਾਰ ’ਤੇ ਨਮਨ ਕਰਕੇ ਲੰਘ ਰਹੇ ਹਨ। ਅੱਜ ਵੀ ਇੱਥੇ ਰੁਕੇ ਵਿਦਿਆਰਥੀਆਂ ਨੇ ਆਪਣੇ ਮਨੋਭਾਵ ਸਾਂਝੇ ਕੀਤੇ ਕਿ ਦੇਸ਼ ਕੌਮ ਲਈ ਚੜ੍ਹਦੀ ਵਰੇਸੇ ਆਪਣੀਆਂ ਜਾਨਾਂ ਵਾਰ ਗਏ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਵਰਗੇ ਯੋਧੇ ਨੌਜ਼ਵਾਨ ਪੀੜ੍ਹੀ ਲਈ ਵੱਡੀ ਪ੍ਰੇਰਨਾ ਹਨ। ਉਹਨਾਂ ਸ਼ਹੀਦਾਂ ਦੀ ਸੋਚ ’ਤੇ ਪਹਿਰਾ ਦੇਣ ਲਈ ਪ੍ਰਣ ਕਰਦਿਆਂ ਦਿੱਲੀ ਵੱਲ ਚਾਲੇ ਪਾਏ।

## ਕਿਸਾਨ ਅੰਦੋਲਨ-ਪਾੜ੍ਹਿਆਂ ਨੇ ਪੜ੍ਹਾਇਆ ‘ਸਮਝਦਾਰੀ’ ਦਾ ਪਾਠ

### ਸ਼ਹੀਦ ਭਗਤ ਸਿੰਘ ਦੇ ਸਮਾਰਕ ’ਤੇ ਸਿਜਦਾ ਕਰਕੇ ਪਾਏ ਦਿੱਲੀ ਨੂੰ ਚਾਲੇ

**ਬੰਗਾ, (ਸੁਰਜੀਤ ਮਜਾਰੀ)** ਕਿਸਾਨ ਅੰਦੋਲਨ ਲਈ ਵਿਦਿਆਰਥੀ ਵਰਗ ਵੀ ਵੱਡੇ ਪੱਧਰ ’ਤੇ ਮੈਦਾਨ ’ਚ ਡਟਿਆ ਹੋਇਆ ਹੈ। ਵਿਦਿਆਰਥੀ ਕਾਫ਼ਲੇ ਬੰਨ੍ਹ ਕੇ ਕੁੰਡਲੀ ਤੇ ਟਿੱਕਰੀ ਹੱਦਾਂ ਲਈ ਜਾ ਰਹੇ ਹਨ ਅਤੇ ਵਿੱਦਿਅਕ ਅਦਾਰਿਆਂ ’ਚ ਸਭਾਵਾਂ ਕਰਕੇ ਅੰਦੋਲਨ ਦਾ ਸਮਰੱਥਨ ਕੀਤਾ ਜਾ ਰਿਹਾ ਹੈ। ਉਹ 'ਜ਼ਿੰਦਾਬਾਦ’ ਦੇ ਨਾਅਰਿਆਂ ਨਾਲ ਇੱਕ ਪਾਸੇ ਬਜ਼ੁਰਗਾਂ ਦਾ ਹੌਂਸਲਾ ਵਧਾ ਰਹੇ ਹਨ ਅਤੇ ਦੂਜੇ ਪਾਸੇ ਆਪਣੇ ਭਵਿੱਖੀ ਹੱਕਾਂ ਲਈ ਕੇਂਦਰ ਦੇ ਕੰਨ੍ਹ ਖੋਲ੍ਹ ਰਹੇ ਹਨ। ਦਿੱਲੀ ਮੋਰਚਿਆਂ ’ਚ ਲੱਗੀਆਂ ਸਟੇਜ਼ਾਂ ਉੱਪਰ ਕਈ ਵਿਦਿਆਰਥੀ ਨਿਧੱੜਕ ਬੁਲ-ਾਰਿਆਂ ਵਜੋਂ ਅੱਗੇ ਆ ਰਹੇ ਹਨ।



ਪਿੰਡ ਸਰਹਾਲ ’ਚ ਰਸਦ ਇਕੱਠੀ ਕਰ ਰਹੇ ਵਿਦਿਆਰਥੀ ਜਸਵਿੰਦਰ ਸਿੰਘ, ਮ-ਹਤਾਬ, ਜਸਪ੍ਰੀਤ ਕੌਰ, ਨੀਲਮ ਰਾਣੀ, ਹਰਸ਼ਦੀਪ ਕੌਰ ਨੇ ਦੱਸਿਆ ਕਿ ਉਹ ਤੀਜੀ ਵਾਰ ਦਿੱਲੀ ਜਾ ਰਹੇ ਹਨ। ਭਾਈ ਸੰਗਤ ਸਿੰਘ ਖ਼ਾਲਸਾ ਕਾਲਜ ਬੰਗਾ ਦੇ ਵਿਦਿਆਰਥੀਆਂ ਵਲੋਂ ਵੀ ਕਿਸਾਨ ਅੰਦੋਲਨ ਦੇ ਸਮਰੱਥਨ ’ਚ 'ਜਵਾਨੀ ਜ਼ਿੰਦਾਬਾਦ-ਕਿਸਾਨ ਅੰਦੋਲਨ ਜ਼ਿੰਦਾਬਾਦ’ ਅਤੇ 'ਦੇਸ਼ ਕੌਮ ਦੀ ਖ਼ਾਤਰ, ਸਾਡਾ ਰੋਮ ਰੋਮ ਕੁਰਬਾਨ’ ਦੇ ਨਾਅਰੇ ਬੁਲੰਦ ਕੀਤੇ ਗਏ। ਨੌਜ਼ਵਾਨ ਵਰਗ ਦੀ ਬਣੀ ਉਕਤ ਲਹਿਰ ਬਾਰੇ ਪ੍ਰਿੰਸੀਪਲ ਡਾ. ਰਣਜੀਤ ਸਿੰਘ ਦਾ ਕਹਿਣ ਹੈ ਕਿ ਵਿਦਿਆਰਥੀ ਵਰਗ ਦਾ ਵੱਡੇ ਪੱਧਰ ’ਤੇ ਅੰਦੋਲਨ ’ਚ ਸ਼ਾਮਲ ਹੋਣਾ ਚੇਤਨਾ ਦਾ ਪ੍ਰਤੀਕ ਹੈ।

ਚੌਦਾਂ ਤੋਂ ਸੋਲਾਂ ਜਮਾਤਾਂ ਪੜ੍ਹੇ ਵਿਦਿਆਰਥੀ ਕਮਲੇਸ਼ ਕੁਮਾਰੀ, ਕਸ਼ਮੀਰ ਕੌਰ, ਬਲਕਾਰ ਸਿੰਘ, ਸੁਰਿੰਦਰ ਸਿੰਘ ਨੇ ਆਪਣੇ ਵਿਚਾਰਾਂ ’ਚ ਕਿਹਾ ਕਿ ਜਿਹੜੀ ਜਵਾਨੀ ਨੂੰ ਨਸ਼ਿਆਂ ਦਾ ਧੱਬਾ ਲਾਇਆ ਜਾਂਦਾ ਰਿਹਾ ਉਸਨੇ ਪਹਿਲਾਂ ਦਿੱਲੀ ਜਾਂਦੇ ਰਾਹਾਂ ’ਚ ਪਾਣੀ ਦੀਆਂ ਬੁਛਾਰਾਂ ਦੇ ਮੂੰਹ ਮੋੜੇ, ਬੈਰੀਕੇਡ ਤੋੜੇ ਅਤੇ ਹੁਣ ਕਿਸਾਨ ਮਜ਼ਦੂਰ ਦੇ ਸੰਘਰਸ਼ ਦੀ ਸੇਵਾ ’ਚ ਜੁਟੀ ਹੋਈ ਹੈ।

# ਸਵ. ਰੂਪ ਲਾਲ ਦਾ ਯਾਦ ’ਚ ਹੋਇਆ ਸ਼ਰਧਾਜਲੀ ਸਮਾਗਮ







**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਨੰਬਰਦਾਰ ਪਰਗਣ ਰਾਮ ਸਰਪੰਚ ਦਿਆਲਪੁਰ ਨੂੰ ਉਸ ਸਮੇਂ ਅਸਿਹ ਸਦਮਾ ਲੱਗਾ ਜਦੋਂ ਉਸ ਦੇ ਵੱਡੇ ਭਰਾ ਰੂਪ ਲਾਲ (60) ਸਾਲ ਜੋ ਕੁਝ ਦਿਨ ਬਿਮਾਰ ਰਹਿਣ ਉਪਰੰਤ ਸਾਰੇ ਪਰਿਵਾਰ ਸਦੀਵੀ ਵਿਛੋੜਾ ਦੇ ਗਏ ਤੇ ਉਨਾਂ ਦੀ ਆਤਮਿਕ ਸ਼ਾਤੀ ਲਈ ਪਰਿਵਾਰ ਵਲੋਂ ਗੁਰਦੁਆਰਾ ਗੁਰੂ ਰਵਿਦਾਸ ਜੀ ਦੇ ਧਾਰਮਿਕ ਅਸਥਾਨ ਤੇ ਸ਼੍ਰੀ ਸੁਖਮਨੀ ਸਾਹਿਬ ਜੀਦੇ ਪਾਠ ਦੇ ਭੋਗ ਪਾਏ ਗਏ। ਗੁਰੂ ਗਰ ਦੇ ਗ੍ਰੰਥੀ ਸਾਹਿਬ ਵਲੋਂ ਸਵ. ਰੂਪ ਲਾਲ ਦੀ ਆਤਮਿਕ ਸ਼ਾਤੀ ਲਈ ਅਰਦਾਸ ਬੇਨਤੀ ਕੀਤੀ ਭਾਈ ਸਰਬਜੀਤ ਸਿੰਘ ਨੂਰ ਗੜੇ ਵਾਲੇ ਵਲੋਂ ਕਥਾ ਵਿਚਾਰਾਂ ਕਰਕੇ ਸਰਧਾਂਜਲੀ ਸਮਾਗਮ ਚ ਪੁੱਜੀਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਆਖਿਆ ਕਿ ਜੋ ਇਨਸਾਨ ਇਸ ਜੱਗ ਚ ਆਇਆ ਉਸ ਨੇ ਇਸ ਸੰਸਾਰ ਤੋਂਇੱਕ ਨਾ ਇੱਕ ਦਿਨ ਜਾਣਾ ਹੀ ਹੈ। ਇਸ ਦੁਨਿਆਵੀ ਜਗਤ ਵਿੱਚ ਸਭ ਕੁਝ ਝੂਠ ਹੈ ਇੱਕ ਮਰਨਾ ਸੱਚ ਹੈ ਤੇ ਸਾਨੂੰ ਅਕਾਲ ਪੁਰਖ ਦੇ ਚਰਨਾ ਨਾਲ ਜੁੜ ਕੇ ਆਪਣਾ ਜਵਿਨ ਸਫਲ ਕਰਨ ਦੀ ਲੋੜ ਹੈ।

ਇਸ ਮੋਕੇ ਸਰਵਣ ਸਿੰਘ ਫਿਲੌਰ ਸਾ. ਕੈਬਨਿਟ ਮੰਤਰੀ, ਪ੍ਰੋਫੈਸਰ ਸੰਧੂ ਵਰਿਆਣਵੀ, ਦੇਸ਼ ਰਾਜ ਮੱਲ, ਡਾ ਜਸਵਿੰਦਰ ਚੀਮਾ, ਬਖਸੀਸ ਚੰਦ ਸੇਲਕੀਆਣਾ ਵਲੋਂ ਆਪਣੇ ਸੰਬੋਧਨ ਚ ਆਖਿਆ ਕਿ ਬੜਾ ਦੁੱਖ ਹੁੰਦਾ ਹੈ ਜਦੋ ਕੋਈ ਆਪਣਾ ਸਦਾ ਲਈ ਵਿਛੜਦਾ ਹੈ ਪਰ ਇਹ ਸਭ ਸੰਸਾਰ ਮੇਲਾ ਦੇਖਣ ਆਇਆ ਹੈ ਤੇ ਜਿਸ ਤਰਾਂ ਸੁਆਸਾਂ ਦੀ ਪੂੰਜੀ ਖਤਮ ਹੋ ਰਹੀ ਹੈ। ਉਸੇ ਤਰਾਂ ਉਹ ਇਨਸਾਨ ਇਸ ਮੇਲੇ ਵਿਚੋ ਚਲਾ ਜਾਂਦਾ ਹੈ ਤੇ ਹਰ ਇਨਸਾਨ ਨੂੰ ਆਪਣੇ ਜੀਵਨ ਚ ਕੋਈ ਨਾ ਕੋਈ ਚੰਗਾ ਕਾਰਜ ਜਰੂਰ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੇ ਸਮੇਂ ਚ ਉਸ ਇਨਸਾਨ ਦੀਆਂ ਯਾਦਾਂ ਉਸ ਵਲੋ ਕੀਤੇ ਕੰਮਾਂ ਵਿਚੋਂ ਦਿਸਦੀਆਂ ਰਹਿਣ ਤੇ ਸਾਨੂ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ।

ਇਨਾਂ ਸ਼ਬਦਾ ਨਾਲ ਸਵ. ਰੂਪ ਲਾਲ ਨੂੰ ਸ਼ਰਧਾ ਫੁੱਲ ਭੇਂਟ ਕੀਤੇ ਤੇ ਪਰਿਵਾਰ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਲਈ ਆਖਿਆ ਇਸ ਮੋਕੇ ਅਜੈਬ ਸਿੰਘ ਮੋਰੋ ਸਰਪੰਚ, ਕਮਲਜੀਤ ਸਿੰਘ ਐਸਐਮਓ, ਸੁਖਵੀਰ ਗਿੱਲ, ਨੰਬਰਦਾਰ ਪ੍ਰੇਮ ਢੱਕਮਜਾਰਾ,ਪੰਚ ਯਾਦਵਿੰਦਰ ਸੇਲਕੀਆਣਾ, ਬਲਜੀਤ ਰਾਮ, ਕੁਲਦੀਪ ਸਿੰਘ, ਸੱਤਪਾਲ, ਜਤਿੰਦਰ ਸਿੰਘ, ਸਾਰੇ ਪੰਚ ਜਸਵਿੰਦਰ ਚੀਮਾ, ਸਰਪੰਚ ਅਮਰੀਕ ਸਿੰਘ ਲੋਹਗੜ, ਅਮਰੀਕ ਸਿੰਘ ਜੱਜਾ, ਸੁਰਿੰਦਰ ਸਿੰਘ ਗਿੱਲ, ਸਿੰਗਾਰਾ ਰਾਮ, ਸਮੂਹ ਗ੍ਰਾਮ ਪੰਚਾਇਤ ਤੋਂ ਇਲਾਵਾ ਸਿਆਸਤ, ਸਮਾਜਿਕ,ਧਾਰਮਿਕ ਸ਼ਖਸ਼ੀਅਤਾਂ,ਰਿਸ਼ਤੇਦਾਰ ਤੋਂ ਇਲਾਵਾ ਪਿੰਡ ਵਾਸੀ ਹਾਜਰ ਸਨ ਸਰਪੰਚ ਪਰਗਣ ਵਲੋਂ ਇਸ ਦੁੱਖ ਦੀ ਘੜੀ ਸਾਮਿਲ ਹੋਣ ਤੇ ਸਾਰੀਆਂ ਸੰਗਤਾਂ ਦਾ ਧੰਨਵਾਦ।

# ਵਿਪਸਾ ਦੀ ਦਸੰਬਰ ਮਹੀਨੇ ਦੀ ਮੀਟਿੰਗ ਕਿਸਾਨ ਸੰਘਰਸ਼ ਨੂੰ ਸਮਰਪਿਤ

ਬੀਤੇ ਐਤਵਾਰ ਨੂੰ ਜ਼ੂਮ ਸਾਧਨ ਰਾਹੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਸਕ ਸਾਹਿਤਕ ਮਿਲਣੀ ਕਿਸਾਨ ਸੰਘਰਸ਼ ਨੂੰ ਸਮਰਪਿਤ ਕੀਤੀ ਗਈ। ਸੁਰਿੰਦਰ ਸਿੰਘ ਸੀਰਤ ਨੇ ਸ਼ਾਮਲ ਹੋਏ ਅਤੇ ਸ਼ਾਮਲ ਹੋਣਵਾਲੇ ਸਾਰਿਆਂ ਲੇਖਕਾਂ ਨੂੰ ਜੀਆਇਆਂ ਕਹਿਣ ਮਗਰੋਂ 'ਕੋਵਿਡ-19, ਪੈਨਡੈਮਿਕ' ਰਾਹੀਂ 1.7 ਮਿਲੀਅਨ, ਜਿਸ ਵਿਚ ਅਮਰੀਕਾ ਵਿਖੇ 316932, ਕੀਮਤੀ ਜਾਨਾਂ ਦੇ ਸਦੀਵੀ ਵਿਛੋੜੇ ਦੇ ਨਾਲ ਨਾਲ ਕਿਸਾਨ ਮੋਰਚੇ ਤੇ ਡੱਟੇ 22 ਕਿਸਾਨਾਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਅਰਪਨ ਕੀਤੀ ਗਈ। ਇਸੇ ਸੰਦਰਭਵਿਚ ਇਕ ਨਿਰਣੇ ਅਨੁਸਾਰ ਕਿਸਾਨ ਸ਼ੰਘਰਸ਼ ਨੂੰ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਇਕ ਲੱਖ ਰੁਪਏ ( ਰੁ:100,000 ) ਦੀ ਭੇਟਾ ਦਿੱਤੀ ਜਾਏਗੀ।

ਸੀਰਤ ਨੇ ਸਮੂਹ ਵਿਪਸਾ ਮੈਂਬਰਾਂ ਵਲੋਂ ਡਾ. ਸੁਖਵਿੰਦਰ ਕੰਬੋਜ ਨੂੰ ਵਰ੍ਹਾ 2019 ਦੇ ਭਾਸ਼ਾਵਿਭਾਗ ਪੰਜਾਬ ਸਰਕਾਰ ਵਲੋਂ ਦਿੱਤੇ ਗਏ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦੀ ਪ੍ਰਾਪਤੀ ਲਈ ਹਾਰਦਿਕ ਵਧਾਈ ਦਿੱਤੀ।ਵਰ੍ਹਾ 2018 ਦਾ ਸ਼੍ਰੋਮਣੀ ਪੁਰਸਕਾਰ ਅਮਰੀਕਾ ਦੇ ਸ਼ਾਇਰ ਰਵਿੰਦਰ ਸਹਿਰਾ ਨੂੰ ਪ੍ਰਾਪਤ ਹੋਇਆ ਹੈ ਜਿਸ ਲਈ ਵਿਪਸਾ ਦਿਆਂ ਸਮੂਹ ਲੇਖਕਾਂ ਵਲੋਂ ਉਹਨਾਂ ਨੂੰ ਲੱਖ ਲੱਖ ਵਧਾਈਆਂ। ਇਕ ਸੂਚਨਾ ਅਨੁਸਾਰ ਵਰ੍ਹਾ 1996 ਵਿਚ ਡਾ. ਗੁਰੂਮੇਲ ਸਿੱਧੂ ਅਤੇ ਵਰ੍ਹਾ 1989 ਵਿਚ ਸੁਰਜੀਤ ਸਖ਼ੀ ਵੀ ਸ਼੍ਰੋਮਣੀ ਕਵੀ ਪੁਰਸਕਾਰ ਪ੍ਰਾਪਤ ਕਰ ਚੁਕੇ ਹਨ ਜਿਸ ਕਾਰਨ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਨੂੰ ਮਾਣ ਪ੍ਰਾਪਤ ਹੈ। ਸੀਰਤ ਨੇ 15 ਨਵੰਬਰ ਨੂੰ ਕਰਾਈ ਗਈ ਸਾਹਿਤਕ ਕਾਨਫਰੰਸ ਦੀ ਬੇਹੱਦ ਸਫਲਤਾ ਅਤੇ ਮਹੱਤਤਾ ਦੀ ਪ੍ਰਾਪਤੀ ਲਈ ਭਾਰਤ ਤੋਂ ਸ.ਅਜੀਤ ਸਿੰਘ ਮਸਤਾਨਾ, ਡਾ. ਬਲਜੀਤ ਕੌਰ, ਡਾ. ਓਮਿੰਦਰ ਸਿੰਘ ਜੋਹਲ ਅਤੇ ਪ੍ਰੋ. ਰਾਜਿੰਦਰ ਸਿੰਘ ਬਠਿੰਡਾ ਦੇ ਨਾਲ ਸੁਖਦੇਵ ਸਿੰਘ ਖਾਹਰਾ ਅਤੇ ਜਨਾਬ ਰਵਿੰਦਰ ਰਵੀ ਦਾ ਧੰਨਵਾਦ ਕੀਤਾ ਜਿੰਨਾਂ ਦੀ ਸ਼ਮੂਲੀਅਤ ਨੇ ਇਸ ਕਾਨਫਰੰਸ ਨੂੰ ਚਾਰ ਚੰਨ ਲਾਏ।ਕੈਨੇਡਾ ਤੋਂ ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਕੌਰ, ਕ੍ਰਿਸ਼ਨ ਭਨੋਟ ਅਤੇਸਾਉਥ ਅਮਰੀਕਾ ਤੋਂ ਰਵਿੰਦਰ ਸਹਿਰਾਅ ਅਤੇ ਸੁਰਿੰਦਰ ਸੋਹਲ ਦੀ ਸ਼ਮੂਲੀਅਤ ਦਾ ਵਿਸ਼ੇਸ਼ ਤੌਰ ਤੇ ਧਨੰਵਾਦ ਕੀਤਾ। ਵਿਪਸਾ ਦੇ ਜਿੰਨਾਂ ਜ਼ੀਹੋਸ਼ ਲੇਖਕਾਂ ਨੇ ਇਸ ਵਿਚ ਆਪਣੀ ਭੂਮਿਕਾ ਨਿਭਾਈ ਅਤੇ ਵਿਸ਼ੇਸ਼ ਕਰਕੇ ਇਸ ਕਾਨਫਰੰਸ ਦੀ ਰੂਪ ਰੇਖਾ ਸਿਰਜਣ ਹਿੱਤ ਡਾ ਸੁਹਿੰਦਰ ਬੀਰ ਦੀ ਨਿਸ਼ਕਾਮ ਪ੍ਰਵਿਰਤੀ ਦਾਤਹਿਦਿੱਲੋਂ ਧੰਨਵਾਦ ਕੀਤਾ। ਬੈਠਕ ਦੇ ਅਗਲੇ ਸੈਸ਼ਨ ਵਿਚ ਡਾ ਸੁਹਿੰਦਰ ਬੀਰ ਨੇ 'ਅਮਰੀਕੀ ਪੰਜਾਬੀ ਕਵਿਤਾ ਦੀਆਂ ਮੂਲ ਪ੍ਰਵਿਰਤੀਆਂ 'ਦੇ ਸੰਦਰਭ ਵਿਚ ਪਰਚਾ ਪੜ੍ਹਿਆ ਜਿਸ ਤੇ ਸੀਰਤ, ਪਿਆਰਾ ਸਿੰਘ ਕੁੱਦੋਵਾਲ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਸੁਰਜੀਤ ਕੌਰ ਕੈਨੇਡਾ ਨੇ ਕੁਝ ਪ੍ਰਸ਼ਨ ਉਠਾਏ। ਡਾ ਸੁਖਵਿੰਦਰ ਕੰਬੋਜ ਅਤੇ ਚਰਨਜੀਤ ਸਿੰਘ ਪੰਨੂ ਨੇ ਪਰਚੇ ਦੇ ਵਿਸ਼ੇ ਪ੍ਰਤੀ ਮਜ਼ੀਦ ਚਾਨਣ ਪਾਇਆ।




ਇਸ ਜ਼ੂਮ ਮਿਲਣੀ ਦਾ ਮਹੱਤਵਪੂਰਨ ਸੈਸ਼ਨ ਕਿਸਾਨ ਸੰਘਰਸ਼ ਨੂੰ ਸਮਰਪਿਤ ਕਵੀਦਰਬਾਰਸੀ ਜਿਸ ਦਾ ਸੰਚਾਲਨ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਸਾਹਿਤਕ ਸੀਮਾਵਾਂ ਦੇ ਆਧਾਰ ਤੇ ਸਲੀਕੇਬੱਧ ਅਤੇ ਮੁਹੱਜ਼ਬ ਪੇਸ਼ਕਾਰੀ ਕੀਤੀ।ਇਸਦਾ ਪਹਿਲਾ ਸ਼ਾਇਰ ਡਾ. ਗੁਰਮੀਤ ਸਿੰਘ ਬਰਸਾਲ ਸੀ ਜਿਸ ਦੀ ਕਵਿਤਾ "ਸ਼ਾਬਾਸ਼ ਪੰਜਾਬ" ਸਿਰਲੇਖ ਅਨੁਸਾਰ, ' ਪੰਜਾਬ ਦੀ ਆਬੋਹਵਾ ਵਿਚ ਕੁਝ ਨ ਕੁਝ ਤਾਂ ਖ਼ਾਸ ਹੈ / ਕਲਮ ਨਈਂ, ਕਿਰਪਾਨ ਲਿਖਿਆ ਏਸ ਦਾ ਇਤਿਹਾਸ ਹੈ'।ਤਾਰਾ ਸਾਗਰ ਨੇ ਦੋ ਕਵਿਤਾਵਾਂ ਕਹੀਆਂਅਤੇ ਇਹ ਪ੍ਰਭਾਵ ਸਿਰਮੌਰ ਸੀ ਕਿ, 'ਇੱਟ ਨਾਲ ਇੱਟ ਖੜਕਾਉਂਣ ਦੇ ਅਰਥ ਸਮਝ ਆ ਰਹੇ ਨੇ ਹੁਣ'।ਡਾ ਗੁਰਪ੍ਰੀਤ ਸਿੰਘ ਧੁਗਾ ਅਨੁਸਾਰ, ' ਜੇ ਹੌਂਸਲੇ ਹੋਣ ਚੱਟਾਨ ਜਿਹੇ, ਪਾਣੀ ਦੀ ਵਾਛੜ ਕੀ ਕਰ ਲਊ ', ਅਤੇ ਪਿਆਰਾ ਸਿੰਘ ਕੁੱਦੋਵਾਲ ਕੁਝ ਹੋਰ ਹੀ ਅੱਗੇ ਵੱਧ ਕੇ ਬੋਲ ਉਠਦਾ ਹੈ, 'ਇਹ ਮੌਤ ਮੇਰੀ ਜਿੱਤ ਹੈ, ਸਰਕਾਰ ਦੀ ਹੈ ਮੌਤ/ ਮੇਰੇ ਕਫ਼ਨ ਨੇ ਵੇਖਣਾ ਉਸਦਾ ਬੁਰਾ ਹਸ਼ਰ '।ਮਹਿੰਦਰ ਸਿੰਘ ਸੰਘੇੜਾ ਨੂੰ ਵਿਸ਼ਵਾਸ ਹੈ, 'ਕਦੀ ਰੋਕਿਆਂ ਰੁੱਕੀ ਨਾ ਸੱਚਾਈ ਲੋਕੋ',ਅਤੇ ਚਰਨਜੀਤ ਸਿੰਘ ਪੰਨੂ ਭਾਰਤ ਦੀ ਸਰਕਾਰ ਨੂੰ ਵੰਗਾਰਨ ਦਾ ਯਤਨ ਗੀਤਾਂ ਦੀਆਂ ਸੁਰਾਂ ਵਿਚ ਕਰਦਾ ਹੈ, ' 'ਸਾਡਾ ਸਬਰ ਹੋਰ ਨਾ ਅਜ਼ਮਾ / ਸਾਡੇ ਹੱਕ ਸਾਡੀ ਝੋਲੀ ਵਿਚ ਪਾ'।ਡਾ. ਸੁਹਿੰਦਰ ਬੀਰ ਤਾਂ ਦ੍ਰਿੜਤਾ ਭਰਪੂਰ ਸੰਬੋਧਿਤ ਹੋ ਨਿਬੜਦਾ ਹੈ, ' ਤੂੰ ਦੇਸ਼ ਮੇਰੇ ਦਾ ਹਾਕਮ ਏਂ, ਪਰ ਤੂੰ ਹਾਕਮ ਨਹੀਂ ਰਹਿਣਾ / ਹੁਣ ਭਾਰਤ ਦੇ ਕਿਰਸਾਨਾਂ ਨੇ, ਤੇਰਾ ਤਖ਼ਤ ਹਿਲਾ ਕੇ ਸਾਹ ਲੈਣਾ'। ਮਨਜੀਤ ਕੌਰ ਸੇਖੋਂ ਵਿਪਸਾ ਵਿਚ ਚਿਰ ਬਾਅਦ ਹਾਜ਼ਰੀ ਲਵਾਂਦਿਆਂ ਇਸ ਹਕੀਕਤ ਨੂੰ ਲੋਕ ਗਾਇਨ ਵਿਚ ਬਿਆਨ ਕੀਤਾ ਕਿ, 'ਅਸੀਂ ਜਿੱਤਾਂ ਗੇ ਜ਼ਰੂਰ, ਜੰਗ ਜਾਰੀ ਰਖਣਾ '। ਸੁਰਜੀਤ ਕੌਰ ਕੈਨੇਡਾ ਚੁੱਪ ਕਰ ਕੇ ਸੁਣਨ ਵਾਲਿਆਂ ਵਿਚੋਂ ਨਹੀਂ ਸੀ ।ਉਸ ਲਈ,'ਇਹ ਲਹਿਰ ਹੈ ਸਾਡੀ ਪਹਿਚਾਣ ਬਣੀ / ਲਿਖੀ ਜਾਏਗੀ ਇਕ ਤਵਾਰੀਖ ਨਵੀਂ'।ਸੁਰਜੀਤ ਕੌਰਨੇ ਮੁਸ਼ਾਇਰੇ ਨੂੰ ਚਰਮ ਸੀਮਾ ਤੇ ਪੁਚਾ ਦਿੱਤਾ। ਇਸਤੋਂ ਬਾਅਦ ਸੁਰਿੰਦਰ ਸਿੰਘ ਸੀਰਤ ਨੂੰ ਜ਼ਹਿਮਤੇ ਸੁਖ਼ਨ ਦਿੱਤੀ ਗਈ। ਸੀਰਤ ਦੀ ਕਿਆਸ ਆਰਾਈ ਅਨੁਸਾਰ, ' ਯਾਦ ਆਉਂਦੀ ਏ ਜਦੋਂ ਬੰਦੇਬਹਾਦੁਰ ਦੀ ਚੜ੍ਹਤ / ਸਿਰੜ ਦੀ ਸ਼ਮਸ਼ੀਰ ਤੇ ਬਲੀਦਾਨ ਮੜ੍ਹਿਆ ਵੇਖਦਾਂ '। ਇਸ ਪੜਾ ਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੂੰ ਸੁਣਨ ਦੀ ਇੱਛਾ ਪ੍ਰਗਟਾਈ ਗਈ।ਉਹਨਾਂ ਨੇ ਇਕ,'ਵਾਰ' ਗਾਈ ਜਿਸਦਾ ਨਿਚੋੜ ਸੀ, 'ਗੱਲ ਸੁਣ ਵੇ ਜ਼ਾਲਮ ਮੋਦੀਆ, ਤੈਨੂੰ ਕਹਿੰਦੇ ਨੇ ਕਿਰਸਾਣ / ਊਧਮ, ਭਗਤ, ਸਰਾਭੇ, ਸੂਰਮੇ, ਤੈਨੂੰ ਆਏ ਨੇ ਸਮਝਾਣ'।ਹਾਜ਼ਰ ਸ਼ਾਇਰਾਂ ਤੋਂ ਛੁੱਟ ਜਿੰਨਾਂ ਸ਼ਾਇਰਾਂ ਦੀਆਂ ਰਚਨਾਵਾਂ ਪ੍ਰਾਪਤ ਹੋਈਆਂ ਹਨ ਉਹਨਾਂ ਵਿਚ ਸੁਰਜੀਤ ਸਖ਼ੀ, ਡਾ ਸੁਖਵਿੰਦਰ ਕੰਬੋਜ, ਐਸ਼ ਅਸ਼ੋਕ, ਲਾਜ ਨੀਲਮ ਸੈਣੀ ਅਤੇ ਹਜ਼ੂਰਾ ਸਿੰਘ ਸ਼ਾਮਲ ਹਨ।ਇਹ ਸਾਰੀਆਂ ਰਚਨਾਵਾਂ 27 ਦਸੰਬਰ ਨੂੰ 'ਕਾਵਿਲੋਕ' ਏ-ਪਰਚੇ ਵਿਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਿਸ਼ੇਸ਼ ਅੰਕ ਵਜੋਂ ਛੱਪ ਰਹੀਆਂ ਹਨ। ਇਸਦਾ ਵੀ ਪਰਮਾਣ ਮਿਲਿਆ ਹੈ ਕਿ ਇਸ ਕਿਸਾਨ ਸੰਘਰਸ਼ ਨੂੰ ਸਮਰਪਿਤ ਕਵੀ ਦਰਬਾਰ ਦੀ ਵੀਡੀਓ ਰਿਕਾਰਡਿੰਗ ਵੀ 'ਕਾਵਿਲੋਕ' ਵਲੋਂ ਪ੍ਰਸਾਰਤ ਕੀਤੀ ਜਾਏਗੀ।

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦਿਆਂ ਸਮੂਹ ਮੈਂਬਰਾਂ ਦੇ ਨਾਲ ਸਮੂਹ ਜੱਗਤ ਨੂੰ ਕ੍ਰਿਸਮਸ ਦੀਆਂ ਸ਼ੁੱਭ ਇਛਾਵਾਂ, ਨਵੇਂ ਸਾਲ ਦੀਆਂ ਮੁਬਾਰਕਾਂ ਅਤੇ ਕਿਰਸਾਨ ਸੰਘਰਸ਼ ਨੂੰ ਜਿੱਤ ਹਾਸਿਲ ਹੋਣ ਦੀਆਂ ਦੁਆਵਾਂ ਨਾਲ ਅਰਦਾਸ !

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

Dharminder Singh

# ਸਹਿਕਾਰੀ ਖੇਤੀਬਾੜੀ ਸਮੇਂ ਦੀ ਲੋੜ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਜੂਨ 2020 ਵਿਚ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀਬਾੜੀ ਆਰਡੀਨੈਂਸਾਂ ਨੂੰ ਪਾਸ ਕਰਨ ਅਤੇ ਸਤੰਬਰ 2020 ਵਿਚ ਪਾਰ-ਲੀਮੈਂਟ ਵੱਲੋਂ ਇਨ੍ਹਾਂ ਤਿੰਨ ਆਰਡੀਨੈਂਸਾਂ ਦੀ ਜਗ੍ਹਾ ਲੈਣ ਲਈ ਤਿੰਨ ਖੇਤੀਬਾੜੀ ਬਿਲ ਪਾਸ ਕਰਕੇ ਕਾਨੂੰਨ ਬਣਾਉਣ ਕਾਰਨ ਪੰਜਾਬ ਵਿਚੋਂ ਸ਼ੁਰੂ ਹੋਇਆ ਕਿਸਾਨ ਸੰਘਰਸ਼ ਬਹੁਤ ਹੀ ਪੱਖਾਂ ਤੋਂ ਨਿਵੇਕਲਾ ਹੈ। ਪੂਰੀ ਦੁਨੀਆ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੇ ਸਾਂਤਮਈ ਅਤੇ ਲੋਕਤੰਤਰਿਕ ਕਿਸਾਨ ਸੰਘਰਸ਼ ਦੀ ਹੋਰ ਕੋਈ ਬਰਾਬਰ ਦੀ ਉਦਾਹਰਣ ਨਹੀਂ ਮਿਲਦੀ। ਪੰਜਾਬ ਤੋਂ ਸ਼ੁਰੂ ਹੋਇਆ ਕਿਸਾਨ ਸੰਘਰਸ਼ ਮੁਲਕ ਦੇ ਜ਼ਿਆਦਾ ਖੇਤਰਾਂ ਵਿਚੋਂ ਕਿਸਾਨਾਂ ਨੂੰ ਆਪਣੇ ਨਾਲ ਜੋੜਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੋਇਆ ਹੈ। ਕਿਸਾਨ ਸੰਘਰਸ਼ ਨੇ ਜਿਸ ਤਰ੍ਹਾਂ ਸਮਾਜ ਦੇ ਵੱਖ ਵਰਗਾ ਦੀ ਹਮਦਰਦੀ ਅਤੇ ਭਾਗੀਦਾਰੀ ਪ੍ਰਾਪਤ ਕੀਤੀ ਹੈ ਹੁਣ ਇਹ ਸੰਘਰਸ਼ ਲੋਕ ਸੰਘਰਸ਼ ਬਣ ਗਿਆ ਹੈ। ਇਸ ਸੰਘਰਸ਼ ਦੀਆਂ ਸਿਫ਼ਤਾਂ ਸਿਰਫ਼ ਭਾਰਤੀ ਸਮਾਜ ਦੇ ਵੱਖ ਵੱਖ ਵਰਗਾਂ ਦੇ ਲੋਕ ਹੀ ਨਹੀਂ ਕਰ ਰਹੇ ਹਨ, ਸਗੋਂ ਦੁਨੀਆਂ ਦੇ ਵਿਕਸਤ ਅਤੇ ਵਿਕਾਸ ਕਰ ਰਹੇ ਕਾਫ਼ੀ ਮੁਲਕਾਂ ਦੇ ਰਾਜਸੀ ਆਗੂ ਵੀ ਕਰ ਰਹੇ ਹਨ ਅਤੇ ਯੂਨਾਇਟਲ ਨੇਸ਼ਨਸ਼ ਦੇ ਮੁਖੀ ਨੇ ਇਸ ਤਰ੍ਹਾਂ ਦੇ ਸੰਘਰਸ਼ ਨੂੰ ਕਿਸਾਨਾਂ ਦਾ ਹੱਕ ਦੱਸਿਆ ਹੈ।

ਕਿਸਾਨ ਸੰਘਰਸ਼ ਸਿਰਫ਼ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਹੀ ਰੱਦ ਕਰਵਾਉਣ ਤੱਕ ਸੀਮਿਤ ਨਹੀਂ, ਸਗੋਂ ਇਸ ਸੰਘਰਸ਼ ਨੇ ਬਹੁਤ ਸਾਰੇ ਆਰਥਿਕ, ਸਮਾਜਿਕ-ਸਭਿਆਚਾਰਕ, ਰਾਜਸੀ ਅਤੇ ਹੋਰ ਸੁਨੇਹੇ ਦਿੱਤੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਬੇਇਨਸਾਫ਼ੀ ਵਿਰੁੱਧ ਜਦੋ ਜਹਿਦ ਕਰਕੇ ਹੀ ਮਨੁੱਖ ਰਹਿ ਸਕਦਾ ਹੈ ਅਤੇ ਆਪਣੇ ਹੱਕਾਂ ਲਈ ਜੂਝਣਾ ਅਤੇ ਅੰਦੋਲਨ ਕਰਕੇ ਮਨੁੱਖਾਂ ਦੇ ਜਿੰਦਾ ਹੋਣ ਦੀ ਗਵਾਹੀ ਦਿੰਦਾ ਹੋਇਆ ਇਸ ਤੱਥ ਨੂੰ ਵੀ ਚੰਗੀ ਤਰ੍ਹਾਂ ਉਜਾਗਰ ਕਰਨ ਵਿਚ ਕਾਮਯਾਬ ਰਿਹਾ ਹੈ ਕਿ ਸਿਰਨਾਮਾ ਸਿਰਫ਼ ਉਨ੍ਹਾਂ ਜਿਊਂਦੇ ਮਨੁੱਖਾਂ ਦਾ ਹੁੰਦਾ ਹੈ ਜਿਹੜੇ ਜਾਗਦੇ ਹੋਏ ਆਪਣੇ ਹੱਕਾਂ ਲਈ ਜੂਝਦੇ ਹੋਏ ਸੰਘਰਸ਼ ਕਰਦੇ ਹਨ। ਇਸ ਸੰਘਰਸ਼ ਦੇ ਵੱਖ ਵੱਖ ਪੱਖ ਕਿਸਾਨਾਂ ਦੀਆਂ ਸਮੱਸਿਆਵਾ ਨੂੰ ਹੱਲ ਕਰਵਾਉਣ ਲਈ ਸਰਕਾਰਾਂ ਦੇ ਨਾਲ਼ ਨਾਲ਼ ਉਨ੍ਹਾਂ ਦੁਆਰਾ ਆਪਣੇ ਪੱਧਰ ਉੱਪਰ ਵੀ ਕਰਨ ਵਾਲ਼ੇ ਉਪਰਾਲਿਆਂ ਨੂੰ ਸਾਹਮਣੇ ਲਿਆ ਰਹੇ ਹਨ। ਕਿਸਾਨਾਂ ਦੇ ਆਪਣੇ ਪੱਧਰਾਂ ਉੱਪਰ ਕੀਤੇ ਜਾਣ ਵਾਲ਼ੇ ਉਪਰਾਲ਼ਿਆਂ ਵਿਚੋਂ ਇਕ ਬਹੁਤ ਹੀ ਮਹੱਤਵਪੂਰਨ ਉਪਰਾਲਾ ਸਹਿਕਾਰੀ ਖੇਤੀਬਾੜੀ ਕਰਨ ਸੰਬੰਧੀ ਹੈ।

ਮੁਲਕ ਵਿਚ 1960ਵਿਆਂ ਦੌਰਾਨ ਅਨਾਜ ਪਦਾਰਥਾਂ ਦੀ ਥੁੜ੍ਹ ਕਾਰਨ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ ਅਤੇ ਆਖ਼ੀਰ ਵਿਚ ਜਾਕੇ ਅਮਰੀਕਾ ਤੋਂ ਪੀ.ਐੱਲ. 480 ਅਧੀਨ ਅਨਾਜ ਦਰਾਮਦ ਕੀਤਾ ਗਿਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ। ਇਸ ਸਮੱਸਿਆ ਤੋਂ ਖਹਿੜਾ ਛੁਡਵਾਉਣ ਲਈ ਕੇਂਦਰ ਸਰਕਾਰ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫੈਸਲਾ ਕੀਤਾ। ਭਾਵੇਂ ਇਸ ਜੁਗਤ ਨੂੰ ਅਪਣਾਉਣ ਦੇ ਨਤੀਜੇ ਵਜੋਂ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿਚ ਬਹੁਤ ਵਾਧਾ ਹੋਇਆ ਜਿਸ ਨੂੰ ਲੰਮੇ ਸਮੇਂ ਲਈ ਬਣਾਈ ਰੱਖਿਆ ਜਾ ਸਕਿਆ ਅਤੇ ਇਸ ਕਾਮਯਾਬੀ ਨੂੰ 'ਹਰੇ ਇਨਕਲਾਬ' ਦਾ ਨਾਮ ਦਿੱਤਾ ਗਿਆ, ਪਰ ਇਸ ਨੇ ਕਿਸਾਨਾਂ ਦੇ ਸਿਰ ਉੱਪਰ ਨਫ਼ੇ ਵਾਲੀ ਰੂਹ ਨੂੰ ਬਿਠਾਉਂਦੇ ਹੋਏ ਉਨ੍ਹਾਂ ਨਿੱਜਵਾਦ ਅਤੇ ਪਦਾਰਥਵਾਦ ਵੱਲ ਝੁਕਾ ਦਿੱਤਾ ਜਿਸ ਕਾਰਨ ਉਨ੍ਹਾਂ ਦੇ ਸਮਾਜਿਕ-ਸਭਿਆਚਾਰ ਸੰਬੰਧ ਬਹੁਤ ਹੀ ਨੀਵੇਂ ਪੱਧਰ ਉੱਪਰ ਆ ਗਏ ਸਨ। ਉਨ੍ਹਾਂ ਨੂੰ ਰਲ-ਮਿਲਕੇ ਕੰਮ ਕਰਨਾ ਜਿਸ ਵਿਚ ਆਵਤ, ਵਿੜੀ, ਸਾਂਝ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਸੰਘਰਸ਼ ਕਰਨੇ ਵਿਸਰ ਗਏ ਸਨ।

ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਸਦਕਾ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਅਤੇ ਉਸ ਦੀ ਕਾਮਸਾਬੀ ਕਾਰਨ ਆਏ 'ਹਰੇ ਇਨਕਲਾਬ' ਨੇ ਜਿੱਥੇ ਕੇਂਦਰੀ ਅਨਾਜ ਭੰਡਾਰ ਨੂੰ ਨੱਕੋ-ਨੱਕ ਭਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ, ਉੱਥੇ ਸਰਕਾਰਾਂ, ਖ਼ਾਸ ਕਰਕੇ ਕੇਂਦਰ ਸਰਕਾਰ, ਦੀਆਂ ਖੇਤੀਬਾੜੀ ਨੀਤੀਆਂ ਨੇ ਇਨ੍ਹਾਂ ਵਰਗਾਂ ਲਈ ਅਨੇਕਾਂ ਅਕਿਹ ਅਤੇ ਅਸਿਹ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਜਿਨ੍ਹਾਂ ਵਿਚ ਇਨ੍ਹਾਂ ਨੂੰ ਦੁਰਕ-ਾਰਨਾ, ਉਜਾੜਨਾ ਅਤੇ ਕਰਜ਼ੇ ਦੇ ਪਹਾੜ ਥੱਲੇ ਦੇਣਾ, ਘੋਰ ਗ਼ਰੀਬੀ ਅਤੇ ਤੰਗੀਆਂ-ਤੁਰਸ਼ੀਆਂ ਵਾਲ਼ੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਕਰਨਾ ਅਤੇ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾਉਂਦੇ ਹੋਏ ਖ਼ੁਦਕੁਸ਼ੀਆਂ ਕਰਨ ਲਈ ਮਜ਼ਬੂਰ ਕਰਨਾ ਅਹਿਮ ਹਨ। ਇਹ ਸਾਰੀਆਂ ਸਮੱਸਿਆਵਾਂ ਦਿਨੋ-ਦਿਨ ਵਧ-ਾਈਆਂ ਜਾਂਦੀਆਂ ਆ ਰਹੀਆਂ ਹਨ ਅਤੇ ਇਨ੍ਹਾਂ ਨੂੰ ਹੋਰ ਵਧਾਉਣ ਅਤੇ ਕਰਾਪੋਰੇਟ ਜਗਤ ਦਾ ਖੇਤੀਬਾੜੀ ਖੇਤਰ ਉੱਪਰ ਕਬਜਾ ਕਰਵਾਉਣ ਲਈ ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਖੇਤਰ ਨਾ਼ਲ ਸੰਬੰਧਿਤ ਨਵੇਂ ਤਿੰਨ ਕਾਨੂੰਨਾਂ ਨੇ ਕਿਸਾਨਾਂ ਨੂੰ ਨਿੱਜਵਾਦ ਅਤੇ ਪਦਾਰਥਵਾਦ ਦੀ ਗੂੜ੍ਹੀ ਨੀਂਦ ਤੋਂ ਚੰਗੀ ਤਰ੍ਹਾਂ ਜਗਾਉਂਦੇ ਹੋਏ ਸਰਕਾਰਾਂ ਦੀਆਂ ਕਿਸ਼ਾਨ-ਵਿਰੋਧੀ ਖੇਤੀਬਾੜੀ ਨੀਤੀਆਂ ਦੇ ਖ਼ਿਲਾਫ਼ ਸੰਘਰਸ਼ ਕਰਨ ਅਤੇ ਆਪਸ ਵਿਚ ਰ਼ਲ-ਮਿ਼ਲਕੇ ਬੈਠਣ, ਸੋਚ-ਵਿਚਾਰ ਕਰਨ ਅਤੇ ਖੇਤੀਬਾੜੀ ਕਰਨ ਵਿਚ ਸਹਿਕਾਰਤਾ ਦੀ ਭੂਮਿਕਾ ਨੂੰ ਸਾਹਮਣੇ ਲਿਆਂਦਾ ਹੈ।

ਭਾਰਤ ਵਿਚ ਸਹਿਕਾਰੀ ਖੇਤੀਬਾੜੀ ਦੀਆਂ ਲੋੜਾਂ, ਸੰਭਾਵਨਾਵਾਂ ਅਤੇ ਫ਼ਾਇਦਿਆਂ ਬਾਰੇ ਜਾਣਨ ਤੋਂ ਪਹਿਲਾਂ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਚੱਲ ਰਹੀਆਂ ਖੇਤੀਬਾੜੀ ਪ੍ਰਣਾਲੀਆਂ ਬਾਰੇ ਸੰਖੇਪ ਵਿਚ ਜਾਣ ਲੈਣਾ ਜ਼ਰੂਰੀ ਹੈ। ਇਸ ਸਮੇਂ ਦੁਨੀਆ ਵਿਚ ਚੱਲ ਰਹੀਆਂ ਖੇਤੀਬਾੜੀ ਪ੍ਰਣਾਲੀਆਂ ਵਿਚ (1) ਸਰਮ-ਾਏਦਾਰ ਖੇਤੀਬਾੜੀ; (2) ਛੋਟੀ ਕਿਸਾਨੀ ਖੇਤੀਬਾੜੀ; (3) ਸਰਕਾਰੀ ਖੇਤੀਬਾੜੀ; (4) ਸਮੂਹਿਕ (ਸਾਂਝੀ) ਖੇਤੀਬਾੜੀ; ਅਤੇ (5) ਸਹਿਕਾਰੀ ਖੇਤੀਬਾੜੀ ਅਹਿਮ ਸਥਾਨ ਰੱਖਦੀਆਂ ਹਨ। ਸਰਮਾਏਦਾਰ ਖੇਤੀਬਾੜੀ ਪ੍ਰਣਾਲੀ ਵਿਚ ਜ਼ਮੀਨ ਅਤੇ ਉਤਪਾਦਨ ਵਿਚ ਵਰਤੇ ਜਾਣ ਵਾਲੇ ਸਾਧਨਾਂ ਦੀ ਮਲਕੀਅਤ ਸਰਮਾਏਦਾਰ ਕਿਸਾਨਾਂ/ਕੰਪਨੀਆਂ/ਕਾਰਪੋਰੇਟ ਅਦਾਰਿਆਂ ਦੀ ਹੁੰਦੀ ਹੈ। ਇਸ ਪ੍ਰਣਾਲੀ ਅਧੀਨ ਜੋਤਾਂ ਦਾ ਆਕਾਰ ਬਹੁਤ ਵੱਡਾ ਅਤੇ ਖੇਤੀਬਾੜੀ ਦਾ ਕੰਮ ਜ਼ਿਆਦਾਤਰ ਮਸ਼ੀਨਾਂ ਨਾ਼ਲ ਕੀਤਾ ਜਾਂਦਾ ਹੈ। ਮਸ਼ੀਨਾਂ ਨੂੰ ਵਰਤਣ ਅਤੇ ਕੁਝ ਹੋਰ ਕੰਮ ਕਰਨ ਲਈ ਖੇਤੀ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ ਜਾਂਦਾ ਹੈ। ਇਸ ਪ੍ਰਣਾਲੀ ਅਧੀਨ ਖੇਤੀਬਾੜੀ ਦੀਆਂ ਆਧੁਨਿਕ ਵਿਧੀਆਂ ਅਪਣਾਉਣ ਅਤੇ ਪੂੰਜੀ ਦੀ ਵੱਡੇ ਪੱਧਰ ਉੱਪਰ ਵਰਤੋਂ ਕਰਨ ਦੇ ਨਤੀਜੇ ਵਜੋਂ ਉਤਪਾਦਕਤਾ ਅਤੇ ਉਤਪਾਦਨ ਦੇ ਪੱਧਰ ਉੱਚੇ ਰਹਿਣ ਦੇ ਆਸਾਰ ਹੁੰਦੇ ਹਨ ਜਿਸ ਕਾਰਨ ਮੰਡੀ ਵਿਚ ਵੇਚਣਯੋਗ ਵਾਧੂ ਜਿਨਸ ਦਾ ਪੱਧਰ ਉੱਚਾ ਰਹਿੰਦਾ ਹੈ। ਇਸ ਪ੍ਰਣਾਲੀ ਦੇ ਸਭ ਤੋਂ ਵੱਡੇ ਨੁਕਸਾਂ ਵਿਚ ਬੇਰੁਜ਼ਗਾਰੀ ਦਾ ਵਧਣਾ, ਆਰਥਿਕ ਅਸਮਾਨਤਾਵਾਂ ਦਾ ਵਧਣਾ, ਸਾਂਤੀ ਦਾ ਭੰਗ ਹੋਣਾ, ਖੇਤੀਬਾੜੀ ਉਤਪਾਦਨ ਦਾ ਮੁੱਖ ਉਦੇਸ਼ ਨਫ਼ਾ ਹੋਣਾ ਆਦਿ ਹਨ। ਛੋਟੀ ਕਿਸਾਨੀ ਖੇਤੀਬਾੜੀ ਪ੍ਰਣਾਲੀ ਅਧੀਨ ਛੋਟੀਆਂ ਜੋਤਾਂ ਦੇ ਮਾਲਕ ਕਿਸਾਨ ਆਮ ਤੌਰ ਉੱਤੇ ਘਰ ਦੇ ਜੀਆਂ ਦੀ ਮਦਦ ਨਾਲ ਰਵ-ਾਇਤੀ ਖੇਤੀਬਾੜੀ ਵਿਧੀਆਂ ਨਾ਼ਲ ਜੀਵਨ-ਨਿਰਬਾਹ ਲਈ ਖੇਤੀਬਾੜੀ ਕਰਦੇ ਹਨ। ਇਸ ਪ੍ਰਣਾਲੀ ਅਧੀਨ ਰੁਜ਼ਗਾਰ ਦੇ ਮੌਕੇ ਵੱਧ ਅਤੇ ਆਰਥਿਕ ਅਸਮਾਨਤਾਵਾਂ ਬਹੁਤ ਹੀ ਘੱਟ ਹੁੰਦੀਆਂ ਹਨ, ਪਰ ਮੰਡੀ ਵਿਚ ਵੇਚਣਯੋਗ ਵਾਧੂ ਜਿਨਸ ਬਹੁਤ ਹੀ ਘੱਟ ਅਤੇ ਇਸ ਦੇ ਨਤੀਜੇ ਵਜੋਂ ਘੱਟ ਆਮਦਨ ਹੋਣ ਕਾਰਨ ਕਿਸਾਨਾਂ ਦਾ ਜੀਵਨ-ਪੱਧਰ ਵੀ ਨੀਵਾਂ ਹੁੰਦਾ ਹੈ। ਸਰਕਾਰੀ ਖੇਤੀਬਾੜੀ ਪ੍ਰਣਾਲੀ ਅਧੀਨ ਜ਼ਮੀਨ ਅਤੇ ਉਤਪਾਦਨ ਦੇ ਹੋਰ ਸਾਧਨਾਂ ਦੀ ਮਲਕੀਅਤ ਸਰਕਾਰ ਦੀ ਹੁੰਦੀ ਹੈ। ਇਸ ਪ੍ਰਣਾਲੀ ਅਧੀਨ ਜੋਤਾਂ ਦਾ ਆਕਾਰ ਵੱਡਾ ਅਤੇ ਖੇਤੀਬਾੜੀ ਕਰਨ ਦੀਆਂ ਆਧੁਨਿਕ ਵਿਧੀਆਂ ਅਪਣਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਦੀ ਖੇਤੀਬਾੜੀ ਕਰਨ ਦਾ ਇਕ ਮੁੱਖ ਉਦੇਸ਼ ਸਮਾਜਿਕ ਲੋੜਾਂ ਨੂੰ ਪੂਰਾ ਕਰਨਾ ਹੁੰਦਾ ਹੈ ਜਿਸ ਵਿਚ ਨਵੇਂ ਬੀਜ ਪੈਦਾ ਕਰਨ, ਉਨ੍ਹਾਂ ਨੂੰ ਵਧਾਉਣਾ ਅਤੇ ਕਿਸਾਨਾਂ ਦੀ ਭਲਾਈ ਲਈ ਉਨ੍ਹਾਂ ਨੂੰ ਰਿਆਇਤੀ ਕੀਮਤਾਂ ਉੱਪਰ ਮੁਹੱਈਆ ਕਰਵਾਉਣੇ ਸ਼ਾਮਲ ਹੁੰਦੇ ਹਨ। ਇਸ ਪ੍ਰਣਾਲੀ ਵਿਚ ਸਰਕਾਰੀ ਅਫ਼ਸਰਾਂ ਅਤੇ ਕਰਮਚਾਰੀਆਂ ਦੀਆਂ ਅਕੁਸ਼ਲਤਾਵਾਂ ਅਤੇ ਭ੍ਰਿਸ਼ਟਾਚਾਰ ਮੁੱਖ ਸਮੱਸਿਆਵਾਂ ਹਨ। ਸਮੂਹਿਕ ਖੇਤੀਬਾੜੀ ਪ੍ਰਣਾਲੀ ਆਮ ਤੌਰ ਉੱਤੇ ਸਮਾਜਵਾਦੀ ਮੁਲਕਾਂ ਵਿਚ ਅਪਣਾਇਆ ਗਿਆ ਖੇਤੀਬਾੜੀ ਕਰਨ ਦਾ ਢੰਗ ਹੈ। ਇਸ ਪ੍ਰਣਾਲੀ ਅਧੀਨ ਜ਼ਮੀਨ ਅਤੇ ਉਤਪਾਦਨ ਦੇ ਹੋਰ ਸਾਧਨਾਂ ਦੀ ਮਲਕੀਅਤ ਸਮੂਹਿਕ ਹੁੰਦੀ ਹੈ। ਇਸ ਪ੍ਰਣਾਲੀ ਵਿਚ ਸਰਕਾਰੀ ਖੇਤੀਬਾੜੀ ਵਾ਼ਲੇ ਫਾਇਦਿਆਂ ਤੋਂ ਵੀ ਵੱਧ ਸੰਭਾਵਨਾਵਾਂ ਹੋ ਸਕਦੀਆਂ ਹਨ, ਪਰ ਵੱਖ ਵੱਖ ਕਾਰਨਾਂ ਕਰਕੇ ਬਹੁਤੇ ਮੁਲਕਾਂ ਵਿਚ ਸਮਾਜਵਾਦੀ ਪ੍ਰਬੰਧਾਂ ਦਾ ਖ਼ਤਮ ਹੋ ਜਾਣਾ ਅਤੇ ਸਖ਼ਤ ਮਿਹਨਤ ਕਰਨ ਵਾਲ਼ਿਆਂ ਲਈ ਉਤਸ਼ਾਹ ਦੇ ਘਾਟ ਦੀਆਂ ਮੁੱਖ ਕਠਨਾਈਆਂ ਹਨ। ਸਹਿਕਾਰੀ ਖੇਤੀਬਾੜੀ ਪ੍ਰਣਾਲੀ ਦੇ ਵੱਖ ਵੱਖ ਰੂਪਾਂ ਵਿਚੋਂ ਸਭ ਤੋਂ ਵਧੀਆ ਸਹਿਕਾਰੀ ਸਾਂਝੀ ਖੇਤੀਬਾੜੀ (Co-operative Joint Farming) ਨੂੰ ਮੰਨਿਆ ਜਾਦਾ ਹੈ। ਇਸ ਪ੍ਰਣਾਲੀ ਅਧੀਨ ਕਿਸਾਨ ਆਪਣ-ਿਆਂ ਜੋਤਾਂ ਉੱਪਰ ਮਿਲਕੇ ਖੇਤੀਬਾੜੀ ਕਰਦੇ ਹਨ। ਜੋਤਾਂ ਦੀ ਮਲਕੀਅਤ ਨਿੱਜੀ ਰਹਿੰਦੀ ਹੈ ਅਤੇ ਖੇਤੀਬਾੜੀ ਦੇ ਸਾਰੇ ਕੰਮ ਕਿਸਾਨ ਰਲ-ਮਿਲਕੇ ਕਰਦੇ ਹਨ। ਇਸ ਪ੍ਰਣਾਲੀ ਅਧੀਨ ਮੈਂ-ਬਰਸ਼ਿਪ ਸਵੈ-ਇੱਛਤ ਹੁੰਦੀ ਹੈ। ਕਿਸਾਨਾਂ ਦੀਆਂ ਸਾਰੀਆਂ ਜੋਤਾਂ ਉੱਪਰ ਖੇਤੀਬਾੜੀ ਇਕ ਜੋਤ ਦੇ ਤੌਰ ਉੱਤੇ ਹੁੰਦੀ ਹੈ। ਕੰਮ ਕਰਨ ਲਈ ਮੇਹਨਤਾਨਾ ਅਤੇ ਜੋਤਾਂ ਦੇ ਆਕਾਰ ਅਨੁਸਾਰ ਨਫ਼ੇ ਦੀ ਵੰਡ ਹੁੰਦੀ ਹੈ। ਇਸ ਪ੍ਰਣਾਲੀ ਅਧੀਨ ਕੰਮ ਕਰਵਾਉਣ ਲਈ ਕਮੇਟੀ ਲੋਕਤੰਤਰਿਕ ਢੰਗ ਨਾ਼ਲ ਚੁਣੀ ਜਾਂਦੀ ਹੈ। ਇਸ ਪ੍ਰਣਾਲੀ ਅਧੀਨ ਜੋਤਾਂ ਨੂੰ ਇੱਕਠਾ ਕਰਨ ਦੇ ਨਤੀਜੇ ਵਜੋਂ ਵੱਡੇ ਆਕਾਰ ਦੀ ਜੋਤ ਉੱਪਰ ਖੇਤੀਬਾੜੀ ਕਰਨ ਲਈ ਖੇਤੀਬਾੜੀ ਕਰਨ ਦੀਆਂ ਆਧੁਨਿਕ ਵਿਧੀਆਂ ਨੂੰ ਅਪਣਾਇਆ ਜਾ ਸਕਦਾ ਹੈ ਜਿਸ ਨਾ਼ਲ ਕਿਸਾਨਾਂ ਦੀ ਆਮਦਨ ਦੇ ਵਧਣ ਅਤੇ ਉਨ੍ਹਾਂ ਦੇ ਜੀਵਨ-ਪੱਧਰ ਦੇ ਉੱਚਾ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।

ਭਾਵੇਂ ਮੁਲਕ ਵਿਚ ਸਰਕਾਰੀ ਸਰਪ੍ਰਸਤੀ ਅਧੀਨ ਸ਼ੁਰੂ ਕੀਤੀ ਗਈ ਸਹਿਕਾਰੀ ਖੇਤੀਬਾੜੀ ਦੇ ਬਹੁਤ ਚੰਗੇ ਨਤੀਜੇ ਸਾਹਮਣੇ ਨਾ ਆਉਣ ਕਰਕੇ ਇਸ ਪ੍ਰਣਾਲੀ ਦੀ ਨੁਕਤਾਚੀਨੀ ਹੁੰਦੀ ਰਹੀ ਹੈ, ਪਰ ਖੇਤੀਬਾੜੀ ਖੇਤਰ ਨਾ਼ਲ ਸੰਬੰਧਿਤ ਸਹਿਕਰਤਾ ਦੀ ਸ਼ਾਨਦਾਰ ਕਾਮਯਾਬੀ ਦੀਆਂ ਅਨੇਕਾਂ ਉਦਾਹਰਣਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਵਿਚ ਅਮੂਲ ਡੇਅਰੀ, ਇਫ਼ਕੋ, ਕਰਿਭਕੋ, ਹੁਸ਼ਿਆਰਪੁਰ ਜ਼ਿਲ੍ਹੇ ਦਾ ਪਿੰਡ ਲਾਂਬੜਾ ਕਾਂਗੜੀ, ਮੋਗੇ ਜ਼ਿਲ੍ਹੇ ਦਾ ਪਿੰਡ ਚੱਕ ਕੰਨੀਆਂ ਕਲਾਂ, ਪੰਜਾਬ ਦਲਿਤ ਪਰਵਾਰਾਂ ਦੁਆਰਾ ਪਿੰਡ ਬਲਦ ਕਲਾਂ ਅਤੇ ਕਈ ਹੋਰ ਪਿੰਡਾਂ ਵਿਚ ਕਾਮਯਾਬ ਕੀਤੀ ਸਹਿਕਾਰੀ ਖੇਤੀਬਾੜੀ ਅਤੇ ਇਨ੍ਹਾਂ ਤੋਂ ਬਿਨਾਂ ਬਿਹਾਰ, ਪੱਛਮੀ ਬੰਗਾਲ, ਕੇਰਲਾ, ਤਲਿੰਗਾਨਾ ਅਤੇ ਗੁਜਰਾਤ ਵਿਚ ਕੀਤੀ ਜਾ ਰਹੀ ਸਹਿਕਾਰੀ ਖੇਤੀਬਾੜੀ ਹਨ। ਇਹ ਸਾਰੀਆਂ ਉਦਾਹਰਣਾਂ ਆਉਣ ਵਾ਼ਲੇ ਸਮੇਂ ਦੌਰਾਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੁਆਰਾ ਸਹਿਕਾਰੀ ਖੇਤੀਬਾੜੀ ਅਪਣਾਕੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਵਿਚ ਸਹਾਈ ਹੋਣਗੀਆਂ।

ਪ੍ਰੋਫੈਸਰ ਬੀਨਾ ਅਗਰਵਾਲ ਦੁਆਰਾ ਕੀਤੇ ਗਏ ਇਕ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਕੇਰਲਾ ਵਿਚ 4-10 ਔਰਤਾਂ ਦੇ 68000 ਤੋਂ ਵੱਧ ਗਰੁੱਪ ਠੇਕੇ ਉੱਪਰ ਜ਼ਮੀਨ ਲੈਕੇ ਸਹਿਕਾਰੀ ਖੇਤੀਬਾੜੀ ਕਰਦੇ ਹਨ ਜਿਸ ਨੇ ਉਨ੍ਹਾਂ ਔਰਤਾਂ ਦੀ ਵੱਖ ਵੱਖ ਪੱਖਾਂ ਤੋਂ ਕਾਇਆ ਕਲਪ ਕਰ ਦਿੱਤੀ ਹੈ। ਇਸ ਅਧਿਐਨ ਅਨੁਸਾਰ ਕੇਰਲਾ ਵਿਚ ਔਰਤਾਂ ਵਾ਼ਲੀਆਂ ਸਹਿਕਾਰੀ ਖੇਤੀਬਾੜੀ ਜੋਤਾਂ ਦੀ ਪ੍ਰਤਿ ਹੈਕਟੇਅਰ ਉਤਪਾਦਕਤਾ ਨਿੱਜੀ ਜੋਤਾਂ (95 ਫ਼ੀਸਦ ਮਰਦਾ ਵਾ਼ਲੀਆਂ) ਨਾਲੋਂ 1.8 ਗੁਣਾ ਅਤੇ ਸ਼ੁੱਧ ਆਮਦਨ ਪੰਜ ਗੁਣਾ ਹੈ। ਪੰਜਾਬ ਦੇ ਦਲਿਤਾਂ ਵੱਲੋਂ ਪੰਚਾਇਤੀ ਜ਼ਮੀਨਾਂ ਵਿਚੋਂ ਆਪਣੇ ਹਿੱਸੇ 1/3 ਜ਼ਮੀਨ ਠੇਕੇ ਉੱਪਰ ਲੈ ਕੇ ਕੀਤੀ ਗਈ ਸਹਿਕਾਰੀ ਖੇਤੀਬਾੜੀ ਨੇ ਦਲਿਤ ਪਰਿਵਾਰਾਂ ਦੀ ਆਮਦਨ ਵਧਾਉਣ, ਉਨ੍ਹਾਂ ਲਈ ਸਾ਼ਲ ਭਰ ਦਾ ਅਨਾਜ, ਹਰੇ ਅਤੇ ਸੁੱਕੇ ਚਾਰੇ ਅਤੇ ਸਾਗ ਸਬਜ਼ੀਆਂ ਦੀਆਂ ਲੋੜਾਂ ਪੂਰਾ ਕਰਨ ਦੇ ਨਾ਼ਲ ਨਾ਼ਲ ਸਨਮਾਨ ਦੀ ਜ਼ਿੰਦਗੀ ਜਿਊਣ ਦਾ ਰਾਹ ਦਿਖਾਇਆ ਹੈ।

ਹੁਣ ਸਮੇਂ ਦੀ ਲੋੜ ਹੈ ਕਿ ਪੰਚਾਇਤੀ, ਧਾਰਮਿਕ ਸਥਾਨਾਂ ਅਤੇ ਹੋਰ ਸਾਂਝੀਆਂ ਜ਼ਮੀਨਾਂ ਨੂੰ ਸਹਿਕਾਰੀ ਖੇਤੀਬਾੜੀ ਅਧੀਨ ਲਿਆਂਦਾ ਜਾਵੇ। ਇਨ੍ਹਾਂ ਜ਼ਮੀਨਾਂ ਵਿੱਚੋਂ ਇਕ-ਤਿਹਾਈ ਜ਼ਮੀਨ ਦਲਿਤਾਂ, ਇਕ-ਤਿਹਾਰੀ ਜ਼ਮੀਨ ਔਰਤਾਂ ਅਤੇ ਇਕ-ਤਿਹਾਈ ਜ਼ਮੀਨ ਨਿਮਨ ਕਿਸਾਨਾਂ ਦੀਆਂ ਸਹਿਕਾਰੀਆਂ ਸੰਮਤੀਆਂ ਨੂੰ ਖੇਤੀਬਾੜੀ ਕਰਨ ਲਈ ਬਿਨਾਂ ਠੇਕੇ ਤੋਂ ਦਿੱਤੀ ਜਾਵੇ ਕਿਉਂਕਿ ਪੰਚਾਇਤੀ ਜ਼ਮੀਨ ਤੋਂ ਪ੍ਰਾਪਤ ਆਮਦਨ ਦਾ ਉਦੇਸ਼ ਪੇਂਡੂ ਲੋਕਾਂ ਦੀ ਭਲਾਈ ਅਤੇ ਧਾਰਮਿਕ ਸਥਾਨਾਂ ਦੀ ਜ਼ਮੀਨ ਦਾ ਉਦੇਸ਼ ਧਾਰਮਿਕ ਸੰਦੇਸ਼ਾਂ ਨੂੰ ਜਨ-ਸਮੂਹਾਂ ਤੱਕ ਪਹੁੰਚਾਉਣਾ ਹੁੰਦਾ ਹੈ। ਸਿੱਖ ਧਰਮ ਅਨੁਸਾਰ "ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ" ਉਦੇਸ਼ ਸਹਿਕਾਰੀ ਖੇਤੀਬਾੜੀ ਕਰਨ ਲਈ ਸੇਧ ਦਿੰਦਾ ਹੈ।

ਨਿਮਨ ਕਿਸਾਨ ਆਪਣੀਆਂ ਜ਼ਮੀਨਾਂ ਅਤੇ ਉਤਪਾਦਨ ਦੇ ਹੋਰ ਸਾਧਨ ਇੱਕਠੇ ਕਰਕੇ ਸਹਿਕਾਰੀ ਖੇਤੀਬਾੜੀ ਦੁਆਰਾ ਆਪਣੀਆਂ ਕਾਫ਼ੀ ਮੁਸ਼ਕਿਲਾਂ ਨੂੰ ਹੱਲ ਕਰ ਸਕਦੇ ਹਨ। ਜੇਕਰ ਇਹ ਕਿਸਾਨ ਗੁਆਂਢੀ ਜਾਂ ਇਕ-ਦੂਜੇ ਨੂੰ ਜਾਣਦੇ ਹੋਣਗੇ ਤਾਂ ਉਹਨਾਂ ਦੀ ਕਾਮਯਾਬੀ ਦੀਆਂ ਜ਼ਿਆਦਾ ਸੰਭਾਵਨਾਵਾਂ ਹੋਣ ਗਈਆਂ। ਸਹਿਕਾਰੀ ਖੇਤੀਬਾੜੀ ਕਰਨ ਨਾਲ ਜਿੱਥੇ ਉਤਪਾਦਨ ਅਤੇ ਆਮਦਨ ਵਧਣਗੇ, ਉੱਥੇ ਸਮਾਜਿਕ ਕਦਰਾਂ-ਕੀਮਤਾਂ ਵੀ ਨਿੱਗਰ ਹੋਣਗੀਆਂ ਅਤੇ ਸਹਿਕਾਰਤਾ ਦਾ ਮੁੱਖ ਸਨੇਹਾ "ਸਾਰੇ ਇਕ ਲਈ ਇਕ ਸਾਰਿਆਂ ਲਈ" ਦੂਰ ਤੱਕ ਜਾਵੇਗੀ।

ਕਿਸਾਨ ਸੰਘਰਸ਼ ਦੀ ਸ਼ਾਨਦਾਰ ਕਾਮਯਾਬੀ ਵਿਚ ਦਲਿਤਾਂ, ਔਰਤਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਅਹਿਮ ਅਤੇ ਨਿਰਸੁਆਰਥ ਭੂਮਿਕਾ ਨੂੰ ਦੇਖਦੇ ਵੱਡੇ ਕਿਸਾਨਾਂ ਦੀ ਇਨ੍ਹਾਂ ਗ਼ਰੀਬ ਵਰਗਾਂ ਦੁਆਰਾ ਸਹਿਕਾਰੀ ਖੇਤੀਬਾੜੀ ਕਰਨ ਵਿਚ ਵੱਡੀ ਭੂਮਿਕਾ ਬਣਦੀ ਹੈ ਅਤੇ ਉਮੀਦ ਵੀ ਕੀਤੀ ਜਾਂਦੀ ਹੈ ਕਿ ਸਹਿਕਾਰੀ ਖੇਤੀਬਾੜੀ ਇਨ੍ਹਾਂ ਵੱਖ ਵੱਖ ਕਿਰਤੀ ਵਰਗਾਂ ਦੀ ਆਰਥਿਕ-ਸਮਾਜਿਕ ਬਿਹਤਰੀ ਅਤੇ ਰਾਜਸੀ ਭਾਗੀਦਾਰੀ ਨੂੰ ਵਧਾਉਣ ਵਿਚ ਕਾਮਯਾਬ ਹੋਵੇਗੀ। ਸਹਿਕਾਰੀ ਖੇਤੀਬਾੜੀ ਤੋਂ ਬਿਨਾਂ ਐਗਰੋ-ਪ੍ਰੋਸੈਸਿੰਗ, ਕੁਦਰਤੀ ਖੇਤੀਬਾੜੀ ਅਤੇ ਵੱਖ ਵੱਖ ਖੇਤੀਬਾੜੀ ਵਸਤਾਂ ਨੂੰ ਆਪਣੇ ਖੇਤਾਂ ਦੇ ਨਾ਼ਲ ਲੱਗਦੀਆਂ ਸੜਕਾਂ ਦੇ ਕਿਨਾਰਿਆਂ ਉੱਪਰ, ਕਸਬਿਆਂ ਅਤੇ ਸ਼ਹਿਰਾਂ ਵਿੱਚ ਆਪਣੇ ਬੂਥ ਬਣਾਕੇ ਵੇਚਣਾ ਜਿੱਥੇ ਕਿਸਾਨਾਂ ਦੇ ਰੁਜ਼ਗਾਰ ਅਤੇ ਆਮਦਨ ਵਿਚ ਵਾਧਾ ਕਰੇਗਾ, ਉੱਥੇ ਖ਼ਪਤਕਾਰਾਂ ਨੂੰ ਤਾਜ਼ਾ ਅਤੇ ਵਧੀਆ ਵਸਤਾਂ ਮੰਡੀ ਨਾ਼ਲੋਂ ਸਸਤੀਆਂ ਮਿਲਣਗੀਆਂ।

ਖੇਤੀਬਾੜੀ ਸੇਵਾਵਾਂ ਜਿਵੇਂ ਕਿਰਾਏ ਉੱਪਰ ਮਸ਼ੀਨਰੀ, ਮਸ਼ੀਨਰੀ ਦੀ ਰਿਪੇਅਰ, ਵਿੱਤ ਦਾ ਪ੍ਰਬੰਧ ਅਤੇ ਹੋਰਾਂ ਦੇ ਸੰਬੰਧ ਵਿੱਚ ਵੀ ਸਹਿਕਾਰਤਾ ਸ਼ਾਨਦਾਰ ਪ੍ਰਾਪਤੀਆਂ ਕਰੇਗੀ। ਸਹਿਕਾਰੀ ਖੇਤੀਬਾੜੀ ਦੀ ਕਾਮਯਾਬੀ ਵਿੱਚ ਜ਼ਮੀਨੀ ਸੁਧਾਰ ਸ਼ਾਨਦਾਰ ਯੋਗਦਾਨ ਪਾਉਣਗੇ।

# ਟੋਰਾਂਟੋ ਦੇ ਭਾਰਤੀ ਕਾਂਸਲੇਟ ਦਫ਼ਤਰ ਅੱਗੇ ਹੋਏ ਰੋਸ ਭਰੇ ਮੁਜ਼ਾਹਰੇ

**ਨਿਊਯਾਰਕ/ ਟੋਰਾਂਟੋ (ਰਾਜ ਗੋਗਨਾ)** ਟੋਰਾਂਟੋ ਦੇ ਭਾਰਤੀ ਕਾਂਸਲੇਟ ਦਫ਼ਤਰ ਅੱਗੇ ਅੱਜ (28 ਦਸੰਬਰ, 2020) ਵਿਸਾਲ ਰੋਸ ਮੁਜ਼ਾਹਰਾ ਹੋਇਆ ਹੈ ਜਿਸ ਵਿੱਚ ਬੱਚਿਆਂ ਤੋਂ ਲੈ ਕੇ ਨੋਜਵਾਨ ਅਤੇ ਬਜ਼ੁਰਗਾਂ ਸਾਰਿਆਂ ਵੱਲੋਂ ਭਾਗ ਲਿਆ ਗਿਆ ਹੈ, ਬੀਤੇਂ ਦਿਨ ਕਿਸਾਨਾਂ ਦੇ ਤਿੰਨ ਥੋਪੇ ਗਏ ਕਾਲੇ ਕਾਨੂੰਨਾ ਨੂੰ ਲੈ ਕਿ ਰੋਸ ਵਜੋਂ ਇਹ ਮੁਜ਼ਾਹਰਾ ਟੋਰਾਂਟੋ ਦੇ ਭਾਰਤੀ ਕਾਂਸਲੇਟ ਦਫ਼ਤਰ ਅੱਗੇ ਹੋਇਆਂ। ਇਹੋ ਜਿਹੇ ਹੀ ਹੋਰ ਮੁਜ਼ਾਹਰੇ ਬਰੈਂਪਟਨ ਵਿਖੇ ਵੀ ਹੋਏ ਹਨ। ਇਹ ਮੁਜ਼ਾਹਰੇ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਕੀਤੀ ਗਈ ਅਪੀਲ ਬਾਬਤ ਕੀਤੇ ਗਏ ਹਨ। ਇੰਨਾ ਮੁਜ਼ਾਹਰਿਆਂ ਦਾ ਸੱਦਾ ਵੱਖ-ਵੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਦਿੱਤਾ ਗਿਆ ਸੀ। ਮੁਜਾਹਰਾਕਾਰੀਆਂ ਦੇ ਹੱਥਾਂ ਵਿੱਚ ਵੱਖੋ-ਵੱਖਰੇ ਬੈਨਰ ਸਨ ਜਿਨ੍ਹਾਂ ਉੱਤੇ ਕਿਸਾਨੀ ਸੰਘਰਸ਼ ਨੂੰ ਹਿਮਾਇਤ ਦਿੰਦੇ ਨਾਰੇ ਲਿਖੇ ਹੋਏ ਸਨ। ਇੰਨਾ ਮੁਜ਼ਾਹਰਿਆਂ ਨੂੰ ਭਾਈਚਾਰੇ ਨਾਲ ਜੁੜੇ ਹੋਏ ਵੱਖ-ਵੱਖ ਨੁਮਾਇੰਦਿਆਂ ਨੇ ਸੰਬੋਧਿਤ ਵੀ ਕੀਤਾ ਹੈ।




ਭਾਈਚਾਰੇ ਵੱਲੋਂ ਦਿੱਲੀ ਵਿਖੇ ਵੱਧ ਰਹੀ ਠੰਢ ਤੇ ਲਗਾਤਾਰ ਹੋ ਰਹੀਆਂ ਕਿਸਾਨਾਂ ਦੀਆਂ ਮੌਤਾਂ ਉੱਤੇ ਚਿੰਤਾ ਜਤਾਈ ਗਈ ਹੈ ਅਤੇ ਨਰਿੰਦਰ ਮੋਦੀ ਸਰਕਾਰ ਦੇ ਗੈਰ ਜ਼ੁੰਮੇਵਾਰ ਰੱਵਵੀਏ ਉੱਤੇ ਰੋਸ ਵੀ ਪ੍ਰਗਟਿਆ ਗਿਆ ਹੈ। ਇੱਥੇ ਦੇ ਕੁੱਝ ਸੰਗਠਨਾਂ ਵੱਲੋਂ ਭਾਰਤ ਵਿਖੇ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਦਿੱਲੀ ਜਾਕੇ ਆਪਣੀ ਹਾਜ਼ਰੀ ਲਵਾਉਣ ਦੀ ਗੱਲ ਵੀ ਕੀਤੀ ਜਾ ਰਹੀ ਹੈ।

# ਮਨ ਕੀ ਬਾਤ ਦੇ ਵਿਰੋਧ ਅਤੇ ਕਿਸਾਨਾਂ ਦੇ ਪੱਖ ਵਿੱਚ ਲੋਕ ਪੱਖੀ ਜਥੇਬੰਦੀਆਂ ਨੇ ਕੀਤਾ ਰੋਸ ਪ੍ਰਦਰਸ਼ਨ

**ਫਗਵਾੜਾ, (ਬੀ.ਕੇ.ਰੱਤੂ)–** ਫਗਵਾੜਾ ਸ਼ਹਿਰ ਦੇ ਬੱਸ ਸਟੈਂਡ ਦੇ ਦੋਵੇਂ ਪਾਸੇ ਖੜ੍ਹੇ ਹੋ ਕੇ ਫਗਵਾੜਾ ਸ਼ਹਿਰ ਦੀਆਂ ਲੋਕ ਪੱਖੀ ਜਨਤਕ ਜਥੇਬੰਦੀਆਂ, ਮੈਂਬਰਾਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਵਲੋਂ ਨਰਿੰਦਰ ਮੋਦੀ ਦੀ ਰੇਡਿਓ/ਟੀ.ਵੀ ਤੇ ਮਨ ਕੀ ਬਾਤ ਦੇ ਸਮੇਂ 11 ਵਜੇ ਤੋਂ 12 ਵਜੇ ਤੱਕ ਥਾਲੀਆਂ ਖੜਕਾ ਕੇ ਨਾਅਰੇ ਲਗਾ ਕੇ, ਹੱਥੀਂ ਬੈਨਰ ਫੜ ਕੇ ਕਿਸਾਨ ਸੰਘਰਸ਼ ਦੀ ਹਮਾਇਤ ਕੀਤੀ। ਐਤਵਾਰ ਮਨ ਕੀ ਬਾਤ ਸਮੇਂ ਦੌਰਾਨ ਕਿਸਾਨ ਜਥੇਬੰਦੀਆਂ ਦੀ ਸੰਘਰਸ਼ ਕਮੇਟੀ ਨੇ ਸਰਕਾਰ ਅਤੇ ਗੋਦੀ ਮੀਡੀਆ ਵਲੋਂ ਖੇਤੀ ਐਕਟਾਂ ਅਤੇ ਕਿਸਾਨਾ ਸਬੰਧੀ ਕੀਤੇ ਜਾ ਰਹੇ ਕੂੜ ਪਰਚਾਰ ਵਿਰੁੱਧ ਲਾਮ ਬੰਦੀ ਕਰਨ ਦਾ ਸੱਦਾ ਦਿਤਾ ਸੀ। ਵੱਡੀ ਗਿਣਤੀ ਵਿੱਚ ਇਕਠੇ ਹੋਏ ਲੋਕਾਂ ਨੇ ਪੂਰਾ ਇੱਕ ਘੰਟਾ ਪਰਦਰਸ਼ਨ ਕੀਤਾ ਉਹਨਾਂ ਹੱਥਾ ਵਿੱਚ ਤਖਤੀਆਂ ਫੜੀਆ ਹੋਈਆ ਸੀ ਜਿਸ ਉਪਰ ਖੇਤੀ ਕਾਨੂੰਨ ਵਾਪਿਸ ਕਰੋ, ਮੋਦੀ ਸਰਕਾਰ ਮੁਰਦਾਬਾਦ ਆਦਿ ਨਾਅਰੇ ਲਿਖੇ ਸਨ। ਬਹੁਤ ਲੋਕਾਂ ਦੇ ਹੱਥਾਂ 'ਚ ਥਾਲੀਆਂ/ਚਮਚੇ ਫੜੇ ਸਨ ਜੋ ਉਹ ਖੜਕਾ ਰਹੇ ਸਨ, ਜੋ ਆਉਣ-ਜਾਣ ਵਾਲੇ ਲੋਕਾਂ ਦਾ ਧਿਆਨ ਦਾ ਕੇਂਦਰ ਸਨ। ਇਸ ਰੋਸ ਪ੍ਰਦਰਸ਼ਨ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ, ਟੈਕਨੀਕਲ ਸਰਵਿਸ ਯੂਨੀਅਨ, ਅਧਿਆਪਕ ਭਲਾਈ ਕਮੇਟੀ, ਬਿਜਲੀ ਬੋਰਡ ਯੂਨੀਅਨ, ਟੀਚਰ ਯੂਨੀਅਨ, ਸਕੇਪ ਸਾਹਿਤਕ ਸੰਸਥਾ, ਪ੍ਰੀਤ ਸਾਹਿਤ ਸਭਾ ਆਦਿ ਦੇ ਮੈਂਬਰਾਂ ਤੋਂ ਬਿਨਾ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਮਾਸਟਰ ਸੁਖਦੇਵ ਸਿੰਘ, ਜਸਵਿੰਦਰ ਸਿੰਘ, ਪਰਵਿੰਦਰ ਜੀਤ ਸਿੰਘ, ਬਲਦੇਵ ਰਾਜ ਕੋਮਲ, ਮਾਸਟਰ ਮਨਦੀਪ ਸਿੰਘ, ਰਵਿੰਦਰ ਚੋਟ, ਕਰਮਜੀਤ ਸਿੰਘ ਸੰਧੂ, ਚਰਨਜੀਤ ਸਿੰਘ ਚਾਨਾ, ਹਰਭਜਨ ਸੁਮਨ, ਕਰਨੈਲ ਸੰਧੂ, ਗੁਲਾਮ ਸਰਵਰ ਸਬਾ, ਸਾਧੂ ਸਿੰਘ ਜੱਸਲ, ਮਾਸਟਰ ਨਵਕਿਰਨ, ਹਰਜਿੰਦਰ ਮਾਣਕ, ਜੋਤਾ ਸਿੰਘ, ਮਾਸਟਰ ਮਲਕੀਅਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਸਨ।



# ਕੁਦਰਤੀ ਆਫ਼ਤਾਂ ਦੀ ਮਾਰ ਤੋਂ ਦੇਸ ਨੂੰ ਕਿਵੇਂ ਬਚਾਇਆ ਜਾਵੇ?



ਡਾ. ਗੁਰਿੰਦਰ ਕੌਰ
001-408-493-9776

10 ਦਸੰਬਰ, 2020 ਨੂੰ ਕੌਂਸਿਲ ਔਨ ਅਨਰਜੀ, ਇਨਵਾਰਮੈਂਟ ਅਤੇ ਵਾਟਰ ਵੱਲੋਂ ਜਾਰੀ ਕੀਤੇ ਇਕ ਅਧਿਐਨ ਅਨੁਸਾਰ ਭਾਰਤ ਦੇ 75 ਫ਼ੀਸਦ ਜ਼ਿਲ੍ਹੇ ਬੁਰੀ ਤਰ੍ਹਾਂ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫ਼ਤਾਂ (ਹੜ੍ਹ, ਸੋਕਾ, ਗਰਮ ਅਤੇ ਸਰਦ ਲਹਿਰਾਂ ਆਦਿ ਵਰਗੀਆਂ ਘਟਨਾਵਾਂ) ਦੀ ਲਪੇਟ ਵਿਚ ਆ ਚੁੱਕੇ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ ਦੇਸ ਦੀ ਅੱਧੀ ਆਬਾਦੀ (63.8 ਕਰੋੜ ਲੋਕ) ਰਹਿੰਦੀ ਹੈ। ਇਹ ਦੋਵੇਂ ਤੱਥ ਆਉਣ ਵਾਲੇ ਸਮੇਂ ਵਿੱਚ ਭਾਰਤ ਵਾਸੀਆਂ ਦੇ ਧੁੰਦਲੇ ਭਵਿੱਖ ਦਾ ਸੰਕੇਤ ਦਿੰਦੇ ਹਨ ਜੋ ਕਿ ਇਕ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਇਸ ਅਧਿਐਨ ਵਿਚ ਪਿਛਲੇ ਪੰਜ ਦਹਾਕਿਆਂ (1970-2019) ਵਿਚ ਆਈਆਂ ਸਭ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਦੇ ਜ਼ਿਲ੍ਹਾ ਪੱਧਰ ਉੱਤੇ ਅੰਕੜੇ ਇਕੱਠੇ ਕਰ ਉਨ੍ਹਾਂ ਦਾ ਵਿਸਥਾਰਪੂਰਕ ਵਿਸ਼ੇਸ਼ਲਣ ਕੀਤਾ ਗਿਆ ਹੈ। ਇਸ ਅਧਿਐਨ ਅਨੁਸਾਰ 1970 ਤੋਂ 2005 ਵਿਚਕਾਰ ਬਹੁਤ ਹੀ ਨੁਕਸਾਨ ਕਰਨ ਵਾਲੀਆਂ 250 ਕੁਦਰਤੀ ਆਫ਼ਤਾਂ ਵਾਪਰੀਆਂ ਸਨ, ਪਰ 2005 ਤੋਂ ਬਾਅਦ ਦੇ ਸਮੇਂ ਦੌਰਾਨ ਇਹ ਗਿਣਤੀ ਵਧ ਕੇ 310 ਹੋ ਗਈ। ਪਹਾੜ/ਜ਼ਮੀਨ ਖਿਸਕਣ, ਬੱਦਲ ਫਟਣ, ਭਾਰੀ ਮੀਂਹ ਪੈਣ, ਗੜ੍ਹੇਮਾਰੀ ਆਦਿ ਵਰਗੀਆਂ ਘਟਨਾਵਾਂ ਵਿਚ ਪਿਛਲੇ ਪੰਜ ਦਹਾਕਿਆਂ ਵਿਚ 20 ਗੁਣਾ ਵਾਧਾ ਹੋਇਆ ਹੈ।

ਪਿਛਲੇ ਪੰਜ ਦਹਾਕਿਆਂ ਦੌਰਾਨ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ 8 ਗੁਣਾ ਵਾਧਾ ਹੋਇਆ ਹੈ। 1970 ਤੋਂ 2005 ਦੇ ਅਰਸੇ ਦੌਰਾਨ ਦੇਸ ਦੇ ਔਸਤਨ 19 ਜ਼ਿਲ੍ਹਿਆਂ ਵਿਚ ਹੜ੍ਹ ਆਉਂਦੇ ਸਨ, ਪਰ 2005 ਤੋਂ ਬਾਅਦ ਅਰਸੇ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਦੀ ਔਸਤ ਗਿਣਤੀ ਵਧ ਕੇ 55 ਹੋ ਗਈ। 2019 ਦੌਰਾਨ ਤਾਂ ਦੇਸ ਦੇ 151 ਜ਼ਿਲ੍ਹਿਆਂ ਨੇ ਭਿਆਨਕ ਹੜ੍ਹਾਂ ਦੀ ਮਾਰ ਸਹੀ ਹੈ ਜਿਸ ਕਾਰਨ ਦੇਸ ਦੇ 9.7 ਕਰੋੜ ਲੋਕ ਘਰੋਂ-ਬੇਘਰ ਹੋ ਗਏ ਸਨ। 1970 ਤੋਂ 2004 ਦਰਮਿਆਨ ਔਸਤਨ ਹਰ ਸਾਲ 3 ਭਿਆਨਕ ਹੜ੍ਹ ਆਉਂਦੇ ਸਨ ਪਰ 2005 ਤੋਂ ਇਨ੍ਹਾਂ ਦੀ ਗਿਣਤੀ ਵਧ ਕੇ 11 ਹੋ ਗਈ ਅਤੇ 2019 ਦੌਰਾਨ ਤਾਂ 16 ਭਿਆਨਕ ਹੜ੍ਹ ਰਿਕਾਰਡ ਕੀਤੇ ਗਏ। ਮੌਨਸੂਨ ਪੌਣਾ ਨਾਲ ਮੀਂਹ ਪੈਣ ਦੇ ਦਿਨਾਂ ਦੀ ਗਿਣਤੀ ਹਰ ਸਾਲ ਘਟਦੀ ਜਾ ਰਹੀ ਹੈ, ਪਰ ਇਕੋ ਦਿਨ ਥੋੜ੍ਹੇ ਸਮੇਂ ਵਿਚ ਮੀਂਹ ਪੈਣ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸ਼ਹਿਰਾਂ ਵਿਚ ਆਉਣ ਵਾਲੇ ਹੜ੍ਹਾਂ ਦੀਆਂ ਘਟਨਾਵਾਂ ਵਿਚ ਵੀ ਸੰਨ 2000 ਤੋਂ ਬਾਅਦ ਤੇਜ਼ੀ ਨਾਲ ਵਾਧਾ ਹੋਇਆ ਹੈ।

ਹੜ੍ਹਾਂ ਦੀਆਂ ਘਟਨਾਵਾਂ ਵਿਚ ਵਾਧੇ ਦੇ ਨਾਲ ਨਾਲ ਦੇਸ ਵਿਚ ਸੋਕੇ ਦੀਆਂ ਘਟਨਾਵਾਂ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। 2005 ਤੋਂ ਬਾਅਦ ਸੋਕੇ ਦੀਆਂ ਘਟਨਾਵਾਂ ਵਿਚ 13 ਗੁਣਾ ਵਾਧਾ ਹੋਇਆ ਹੈ ਅਤੇ ਦੇਸ ਦੇ 68 ਫ਼ੀਸਦ ਜ਼ਿਲ੍ਹੇ ਸੋਕੇ ਜਾਂ ਸੋਕੇ ਵਰਗੀ ਸਥਿਤੀ ਦਾ ਸਾਹਮਣਾ ਕਰ ਰਹੇ ਸਨ। ਇਸ ਅਧਿਐਨ ਅਨੁਸਾਰ ਦੇਸ ਦੇ 40 ਫ਼ੀਸਦ ਜ਼ਿਲ੍ਹਿਆਂ ਵਿਚ ਬਹੁਤ ਹੀ ਹੈਰਾਨੀ ਵਾਲਾ ਇਕ ਵਰਤਾਰਾ ਸਾਹਮਣੇ ਆਇਆ ਹੈ ਕਿ ਰਵਾਇਤੀ ਤੌਰ ਉੱਤੇ ਸੋਕੇ ਨਾਲ ਪ੍ਰਭਾਵਿਤ ਜ਼ਿਲ੍ਹੇ ਜਿਵੇਂ ਔਰਗਾਬਾਦ, ਕੋਲਹਾਪੁਰ, ਸੰਗਲੀ, ਪੁਣੇ ਆਦਿ ਵਿਚ ਹੜ੍ਹਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ, ਜਦੋਂਕਿ ਦੂਜੇ ਪਾਸੇ ਹੜ੍ਹ ਪ੍ਰਭਾਵਿਤ ਜ਼ਿਲ੍ਹੇ ਜਿਵੇਂ ਕਟਕ, ਗੁੰਟਰ, ਕੁਰਨੂਲ ਆਦਿ ਸੋਕੇ ਦੀ ਮਾਰ ਝੱਲ ਰਹੇ ਹਨ। ਇਕੱਲੇ ਮਹਾਂਰਾਸ਼ਟਰ ਰਾਜ ਵਿਚ ਸੋਕੇ ਦੀਆਂ ਘਟਨਾਵਾਂ ਵਿਚ 7 ਗੁਣਾ ਅਤੇ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ 6 ਗੁਣਾ ਵਾਧਾ ਦਰਜ ਹੋਇਆ ਹੈ।

ਇਨ੍ਹਾਂ ਕੁਦਰਤੀ ਆਫ਼ਤਾਂ ਦੇ ਨਾਲ ਨਾਲ 2005 ਤੋਂ ਬਾਅਦ ਚੱਕਰਵਾਤਾਂ ਦੀ ਮਾਰ ਥੱਲੇ ਆਉਣ ਵਾਲੇ ਜ਼ਿਲ੍ਹਿਆਂ ਦੀ ਗਿਣਤੀ 3 ਗੁਣਾ ਹੋ ਗਈ ਹੈ, ਜਦੋਂਕਿ ਉਨ੍ਹਾਂ ਦੀ ਆਮਦ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿਚ ਦੁੱਗਣਾ ਵਾਧਾ ਆਂਕਿਆਂ ਗਿਆ ਹੈ। ਪੱਛਮੀ ਘਾਟਾਂ ਵਿਚ ਚੱਕਰਵਾਤਾਂ ਨਾਲ ਜੁੜੀਆਂ ਕੁਦਰਤੀ ਆਫ਼ਤਾਂ ਦੀਆਂ ਘਟਨਾਵਾਂ ਜਿਵੇਂ ਜ਼ਿਆਦਾ ਮੀਂਹ, ਹੜ੍ਹ, ਤੂਫ਼ਾਨ, ਜ਼ਮੀਨ ਦਾ ਖਿਸਕਣਾ ਆਦਿ ਵਿਚ ਪਿਛਲੇ 50 ਸਾਲਾਂ ਵਿਚ 12 ਗੁਣਾ ਵਾਧਾ ਆਂਕਿਆ ਗਿਆ। ਪਿੱਛਲੇ ਇਕ ਦਹਾਕੇ ਵਿਚ ਦੇਸ ਦੇ 258 ਜ਼ਿਲ੍ਹੇ ਚੱਕਰਵਾਤਾਂ ਦੀ ਆਮਦ ਨਾਲ ਪ੍ਰਭਾਵਿਤ ਹੋਏ ਹਨ।

ਕੌਂਸਿਲ ਔਨ ਅਨਰਜੀ, ਇੰਨਵਾਰਮੈਂਟ ਅਤੇ ਵਾਟਰ ਦਾ ਇਹ ਅਧਿਐਨ ਚੌਂਕਾ ਦੇਣ ਵਾਲਾ ਤਾਂ ਨਹੀਂ ਹੈ ਕਿਉਂਕਿ ਦੇਸ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਆਏ ਦਿਨ ਕੋਈ ਨਾ ਕੋਈ ਕੁਦਰਤੀ ਆਫ਼ਤ ਵਾਪਰਦੀ ਰਹਿੰਦੀ ਹੈ ਜਿਸ ਦੀ ਲੋਕਾਂ ਨੂੰ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ, ਪਰ ਜ਼ਿਆਦਾ ਚਿੰਤਾ ਦੀ ਗੱਲ ਇਹ ਹੈ ਕਿ ਪਿਛਲੇ ਇਕ ਦਹਾਕੇ ਦੌਰਾਨ ਕੁਦਰਤੀ ਆਫ਼ਤਾਂ ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਪਿਛਲੇ 4 ਦਹਾਕਿਆਂ ਨਾਲੋਂ ਕਈ ਗੁਣਾ ਵਧ ਵਾਧਾ ਹੋ ਗਿਆ ਹੈ। 1 ਨਵੰਬਰ, 2014 ਨੂੰ ਆਈ. ਪੀ. ਸੀ. ਸੀ. ਦੁਆਰਾ ਜਾਰੀ ਕੀਤੀ ਰਿਪੋਰਟ ਦੇ ਆਧਾਰ ਉੱਤੇ ਸੰਯੁਕਤ ਰਾਸ਼ਟਰ ਨੇ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ



ਆਫ਼ਤਾਂ ਸੰਬੰਧੀ ਚੇਤਾਵਨੀ ਦਿੱਤੀ ਸੀ ਕਿ ਆਉਣ ਵਾਲੇ ਸਮੇਂ ਦੌਰਾਨ ਜੇਕਰ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਕਮੀ ਨਾ ਕੀਤੀ ਗਈ ਤਾਂ ਦੁਨੀਆ ਦਾ ਕੋਈ ਵੀ ਦੇਸ ਕੁਦਰਤੀ ਆਫ਼ਤਾਂ ਦੀ ਮਾਰ ਦੇ ਖ਼ਤਰਨਾਕ ਪ੍ਰਭਾਵਾਂ ਤੋਂ ਬਚ ਨਹੀਂ ਸਕੇਗਾ। ਇਸ ਰਿਪੋਰਟ ਵਿਚ ਇਹ ਵੀ ਖ਼ੁਲਾਸਾ ਕੀਤਾ ਗਿਆ ਸੀ ਕਿ ਬਾਕੀ ਦੇਸਾਂ ਨਾਲੋਂ ਭਾਰਤ ਅਤੇ ਚੀਨ ਵਰਗੇ ਦੇਸ ਮੌਸਮੀ ਤਬਦੀਲੀਆਂ ਨਾਲ ਵੱਧ ਖ਼ਤਰਿਆਂ ਦੇ ਸਨਮੁੱਖ ਹੋਣਗੇ। ਮੌਸਮੀ ਤਬਦੀਲੀਆਂ ਨਾਲ ਅਨਾਜ-ਪਦਾਰਥਾਂ ਅਤੇ ਪਾਣੀ ਦੀ ਥੁੜ੍ਹ ਵੀ ਪੈਦਾ ਹੋ ਸਕਦੀ ਹੈ। ਇੰਨੀ ਸਖ਼ਤ ਚੇਤਾਵਨੀ ਦੇ ਬਾਵਜੂਦ ਵੀ ਭਾਰਤ ਸਰਕਾਰ ਨੇ ਪਿਛਲੇ 5 ਸਾਲਾਂ ਵਿਚ ਕੁਦਰਤੀ ਆਫ਼ਤਾਂ ਨਾਲ ਸਿਝਣ ਲਈ ਕੋਈ ਪੁਖਤਾ ਉਪਰਾਲੇ ਨਹੀਂ ਕੀਤੇ ਹਨ।

ਦੇਸ ਵਿਚ ਹੜ੍ਹ ਅਤੇ ਸੋਕੇ ਦੀਆਂ ਘਟਨਾਵਾਂ ਦੀ ਵਧਦੀ ਗਿਣਤੀ ਲਈ ਮਨੁੱਖੀ ਗਤੀਵਿਧੀਆਂ ਧਰਤੀ ਦੇ ਔਸਤ ਤਾਪਮਾਨ ਵਿਚ ਹੋਏ ਵਾਧੇ ਕਾਰਨ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਦੇ ਨਾਲ ਨਾਲ ਇੱਥੋਂ ਦੀ ਭੂਗੋਲਿਕ ਸਥਿਤੀ ਅਤੇ ਸਥਾਨਕ ਕਾਰਨ ਵੀ ਜ਼ਿੰਮੇਵਾਰ ਹਨ। ਸਭ ਤੋਂ ਪਹਿਲਾਂ ਜੇਕਰ ਅਸੀਂ ਭੂਗੋਲਿਕ ਸਥਿਤੀ ਦੀ ਗੱਲ ਕਰੀਏ ਤਾਂ ਦੇਸ ਦੇ ਉੱਤਰ ਵੱਲ ਦੁਨੀਆ ਦੇ ਸਭ ਤੋਂ ਉੱਚੇ ਅਤੇ ਨਵੇਂ ਬਰਫ਼ ਨਾਲ ਲੱਦੇ ਪਹਾੜ ਹਨ। ਤਾਪਮਾਨ ਵਿਚ ਹੋਏ ਵਾਧੇ ਨਾਲ ਜਦੋਂ ਗਰਮੀਆਂ ਵਿਚ ਪਹਾੜਾਂ ਤੋਂ ਬਰਫ਼ ਤੇਜ਼ੀ ਨਾਲ ਪਿਘਲਦੀ ਹੈ ਤਾਂ ਮੈਦਾਨੀ ਇਲਾਕਿਆਂ ਵਿਚ ਆ ਕੇ ਇਹ ਪਾਣੀ ਹੜ੍ਹ ਦਾ ਰੂਪ ਧਾਰਨ ਕਰ ਲੈਂਦਾ ਅਤੇ ਭਾਰੀ ਤਬਾਹੀ ਮਚਾਉਂਦਾ ਹੈ। ਦੂਜਾ ਮੌਸਮੀ ਤਬਦੀਲੀਆਂ ਨਾਲ ਸਾਡੇ ਦੇਸ ਵਿਚ ਮੌਨਸੂਨ ਪੌਣਾਂ ਕਦੇ ਨਿਸਚਤ ਸਮੇਂ ਤੋਂ ਪਹਿਲਾਂ ਕਦੇ ਪਿੱਛੋਂ ਆਉਂਦੀਆਂ ਹਨ ਜਿਸ ਨਾਲ ਹੜ੍ਹ ਜਾਂ ਸੋਕੇ ਦੀਆਂ ਘਟਨਾਵਾਂ ਵਿਚ ਵਾਧਾ ਹੁੰਦਾ ਹੈ। ਮੌਨਸੂਨ ਪੌਣਾਂ ਨੂੰ ਵੀ ਐਲ-ਨੀਨੋ ਅਤੇ ਲਾ-ਨੀਨਾ ਦੀਆਂ ਘਟਨਾਵਾਂ ਵੀ ਪ੍ਰਭਾਵਿਤ ਕਰਦੀਆਂ ਹਨ ਜਿਨ੍ਹਾਂ ਦੀ ਆਮਦ ਵਿਚ ਮੌਸਮੀ ਤਬਦੀਲੀਆਂ ਕਾਰਨ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਮੌਸਮੀ ਤਬਦੀਲੀਆਂ ਦੇ ਨਾਲ ਨਾਲ ਜੰਗਲਾਂ ਦੀ ਅੰਧਾਧੁੰਦ ਕਟਾਈ, ਦਰਿਆਵਾਂ ਉੱਤੇ ਡੈਮਾਂ ਦੀ ਵਧਦੀ ਉਸਾਰੀ, ਦਰਿਆਵਾਂ ਦੇ ਵਹਾਅ ਖੇਤਰਾਂ ਵਿਚ ਕਬਜ਼ੇ ਕਰਨਾ, ਧਰਤੀ ਨੂੰ ਪੱਧਰਾ ਕਰਨਾ ਆਦਿ ਕਾਰਨ ਵੀ ਹਨ। ਦਰਿਆਵਾਂ ਉੱਤੇ ਜ਼ਿਆਦਾ ਡੈਮ ਬਣਨ ਕਾਰਨ ਮੀਂਹ ਦਾ ਬਹੁਤਾ ਪਾਣੀ ਡੈਮਾਂ ਵਿੱਚ ਇੱਕਠਾ ਕਰ ਲਿਆ ਜਾਂਦਾ ਹੈ ਅਤੇ ਬਹੁਤ ਥੋੜ੍ਹਾ ਪਾਣੀ ਦਰਿਆਵਾਂ ਵਿਚ ਛੱਡਿਆ ਜਾਂਦਾ ਹੈ ਜਿਸ ਕਾਰਨ ਸਾਲ ਦਾ ਬਹੁਤਾ ਸਮਾਂ ਦਰਿਆਵਾਂ ਦੇ ਵਹਾਅ ਖੇਤਰ ਖ਼ਾਲੀ ਪਏ ਰਹਿੰਦੇ ਹਨ। ਲੋਕ ਹੌਲੀ ਹੌਲੀ ਦਰਿਆਵਾਂ ਦੇ ਖ਼ਾਲੀ ਪਏ ਵਹਾਅ ਖੇਤਰਾਂ ਉੱਤੇ ਘਰ ਜਾਂ ਇਮਾਰਤਾਂ ਬਣਾ ਲੈਂਦੇ ਹਨ ਜਿਸ ਨਾਲ ਦਰਿਆਵਾਂ ਦੇ ਵਹਾਅ ਖੇਤਰ ਬਹੁਤ ਜ਼ਿਆਦਾ ਸੁੰਗੜ ਗਏ ਹਨ। ਜ਼ਿਆਦਾ ਮੀਂਹ ਪੈਣ ਦੀ ਸੂਰਤ ਵਿਚ ਇਨ੍ਹਾਂ ਵਹਾਅ ਖੇਤਰਾਂ ਵਿਚ ਵੱਸੇ ਲੋਕ ਬੁਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿਚ ਆ ਜਾਂਦੇ ਹਨ। ਮੌਨਸੂਨ ਪੌਣਾਂ ਨਾਲ ਜ਼ਿਆਦਾ ਜਾਂ ਥੋੜ੍ਹਾ ਮੀਂਹ ਪੈਣ ਦੀ ਅਨਿਸ਼ਚਤਾ ਹਮੇਸ਼ਾਂ ਬਣੀ ਰਹਿੰਦੀ ਹੈ ਜਿਸ ਲਈ ਡੈਮ ਅਧਿਕਾਰੀ ਪਹਿਲਾਂ ਤਾਂ ਡੈਮਾਂ ਵਿਚ ਮੀਂਹ ਦਾ ਪਾਣੀ ਇੱਕਠਾ ਕਰਦੇ ਰਹਿੰਦੇ ਹਨ ਅਤੇ ਜੇਕਰ ਅਚਾਨਕ ਜ਼ਿਆਦਾ ਮੀਂਹ ਪੈ ਜਾਂਦਾ ਹੈ ਤਾਂ ਲੋਕਾਂ ਨੂੰ ਬਿਨਾਂ ਸੂਚਿਤ ਕੀਤੇ ਡੈਮ ਨੂੰ ਬਚਾਉਣ ਲਈ ਉਸ ਦੇ ਫਾਟਕ ਖੋਲ੍ਹ ਦਿੰਦੇ ਹਨ। 2018 ਵਿਚ ਕੇਰਲ ਵਿਚ 35 ਡੈਮਾਂ ਦੇ ਇਕ ਦਮ ਫਾਟਕ ਖੋਲ੍ਹਣ ਨਾਲ ਭਾਰੀ ਹੜ੍ਹ ਆਇਆ ਸੀ। ਦੇਸ ਵਿਚ ਇਸ ਤਰ੍ਹਾਂ ਵਾਪਰੀ ਹੜ੍ਹ ਦੀ ਇਹ ਪਹਿਲੀ ਘਟਨਾ ਨਹੀਂ ਸੀ। ਇਸ ਤਰ੍ਹਾਂ ਹੜ੍ਹ ਆਉਣ ਦੀਆਂ ਘਟਨਾਵਾਂ 2011 ਵਿਚ ਓਡੀਸ਼ਾ, 2013 ਵਿਚ ਉਤਰਾਖੰਡ, 2015 ਵਿਚ ਤਾਮਿਲਨਾਡੂ ਅਤੇ 2016 ਵਿਚ ਬਿਹਾਰ ਆਦਿ ਰਾਜਾਂ ਵਿਚ ਪਹਿਲਾਂ ਵੀ ਵਾਪਰ ਚੁੱਕੀਆਂ ਹਨ।

ਸ਼ਹਿਰਾਂ ਵਿਚ ਹੜ੍ਹ ਦੀਆਂ ਵਧਦੀਆਂ ਘਟਨਾਵਾਂ ਲਈ ਮੌਸਮੀ ਤਬਦੀਲੀਆਂ ਦੇ ਨਾਲ ਨਾਲ ਸਥਾਨਕ ਕਾਰਨ ਜਿਵੇਂ ਜਲਗਾਹਾਂ, ਟੋਭੇ, ਤਲਾਬ, ਝੀਲਾਂ, ਬਰਸਾਤੀ ਨਾਲਿਆਂ ਆਦਿ ਨੂੰ ਭਰ ਕੇ ਅਤੇ ਉਨ੍ਹਾਂ ਉੱਤੇ ਕਬਜ਼ੇ ਕਰਕੇ ਹੋਈਆਂ ਉਸਾਰੀਆਂ ਜ਼ਿੰਮੇਵਾਰ ਹਨ। ਸ੍ਰੀਨਗਰ ਵਿਚ 2014, ਅਤੇ ਚੇਨਈ ਵਿਚ 2015 ਵਿਚ ਆਏ ਹੜ੍ਹ ਇਸ ਦੀਆਂ ਪੁਖਤਾ ਉਦਾਹਰਣਾਂ ਹਨ। ਦਿੱਲੀ, ਮੁੰਬਈ ਅਤੇ ਦੇਸ ਦੇ ਹੋਰ ਕਈ ਵੱਡੇ ਸ਼ਹਿਰ ਹਰ ਸਾਲ ਉਪਰੋਕਤ ਕਾਰਨਾਂ ਦੇ ਨਾਲ ਨਾਲ ਪਾਣੀ ਦੀ ਨਿਕਾਸੀ ਦੇ ਮਾੜੇ ਪ੍ਰਬੰਧਾਂ ਕਾਰਨ ਵੀ ਹੜ੍ਹਾਂ ਦਾ ਸ਼ਿਕਾਰ ਹੋ ਰਹੇ ਹਨ ਕਿਉਂਕਿ ਇਨ੍ਹਾਂ ਸ਼ਹਿਰਾਂ ਵਿਚ ਆਬਾਦੀ ਤਾਂ ਲਗਾਤਾਰ ਵਧ ਰਹੀ ਹੈ, ਪਰ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਉਸ ਅਨੁਪਾਤ ਵਿਚ ਨਹੀਂ ਕੀਤਾ ਜਾ ਰਿਹਾ ਹੈ।

ਇਸ ਅਧਿਐਨ ਵਿਚ ਇਹ ਵੀ ਖ਼ੁਲਾਸਾ ਕੀਤਾ ਗਿਆ ਹੈ ਕਿ ਮਹਾਂਰਾਸ਼ਟਰ ਵਿਚ ਹੜ੍ਹਾਂ ਦੀ ਗਿਣਤੀ ਵਿਚ 6 ਗੁਣਾ ਅਤੇ ਸੋਕੇ ਦੀਆਂ ਘਟਨਾਵਾਂ ਵਿਚ 7 ਗੁਣਾ ਵਾਧਾ ਹੋਇਆ ਹੈ ਜਿਸ ਦਾ ਮੁੱਖ ਕਾਰਨ ਪੱਛਮੀ ਘਾਟਾਂ ਵਿਚ ਹੋ ਰਿਹਾ ਅਣਯੋਜਿਤ ਵਿਕਾਸ ਹੈ ਕਿਉਂਕਿ ਮਹਾਂਰਾਸ਼ਟਰ ਸਮੇਤ ਪੰਜ ਹੋਰ ਰਾਜ (ਗੁਜਰਾਤ, ਕਰਨਾਟਕ, ਗੋਆ, ਤਾਮਿਲਨਾਡੂ, ਅਤੇ ਕੇਰਲ) ਪੱਛਮੀ ਘਾਟਾਂ ਵਿਚ ਸਥਿਤ ਹਨ ਜੋ ਇਨ੍ਹਾਂ ਰਾਜਾਂ ਦੇ ਵਾਤਾਵਰਨ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਇਸੇ ਲਈ 2005 ਵਿਚ ਸਥਾਨਕ ਲੋਕਾਂ ਨੇ ਰਾਜ ਅਤੇ ਕੇਂਦਰ ਸਰਕਾਰ ਦੀਆਂ ਵਿਕਾਸ ਯੋਜਨਾਵਾਂ ਦਾ ਵੱਡੇ ਪੱਧਰ ਉੱਤੇ ਵਿਰੋਧ ਕੀਤਾ ਸੀ।

ਲੋਕਾਂ ਦੇ ਵਿਰੋਧ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਗਾਡਗਿਲ ਕਮੇਟੀ ਬਣਾਈ ਸੀ। ਇਸ ਕਮੇਟੀ ਨੇ 2011 ਵਿਚ ਕੇਂਦਰ ਸਰਕਾਰ ਨੂੰ ਰਿਪੋਰਟ ਭੇਜ ਦਿੱਤੀ ਸੀ ਜਿਸ ਵਿਚ ਪੱਛਮੀ ਘਾਟਾਂ ਦੇ 87.5 ਫ਼ੀਸਦ ਖੇਤਰ ਨੂੰ ਸੰਵੇਦਨਸ਼ੀਲ ਖੇਤਰ ਘੋਸ਼ਿਤ ਕਰਨ ਅਤੇ ਇਸ ਖੇਤਰ ਵਿਚ ਨਵੇਂ ਸ਼ਹਿਰ ਵਸਾਉਣ, ਨਵੇਂ ਡੈਮ ਬਣਾਉਣ, ਜਲਗਾਹਾਂ ਅਤੇ ਦਰਿਆਵਾਂ ਦੇ ਵਹਾਅ ਖੇਤਰਾਂ ਉੱਤੇ ਉਸਾਰੀਆਂ ਕਰਨ, ਸੈਰ-ਸਪਾਟੇ ਵਿਭਾਗ ਦੇ ਪਸਾਰੇ, ਉਦਯੋਗਾਂ ਦੇ ਲਗਾਉਣ ਅਤੇ ਖਣਿਜਾਂ ਦੀ ਖੁਦਾਈ ਆਦਿ ਵਰਗੀਆਂ 52 ਬੰਦਸਾਂ ਲਗਾਉਣ ਦੀ ਸਿਫ਼ਾਰਸ ਕੀਤੀ ਸੀ, ਪਰ ਇਸ ਰਿਪੋਰਟ ਨੂੰ ਕੇਂਦਰ ਅਤੇ ਰਾਜ ਸਰਕਾਰ ਦੋਹਾਂ ਨੇ ਨਕਾਰ ਦਿੱਤਾ ਸੀ ਅਤੇ ਇਸ ਖੇਤਰ ਵਿਚ ਵਿਕਾਸ ਕਾਰਜ ਬਿਨਾਂ ਰੋਕ-ਟੋਕ ਤੋਂ ਹਾਲੇ ਵੀ ਜਾਰੀ ਹਨ।

ਕਰੋਨਾ ਲੌਕਡਾਊਨ ਸਮੇਂ ਕੇਂਦਰ ਸਰਕਾਰ ਨੇ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰਦਿਆਂ ਗੋਆ ਦੇ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿੱਚ ਤਿੰਨ ਪ੍ਰੋਜੈਕਟ ਬਣਾਉਣ ਦੀ ਮਨਜ਼ੂਰੀ ਦਿੱਤੀ ਹੈ। ਬੱਦਲ ਫਟਣ ਅਤੇ ਪਹਾੜ/ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਦੇ ਕਾਰਨ ਪਹਾੜੀ ਇਲਾਕਿਆਂ ਵਿਚ ਚੌੜੀਆਂ ਸੜਕਾਂ ਬਣਾਉਣਾ ਜਿਵੇਂ ਸ਼ਿਮਲਾ-ਪਰਵਾਣੂ ਅਤੇ ਚਾਰ-ਧਾਮ (ਹਰ ਮੌਸਮ ਸੜਕ) ਸਥਾਨਕ ਮਨੁੱਖੀ ਗਤੀਵਿਧੀਆਂ ਨਾਲ ਜੁੜੀਆਂ ਹਨ। ਕੇਂਦਰ ਸਰਕਾਰ ਨੇ ਲੌਕਡਾਊਨ ਦੇ ਦੋਰਾਨ 2006 ਵਾਤਾਵਰਨ ਪ੍ਰਭਾਵ ਮੁਲਾਂਕਣ ਦੀ ਥਾਂ ਉੱਤੇ 2020 ਵਾਤਾਵਰਨ ਪ੍ਰਭਾਵ ਮੁਲਾਂਕਣ ਪ੍ਰਸਤਾਵ ਕੀਤਾ ਹੈ ਜੋ ਵਾਤਾਵਰਨ ਨਿਯਮਾਂ ਨੂੰ ਬਹੁਤ ਹੀ ਪੇਤਲਾ ਕਰ ਦੇਵਗਾ ਅਤੇ ਦੇਸ ਹੋਰ ਕੁਦਰਤੀ ਆਫ਼ਤਾਂ ਦੇ ਸਨਮੁੱਖ ਹੋ ਜਾਵੇਗਾ।


2014 ਦੀ ਆਈ.ਪੀ.ਸੀ.ਸੀ. ਦੀ ਇਕ ਰਿਪੋਰਟ ਵਿਚ ਕੁਦਰਤੀ ਆਫ਼ਤਾਂ ਦੇ ਨਾਲ ਨਾਲ ਖਾਧ-ਪਦਾਰਥਾਂ ਅਤੇ ਪਾਣੀ ਦੀ ਥੁੜ੍ਹ ਹੋ ਜਾਣ ਦੀ ਚੇਤਾਵਨੀ ਦਿੱਤੀ ਗਈ ਸੀ। ਇਸ ਲਈ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ ਦੀ ਭੂਗੋਲਿਕ ਸਥਿਤੀ ਅਤੇ ਇੱਥੋਂ ਵਧਦੀ ਆਬਾਦੀ ਨੂੰ ਮੱਦੇਨਜ਼ਰ ਰੱਖਦੇ ਹੋਏ ਹਰ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਣ ਲਈ ਬਹੁਤ ਹੀ ਸਾਵਧਾਨੀ ਅਤੇ ਦੂਰਅੰਦੇਸ਼ੀ ਨਾਲ ਯੋਜਨਾਵਾਂ ਬਣਾਵੇ ਤਾਂ ਕਿ ਅਜਿਹਾ ਨਾ ਹੋਵੇ ਕਿ ਦੇਸ ਦੇ ਵਿਕਾਸ ਦੀ ਥਾਂ ਉੱਤੇ ਕੁਦਰਤੀ ਸਾਧਨਾਂ ਦਾ ਇੰਨਾ ਜ਼ਿਆਦਾ ਉਜਾੜਾ ਕਰ ਦੇਈਏ ਕਿ ਦੇਸ ਦੇ ਲੋਕਾਂ ਦੀਆਂ ਜ਼ਿੰਦਗੀਆਂ ਖ਼ਤਰਿਆਂ ਵਿਚ ਪੈ ਜਾਣ। ਸਰਕਾਰ ਦਾ ਬਣਦਾ ਹੈ ਕਿ ਵਿਕਾਸ ਕਾਰਜਾਂ ਲਈ ਕੁਦਰਤ ਅਤੇ ਲੋਕ-ਪੱਖੀ ਮਾਡਲ ਅਪਣਾਏ ਅਤੇ ਮੌਸਮੀ ਤਬਦੀਲੀਆਂ ਤੋਂ ਪੈਦਾ ਹੋਣ ਵਾਲੀਆਂ ਕੁਦਰਤੀ ਆਫ਼ਤਾਂ ਤੋਂ ਦੇਸ ਵਾਸੀਆਂ ਨੂੰ ਬਚਾਉਣ ਲਈ ਠੋਸ ਉਪਰਾਲੇ ਕਰਨੇ ਸ਼ੁਰੂ ਕਰੇ।

# ਦਿੱਲੀ ਨੂੰ ਹਲੂਣਾਂ ਦੇਣ ਲਈ ਉੱਠੀਆਂ ਹੱਥ ਵਿਹੂਣੀਆਂ ਬਾਹਵਾਂ

## ਜ਼ਮੀਨਾਂ ਖੋਹਣ ਦੇ ਦੁੱਖ ਅੱਗੇ ਛੋਟਾ ਪਿਆ ਅੰਗ ਨਾ ਹੋਣ ਦਾ ਦਰਦ

**ਬੰਗਾ (ਸੁਰਜੀਤ ਮਜਾਰੀ)** ਕਿਸਾਨ ਅੰਦੋਲਨ 'ਚ ਪੈਰ ਵਿਹੂਣੀਆਂ ਲੱਤਾਂ ਅਤੇ ਹੱਥ ਵਿਹੂਣੀਆਂ ਬਾਹਵਾਂ ਦਾ ਜ਼ੋਸ ਦਿੱਲੀ ਨੂੰ ਹਲੂਣਾ ਦੇਣ ਦੀ ਲੜਾਈ 'ਚ ਬਰਾਬਰ ਡਟਿਆ ਹੋਇਆ ਹੈ। ਹਿੰਮਤ ਅਤੇ ਸਬਰ ਦੇ ਮੋਢਿਆਂ ਸਹਾਰੇ ਲਗਾਤਾਰ ਦਿੱਲੀ ਪੁੱਜ ਰਿਹਾ ਅਪੰਗ ਵਰਗ ਕਿਸਾਨ ਅੰਦੋਲਨ ਦਾ ਦਿਲ ਬੰਨ੍ਹ ਰਿਹਾ ਹੈ। ਅੰਗਾਂ ਦੀ ਕਮੀਂ ਕਾਰਨ ਜ਼ਿੰਦਗੀ ਨਾਲ ਦੋ ਚਾਰ ਹੁੰਦੇ ਆ ਰਹੇ ਉਹ ਹੁਣ ਕੇਂਦਰ ਨਾਲ ਮੱਥਾ ਲਾਉਣ ਲਈ ਵੀ ਪਿੱਛੇ ਨਹੀਂ ਰਹੇ। ਹਿੰਮਤਾਂ ਦੇ ਸਿਰਨਾਵੇਂ ਬਣ ਕੇ ਹਾਕਮਾਂ ਦੇ ਦਰ ਪੁੱਜੇ ਇਹਨਾਂ ਦੇ ਮਜ਼ਬੂਤ ਇਰਾਦੇ ਅੰਗਾਂ ਦੀ ਕਮੀ ਨੂੰ ਛੋਟਾ ਪਾ ਰਹੇ ਹਨ।

ਅੰਦੋਲਨ 'ਚ ਸ਼ਾਮਲ ਹੋਏ ਤਨਵੀਰ ਨੇ ਦੱਸਿਆ ਕਿ ਉਸ ਨੂੰ ਆਪਣੀਆਂ ਬਾਹਵਾਂ ਨਾ ਹੋਣ ਦਾ ਕੋਈ ਸ਼ਿਕਵਾ ਨਹੀਂ ਹੈ ਪਰ ਅੱਜ ਸਰਕਾਰਾਂ ਵਲੋਂ ਰੋਟੀ ਰੋਜ਼ੀ 'ਤੇ ਹੋਏ ਹਮਲੇ ਨਾਲ ਦਿਲ ਦੁੱਖੀ ਹੈ। ਇਵੇਂ ਲੰਗਰ 'ਚ ਕੰਮ ਕਰ ਰਹੀ ਬੀਬੀ ਬਚਿੱਤਰ ਕੌਰ ਜਿਸ ਦੀ ਇੱਕ



ਲੱਤ ਬਚਪਨ 'ਚ ਹੀ ਕੱਟੀ ਗਈ ਸੀ ਨੇ ਚਿੰਤਾ ਜ਼ਾਹਰ ਕੀਤੀ ਕਿ ਰਜਵਾੜਾਸ਼ਾਹੀ ਜਮੀਨਾਂ ਖੋਹ ਕੇ ਆਉਣ ਵਾਲੀਆਂ ਨਸਲਾਂ ਨੂੰ ਆਰਥਿਕ ਤੌਰ 'ਤੇ ਅਪਾਹਜ਼ ਕਰਨਾ ਚਾਹੁੰਦੀ ਹੈ। ਬੀਏ ਪਾਸ ਪਵਨ ਸੱਲ੍ਹਣ ਜਿਸ ਦੇ ਦੋਵੇਂ ਹੱਥ ਨਹੀਂ ਹਨ ਵੀ ਜਦੋਂ ਇੱਕ ਬਾਂਹ ਸਹਾਰੇ ਹਿੱਕ ਨਾਲ ਝੰਡਾ ਲਾਈ 'ਜ਼ਿੰਦਾਬਾਦ' ਕਹਿ ਕੇ ਦੂਜੀ ਬਾਂਹ ਖੜ੍ਹੀ ਕਰਦਾ ਹੈ ਤਾਂ ਪੌਣਾਂ 'ਚ ਜੋਸ਼ ਘੁਲ ਜਾਂਦਾ ਹੈ।

ਪੋਲੀਓ ਪੀੜਤ ਜਸਵੰਤ ਕੁਮਾਰ ਅਤੇ ਅਧਰੰਗ ਨਾਲ ਲੰਬੇ ਸਮੇਂ ਤੋਂ ਵੀਲ ਚੇਅਰ 'ਤੇ ਬੈਠੇ ਨੇਕਾ ਮੱਲਾ ਬੇਦੀਆਂ ਦੇ ਰੋਸ ਜਾਹਰ ਕੀਤਾ ਕਿ ਹਾਕਮਾਂ ਨੇ ਕਾਰਪੋਰੇਟ ਘਰਾਣਿਆਂ ਦੇ ਢਿੱਡ ਭਰਦਿਆਂ ਦੇਸ਼ ਨੂੰ ਅਪੰਗ ਬਣਾ ਕੇ ਰੱਖ ਦਿੱਤਾ ਹੈ। ਅਪਾਹਜ਼ ਵਰਗ ਦਾ ਹਿੰਮਤਾਂ ਨੂੰ ਯਾਰ ਬਣਾ ਕੇ ਦਿੱਲੀ ਦੀਆਂ ਹੱਦਾਂ 'ਤੇ ਲੋਕ ਘੋਲ ਦਾ ਹਿੱਸਾ ਬਣਨਾ ਸਾਰਿਆਂ ਲਈ ਵੱਡੀ ਪ੍ਰੇਰਨਾ ਹੈ। ਅੰਦੋਲਨ ਲਈ ਬਣੇ ਕਾਫ਼ਲਿਆਂ 'ਚ ਮੋਹਰੇ ਹੋ ਕੇ ਵੀਲ੍ਹ ਚੇਅਰ ਦੇ ਤੇਜ਼ੀ ਨਾਲ ਘੁੰਮਦੇ ਚੱਕੇ, ਨਜ਼ਰੋਂ ਸੱਖਣੀਆਂ ਅੱਖਾਂ ਦਾ ਰਾਹ ਬਣੀਆਂ ਸੋਟੀਆਂ ਅਤੇ ਅੱਗੇ ਵੱਧਣ ਲਈ ਵਸਾਖੀਆਂ ਦਾ ਉਤਸ਼ਾਹ ਸਰਕਾਰ ਨੂੰ ਵੱਡੀ ਟੱਕਰ ਦੇ ਰਿਹਾ ਹੈ।

# ਫਰਿਜ਼ਨੋ ਕਾਉਂਟੀ ਵਿੱਚ ਨਹੀ ਰੁਕ ਰਿਹਾ ਕੋਰੋਨਾਂ ਵਾਇਰਸ ਦਾ ਪ੍ਰਕੋਪ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)-** ਫਰਿਜ਼ਨੋ ਕਾਉਂਟੀ ਵਿੱਚ ਕੋਰੋਨਾਂ ਵਾਇਰਸ ਦੀ ਲਾਗ ਦੇ ਮਾਮਲਿਆਂ ਵਿੱਚ ਵਾਧਾ ਲਗਾਤਾਰ ਜਾਰੀ ਹੈ। ਇਸ ਕਾਉਂਟੀ ਨੇ ਸੋਮਵਾਰ ਨੂੰ ਕੋਵਿਡ -19 ਦੇ 731 ਨਵੇਂ ਕੇਸਾਂ ਦੀ ਰਿਪੋਰਟ ਕੀਤੀ ਹੈ ਅਤੇ ਸਿਹਤ ਅਧਿਕਾਰੀਆਂ ਨੂੰ ਇਸ ਵਿੱਚ ਹੋਰ ਵਾਧਾ ਹੋਣ ਦਾ ਖਦਸ਼ਾ ਹੈ। ਰਾਜ ਦੇ ਅੰਕੜਿਆਂ ਅਨੁਸਾਰ ਕਾਉਂਟੀ ਵਿੱਚ ਹੁਣ ਤੱਕ ਕੋਰੋਨਾਂ ਦੇ ਪੁਸ਼ਟੀ ਕੀਤੇ ਹੋਏ 63,811 ਕੇਸ ਦਰਜ਼ ਹੋਏ ਹਨ ਜਦਕਿ ਮੌਤਾਂ ਦੀ ਗਿਣਤੀ 646 ਹੋ ਗਈ ਹੈ। ਇਸਦੇ ਇਲਾਵਾ ਇਕੱਠੇ ਰੂਪ ਵਿੱਚ ਫਰਿਜ਼ਨੋ, ਕਿੰਗਜ਼, ਮਡੇਰਾ, ਮਰੀਪੋਸਾ, ਮਰਸਡੀ ਅਤੇ ਤੁਲਾਰੇ ਕਾਉਂਟੀ ਵਿੱਚ ਸੋਮਵਾਰ ਨੂੰ ਘੱਟੋ ਘੱਟ 4,329 ਨਵੇਂ ਕੇਸ ਅਤੇ 29 ਮੌਤਾਂ ਦੀ ਪੁਸ਼ਟੀ ਹੋਈ ਹੈ। ਵਾਇਰਸ ਦੇ ਸੰਬੰਧ ਵਿੱਚ ਕ੍ਰਿਸਮਸ ਦੇ ਸਮੇਂ ਸਿਰਫ ਫਰਿਜ਼ਨੋ ਅਤੇ ਕਿੰਗਜ਼ ਨੇ ਹੀ ਰਿਪੋਰਟ ਕੀਤੀ ਸੀ। ਕ੍ਰਿਸਮਸ ਦੇ ਦਿਨ ਫਰਿਜ਼ਨੋ ਕਾਉਂਟੀ ਵਿੱਚ ਸਿਰਫ ਸੱਤ ਆਈ ਸੀ ਯੂ ਬਿਸਤਰੇ ਉਪਲੱਬਧ ਸਨ ਜੋ ਕਿ ਉਸ ਹਫ਼ਤੇ ਦੇ ਸ਼ੁਰੂ ਵਿੱਚ 18 ਸਨ। ਇਸਦੇ ਇਲਾਵਾ ਕਾਉਂਟੀ ਦੇ ਹਸਪਤਾਲਾਂ ਵਿੱਚ ਵਾਇਰਸ ਪੀੜਤ 620 ਮਰੀਜ਼ ਦਾਖਲ ਹਨ ਜਿਹਨਾਂ ਵਿੱਚੋਂ 139 ਆਈ ਸੀ ਯੂ ਵਿੱਚ ਹਨ।

# 21 ਵੀਂ ਸਦੀ ਦੇ ਤਾਨਾਸ਼ਾਹ ਹਾਕਮ ਨੂੰ ਕੌਮਾਂਤਰੀ ਪੱਧਰ ਦੇ ਬਣੇ ਕਿਸਾਨੀ ਘੋਲ



ਜੀਗ ਸਿੰਘ
91-94170-95965

ਸੰਸਾਰ ਦੇ ਇਤਿਹਾਸ ਵਿਚ ਅਸੀਂ ਸਭ ਨੇ ਹਿਟਲਰ, ਟੋਜੋ, ਮਸੋਲਿਨੀ , ਨਪੋਲੀਅਨ, ਸਿਕੰਦਰ, ਨਾਦਰਸ਼ਾਹ ਅਹਿਮਦਸ਼ਾਹ ਅਬਦਾਲੀ ਆਦਿ ਦੇ ਨਾਂ ਜਰੂਰ ਸੁਣੇ ਹੋਏ ਹੋਣ ਗੇ ਇਨ੍ਹਾਂ ਨਾਵਾਂ ਤੋਂ ਬਿਨਾ ਇਕ ਹੋਰ ਨਾਂ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਵੀ ਆਉਂਦਾ ਹੈ। ਜਿਸ ਨੇ ਹੋਰਨਾਂ ਤਾਨਾਸ਼ਾਹ ਬਾਦਸ਼ਾਹਾਂ ਤੋਂ ਕਈ ਕਦਮ ਅੱਗੇ ਵੱਧ ਕ ਸਿੱਖ ਧਰਮ ਤੇ ਘਿਣਾਉਣੇ ਜ਼ੁਲਮ ਢਾਹ ਕੇ ਆਪਣੇ ਨਾਂ ਨੂੰ ਕਲੰਕਤ ਕੀਤਾ ਹੈ।ਇਹ ਵੀ ਦੱਸਿਆ ਜਾਂਦਾ ਕਿ ਔਰੰਗਜ਼ੇਬ ਦੀ ਕਬਰ ਤੇ ਕੋਈ ਮਨੁੱਖ ਦੀਵਾ ਜਗਾਉਣਾ ਵੀ ਹੁਣ ਤਕ ਆਪਣੀ ਹੱਤਕ ਸਮਝਦਾ ਆ ਰਿਹਾ ਹੈ। ਔਰੰਗਜ਼ੇਬ ਨੂੰ ਵੀ ਮਾਤ ਪਾ ਕੇ ਇੱਕੀਵੀਂ ਸੱਦੀ ਵਿੱਚ ਇਕ ਹੋਰ ਤਾਨਾਸ਼ਾਹ ਪੈਦਾ ਹੋਇਆ ਹੈ ਜਿਸ ਨੇ ਵੀ ਕੱਟੜਤਾ ਦੀ ਕਸਮ ਖਾਧੀ ਹੋਈ ਹੈ ਲਗ ਰਿਹਾ ਹੈ ਕਿ ਉਹ ਪਿਛਲੇ ਰਹਿ ਚੁੱਕੇ ਜਾਬਰਾਂ ਤੋਂ ਵੀ ਕਈ ਪਲਾਂਘਾਂ ਅੱਗੇ ਪੁੱਟ ਕੇ ਆਪਣਾ ਤੇ ਆਪਣੀ ਪਾਰਟੀ ਦਾ ਨਾਂ ਸੰਸਾਰ ਦੇ ਇਤਿਹਾਸ ਵਿੱਚ ਮੋਟੇ ਮੋਟੇ ਕਾਲੇ ਅੱਖਰਾਂ ਵਿੱਚ ਲਿਖਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੇਗਾ। ਪਤਾ ਜੇ ਕਿ ਇਹ ਜਾਬਰ ਕਿਹੜਾ ਹੈ? ਜੇ ਨਹੀਂ ਪਤਾ, ਤਾਂ ਮੈਂ ਦੱਸਦਾ ਹਾਂ ਉਸ ਦਾ ਇਹ ਨਾਂ ਹੈ ਜਿਸ ਨੂੰ ਭਾਰਤੀ ਜਨਤਾ ਪਾਰਟੀ ਨੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਮੈਦਾਨ ਵਿੱਚ ਲਿਆਂਦਾ ਆਗੂ "ਸ੍ਰੀ ਨਰਿੰਦਰ ਮੋਦੀ" ਹੈ! ਇਸ ਆਗੂ ਨੇ ਲੋਕ ਸਭਾ ਚੋਣਾਂ ਜਿੱਤਣ ਤੋਂ ਪਹਿਲਾਂ ਗਲਾ ਫਾੜ੍ਹ ਫਾੜ੍ਹ ਕਿਹਾ ਸੀ ਕਿ 'ਮੁਝੇ ਦੇਸ਼ ਕਾ ਪ੍ਰਧਾਨ ਮੰਤਰੀ ਮਤ ਬਣਾਈਏ ,ਮੁਝੇ ਦੇਸ਼ ਕਾ ਚੌਕੀਦਾਰ ਬਣਾਈਏ'। ਮੈਂ ਦੇਸ਼ ਕੋ ਕਿਸੀ ਹਾਲ ਮੇ ਬਿੱਕਣੇ ਨਹੀਂ ਦੂੰਗਾ। ਉਸ ਨੇ ਦੇਸ਼ ਦੇ ਲੋਕਾਂ ਅੱਗੇ ਅਜਿਹੇ ਮਗਰਮੱਛ ਦੇ ਹੰਝੂ ਸੁੱਟੇ ਲੋਕਾਂ ਨੂੰ ਬੜੇ ਸਬਜ਼ ਬਾਗ ਵਿਖਾਉਂਦਿਆਂ ਕਿਹਾ ਕਿ ਮੈ ਦੇਸ਼ ਵਿੱਚੋਂ ਮਹਿੰਗਾਈ, ਭ੍ਰਿਸ਼ਟਾਚਾਰ ਬਿਲਕੁਲ ਖਤਮ ਕਰ ਦਿਆਂਗਾ, ਬੇਰੁਜ਼ਗਾਰ ਨੌਜਵਾਨਾਂ ਨੂੰ ਹਰ ਸਾਲ ਦੋ ਕਰੋੜ ਨੌਕਰੀਆਂ ਦੇ ਕੇ ਦੇਸ਼ ਦੀ ਬੇਰੁਜ਼ਗਾਰੀ ਖਤਮ ਕੀਤੀ ਜਾਵੇਗੀ, ਵਿਦੇਸ਼ਾਂ ਵਿੱਚ ਭਾਰਤ ਦਾ ਪਿਆ ਕਾਲਾ ਧੰਨ ਲਿਆ ਕੇ ਹਰੇਕ ਭਾਰਤੀ ਪ੍ਰੀਵਾਰ ਦੇ ਬੈਂਕ ਖਾਤੇ ਵਿੱਚ 15-15 ਲੱਖ ਰੁਪਏ ਜਮਾ ਕਰਾਏ ਜਾਣਗੇ ਕਿਸਾਨਾਂ ਦੀ ਆਮਦਨ ਦੁੱਗਣੀ ਕੀਤੀ ਜਾਵੇਗੀ, ਸੁਆਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ-ਗੀਆਂ ਵਗੈਰਾ ਵਗੈਰਾ ਕਈ ਮਨ ਲੁਭਾਉਣੀਆਂ ਗੱਲਾਂ ਕਰਕੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾ ਲਈ। ਕੁਝ ਸਮੇਂ ਬਾਅਦ ਜਦੋਂ ਸਰਕਾਰ ਵਲੋਂ ਲੋਕ ਹਿੱਤ ਵਿੱਚ ਕੰਮ ਨਾ ਕੀਤੇ ਗਏ ਤਾਂ ਲੋਕਾਂ ਵਿੱਚ ਘੁੱਸਰ ਮੁੱਸਰ ਹੋਣੀ ਸ਼ੁਰੂ ਹੋ ਗਈ । ਇਸ ਪਾਰਟੀ ਦੇ ਮੌਜੂਦਾ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਜਿਸ ਦੀ ਸਰਕਾਰ ਵਿਚ ਮੋਦੀ ਦੇ ਬਰਾਬਰ ਦੀ ਤੂਤੀ ਬੋਲਦੀ ਹੈ।ਜੇ ਇਹ ਆਖ ਲਈਏ ਕਿ ਇਸ ਆਗੂ ਬਿਨਾ ਵੀ ਦੇਸ਼ ਦਾ ਪੱਤਾ ਨਹੀਂ ਹਿੱਲਦਾ ਨੇ ਬੜੀ ਢੀਠਤਾਈ ਨਾਲ ਇਹ ਬਿਆਨ ਦੇ ਕੇ ਸਾਫ ਮੁੱਕਰ ਗਿਆ ਕਿ ਉਨ੍ਹਾਂ ਦੀ ਪਾਰਟੀ ਨੇ ਜਿਹੜੇ ਵਾਅਦੇ ਲੋਕਾਂ ਨਾਲ ਚੋਣਾਂ ਦੌਰਾਨ ਕੀਤੇ ਸਨ,ਉਹ ਤਾਂ ਸਿਰਫ਼ ਚੁਣਾਵੀ ਜੁਮਲੇ ਸਨ। ਭਾਰਤੀ ਜਨਤਾ ਪਾਰਟੀ ਨੇ ਦੇਸ਼ ਵਿੱਚ ਸਰਕਾਰ ਬਣਾ ਕੇ ਲੋਕ ਵਿਰੋਧੀ ਕੰਮ ਕਰਨੇ ਸ਼ੁਰੂ ਕਰ ਦਿੱਤੇ।ਸਭ ਤੋਂ ਪਹਿਲਾਂ ਨੋਟ ਬੰਦੀ ਕੀਤੀ ਗਈ ਜਿਸ ਦੌਰਾਨ ਆਮ ਲੋਕ ਕੰਮ ਕਾਜ ਛੱਡ ਕੇ ਬੈਂਕਾਂ ਵਿੱਚ ਆਪਣੇ ਪੈਸੇ ਲੈਣ ਲਈ ਕਤਾਰਾਂ ਵਿੱਚ ਕਈ ਮਹੀਨੇ ਲਗਦੇ ਰਹੇ ਇਸ ਦੌਰਾਨ ਲਗ ਭਗ ਡੇਢ ਸੋ ਦੇਸ਼ ਦੇ ਲੋਕ ਸਦਾ ਲਈ ਇਸ ਸੰਸਾਰ ਤੋਂ ਕੂਚ ਕਰ ਗਏ।ਆਮ ਲੋਕ ਤੰਗ ਪਰੇਸ਼ਾਨ ਹੋਏ ਪਰ ਵੱਡੇ ਅਮੀਰ ਲੋਕਾਂ ਦਾ ਕਾਲਾ ਧੰਨ ਘਰ ਬੈਠੇ ਹੀ ਚਿੱਟੇ ਵਿੱਚ ਤਬਦੀਲ ਕਰ ਦਿੱਤਾ ਗਿਆ। ਫਿਰ ਇਸ ਸਰਕਾਰ ਨੇ ਜੀ ਐਸ ਟੀ ਲਾਗੂ ਕਰਕੇ ਵੱਡੇ ਅਜਾਰੇਦਾਰਾਂ ਨੂੰ ਟੈਕਸਾਂ ਵਿੱਚ ਰਿਆਇਤਾਂ ਦਿੱਤੀਆਂ ਪਰ ਦੇਸ਼ ਦੇ ਆਮ ਲੋਕਾਂ ਨੂੰ ਟੈਕਸਾਂ ਦੀ ਮਾਰ ਹੇਠ ਦੱਬ ਦਿੱਤਾ।ਅੱਜ ਹਰ ਇਨਸਾਨ ਨੂੰ ਛੋਟੀ ਤੋਂ ਛੋਟੀ ਖਰੀਦਣ ਵਾਲੀ ਚੀਜ਼ ਤੇ ਟੈਕਸਾਂ ਦੀ ਅਦਾਇਗੀ ਵੱਖਰੀ ਕਰਨੀ ਪੈਂਦੀ ਹੈ। ਇਕ ਪਾਸੇ ਲੋਕ ਇਨਕਮ ਟੈਕਸ ਸਰਕਾਰ ਨੂੰ ਦੇ ਰਹੇ ਹਨ ਦੂਸਰੇ ਤਰਫ਼ ਇਹ ਟੈਕਸ ਵੱਖਰਾ ਘਰੇਲੂ ਵਰਤਣ ਵਾਲੀਆਂ ਚੀਜ਼ਾਂ ਨੂੰ ਖਰੀਦਣ ਸਮੇਂ ਦੇਣਾ ਪੈ ਰਿਹਾ ਹੈ। ਜਿਸ ਨਾਲ ਆਮ ਲੋਕ ਗਰੀਬੀ ਦੀ ਮਾਰ ਹੇਠ ਹੋਰ ਆ ਕੇ ਅਤਿ ਗਰੀਬ ਹੋ ਰਹੇ ਹਨ ਅਤੇ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ। ਹੁਣ ਤਕ ਦੇਸ਼ ਦੇ ਲੋਕਾਂ ਨੂੰ ਪਤਾ ਲਗ ਗਿਆ ਸੀ ਕਿ ਇਹ ਸਰਕਾਰ ਲੋਕਾਂ ਦੀ ਨਾ ਹੋ ਕੇ ਅਮੀਰ ਵਪਾਰੀਆਂ ਦੀ ਸਰਕਾਰ ਹੈ ਅਤੇ ਇਹ ਲੋਕਾਂ ਦੇ ਹਿੱਤ ਵਾਲੇ ਹੀ ਕੰਮ ਨਹੀਂ ਕਰੇਗੀ। ਇਸੇ ਸਰਕਾਰ ਨੇ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਤੇ ਲੋਕਾਂ ਦੀਆਂ ਪੁਰਾਤਨ ਚਲੀਆਂ ਆ ਰਹੀਆਂ ਸਾਂਝਾਂ ਨੂੰ ਤਹਿਸ ਨਹਿਸ ਕਰਨ ਲਈ ਪਹਿਲਾਂ 'ਹਿੰਦੂ, ਮੁਸਲਿਮ' ਏਜੰਡਾ ਲਿਆ ਕੇ ਉਨ੍ਹਾਂ ਨੂੰ ਆਪਸ ਵਿੱਚ ਲੜਾ ਕੇ ਉਨ੍ਹਾਂ ਦੀ ਕਤਲੋਗਾਰਤ ਕਰਾਈ, ਫਿਰ ਗਊਆਂ ਦੇ ਨਾਂ ਤੇ ਮੁਸਲਿਮ ਲੋਕਾਂ ਦੀ 'ਮੋਬ ਲਿਚਿੰਗ' ਕਰਕੇ ਉਨ੍ਹਾਂ ਨੂੰ ਕੱਟੜ ਹਿੰਦੂਆਂ ਕੋਲੋਂ ਕੋਹ ਕੋਹ ਕੇ ਮਰਵਾਇਆ। ਇਸ ਸਰਕਾਰ ਨੇ ਰ ਸ ਸ ਦੇ ਨੀਤੀ ਵਿਧਾਨ ਮੁਤਾਬਿਕ ਘੱਟ ਗਿਣਤੀ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਸਬਕ ਸਿਖਾਉਣ ਲਈ ਕਰੋਨਾ ਬਿਮਾਰੀ ਦੀ ਆੜ੍ਹ ਵਿੱਚ ਉਨ੍ਹਾਂ ਨੂੰ ਘਰਾਂ ਅੰਦਰ ਤਾੜ ਕੇ, ਜੰਮੂ ਕਸ਼ਮੀਰ ਵਿੱਚ ਲੱਖਾਂ ਦੀ ਗਿਣਤੀ ਵਿੱਚ ਫੌਜਾਂ, ਅਰਧ ਸੈਨਿਕ ਬਲਾਂ, ਰਾਸ਼ਟਰੀ ਰਾਈਫਲ, ਪੁਲੀਸ ਪਤਾ ਨਹੀਂ ਕਿਤਨੇ ਹੋਰ ਸੈਨਿਕ ਬਲਾਂ ਨੂੰ ਚਾੜ੍ਹ ਕੇ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਦੇਸ਼ ਦੀ ਅਜ਼ਾਦੀ ਵੇਲੇ ਦਿੱਤੇ ਸੰਵਿਧਾਨਿਕ ਹੱਕਾਂ ਧਾਰਾ 370, ਧਾਰਾ 35 ਏ ਖਤਮ ਕਰ ਦਿੱਤੇ। ਇਥੇ ਹੀ ਬਸ ਨਹੀਂ ਕਿ ਜੰਮੂ ਕਸ਼ਮੀਰ ਪ੍ਰਾਂਤ ਨੂੰ ਦੋ ਹਿਸਿਆ ਵਿੱਚ ਵੰਡ ਕੇ ਕੇਂਦਰ ਨੇ ਆਪਣੇ ਅਧੀਨ ਕਰ ਲਿਆ। ਕਸ਼ਮੀਰ ਦੇ ਵਾਸੀਆਂ ਨੂੰ ਹੁਣ ਤਕ ਘਰਾਂ ਅੰਦਰ ਤਾੜ ਕੇ ਜਮਹੂਰੀਅਤ ਦਾ ਕਤਲ ਕੀਤਾ ਜਾ ਰਿਹਾ ਹੈ। ਸਰਕਾਰ ਮੁਸਲਿਮ ਘੱਟ ਗਿਣਤੀ ਨੂੰ ਸਬਕ ਸਿਖਾਉਣ ਬਾਅਦ ਫਾਸ਼ੀ ਬਣ ਚੁੱਕੀ ਸਰਕਾਰ ਦਾ ਹੌਂਸਲਾ ਇੰਨਾ ਵੱਧ ਗਿਆ ਸੀ।ਇਹ ਹੀ ਆਗੂ ਜਿਹੜਾ ਕਹਿੰਦਾ ਸੀ ਕਿ ਉਦੇਸ਼ ਕੋ ਬਿਕਣੇ ਨਹੀਂ ਦੂੰਗਾ", ਇਸੇ ਨੇ ਆਪਣੇ ਗੁਜਰਾਤੀ ਮਿੱਤਰਾਂ ਅੰਬਾਨੀਆਂ ਅੰਡਾਨੀਆਂ ਕੋਲ ਦੇਸ਼ ਦੀਆਂ ਸੰਪਤੀਆਂ ਹਵਾਈ ਜਹਾਜ਼, ਰੇਲਵੇ, ਬੈਂਕ, ਬੀਮਾ, ਡਾਕਖ਼ਾਨੇ, ਪੈਟਰੋਲੀਅਮ, ਬੀ ਐਸ ਐਨ ਐਲ ਆਦਿ ਬਹੁਤ ਸਾਰੇ ਸਰਕਾਰੀ ਅਦਾਰੇ ਕੋਡੀਆਂ ਦੇ ਭਾਅ ਵੇਚਣੇ ਸ਼ੁਰੂ ਕਰ ਦਿੱਤੇ ਅਤੇ ਇਹ ਪ੍ਰਵਿਰਤੀ ਉਸ ਦੀ ਅੱਗੋਂ ਵੀ ਨਿਰੰਤਰ ਜਾਰੀ ਹੈ।ਸ੍ਰੀ ਨਰਿੰਦਰ ਮੋਦੀ ਨੂੰ ਭਰਮ ਹੋ ਗਿਆ ਸੀ ਕਿ ਉਸ ਦੇ ਝੂਠ ਤੇ ਫਾਸ਼ੀਵਾਦ ਦੇ ਰੱਥ ਨੂੰ ਹੁਣ ਕੋਈ ਰੋਕ ਨਹੀਂ ਸਕਦਾ। ਇਸੇ ਗਲਤ ਫਹਿਮੀ ਵਿੱਚ ਇਸ ਨੇ ਕਿਸਾਨਾਂ ਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਦੀਆਂ ਜ਼ਮੀਨਾਂ ਜਿਨ੍ਹਾਂ ਦੀ ਮਾਲਕੀ ਦੇ ਅਧਿਕਾਰ ਸਿੱਖ ਰਾਜ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਨੇ ਇਹ ਕਹਿ ਕੇ ਕਿਸਾਨਾਂ ਨੂੰ ਦਿੱਤੇ ਸਨ ਕਿ ਜਮੀਨ ਉਸ ਦੀ ਹੈ, ਜਿਹੜਾ ਇਸ ਨੂੰ ਵਾਹੁੰਦਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਨਿਸ਼ਾਨੇ ਨਾਲ ਦੋ ਤੀਰ ਫੁੰਡਣੇ ਸ਼ੁਰੂ ਕੀਤੇ ਹਨ। ਇਸ ਮੰਤਵ ਨੂੰ ਸਾਹਮਣੇ ਰੱਖ ਕੇ ਇਸ ਨੇ ਤਿੰਨ ਕਿਸਾਨ ਵਿਰੋਧੀ ਬਿੱਲ ਲਿਆਂਦੇ ਜਿਸ ਤਹਿਤ ਉਨ੍ਹਾਂ ਦੀ ਹਾਲਤ ਅਜਿਹੀ ਬਣ ਜਾਣੀ ਹੈ ਕਿ ਉਨ੍ਹਾਂ ਨੂੰ ਮਜਬੂਰ ਹੋ ਕੇ ਆਪਣੀਆਂ ਜ਼ਮੀਨਾਂ ਅੰਬਾਨੀਆਂ,ਅੰਡਾਨੀਆਂ ਨੂੰ ਕੌਡੀਆਂ ਦੇ ਭਾਅ ਵੇਚਣ ਲਈ ਮਜਬੂਰ ਹੋਣਾ ਪੈਣਾ ਹੈ। ਇਸ ਵਿਰੁਧ ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਪਿਛਲੇ ਦੋ ਸਾਲਾਂ ਤੋਂ ਇਸ ਸਾਜ਼ਿਸ਼ ਨੂੰ ਸਮਝ ਰਹੀਆਂ ਸਨ। ਪਰ ਸਰਕਾਰੇ ਦਰਬਾਰੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਸੀ ਹੋ ਰਹੀ ਫਿਰ ਉਨ੍ਹਾਂ ਨੂੰ ਮਜਬੂਰ ਹੋ ਕੇ ਸਰਕਾਰ ਵਿਰੁੱਧ ਸਤੰਬਰ 2020 ਵਿੱਚ ਸੰਘਰਸ਼ ਕਰਨ ਦਾ ਐਲਾਨ ਕਰ ਦਿੱਤਾ। ਲਗਾਤਾਰ ਦੋ ਢਾਈ ਮਹੀਨੇ ਪੰਜਾਬ ਵਿੱਚ ਕੇਂਦਰ ਸਰਕਾਰ ਦਾ ਵਿਰੋਧ ਕਰਨ ਕਾਰਨ ਜਦੋਂ ਉਨ੍ਹਾਂ ਦੀ ਅਵਾਜ਼ ਨਾ ਸੁਣੀ ਗਈ ਤਾਂ ਕਿਸਾਨਾਂ ਨੇ ਦੇਸ਼ ਦੇ ਸਾਰੇ ਕਿਸਾਨ ਆਗੂਆਂ ਨਾਲ ਸੰਪਰਕ ਕਰਕੇ ਕਿਸਾਨ ਮੋਰਚਾ ਬਣਾ ਕੇ ਦਿੱਲੀ ਨੂੰ ਚਾਰੇ ਤਰਫ਼ੋਂ ਘੇਰਣ ਦਾ ਐਲਾਨ ਕਰ ਦਿੱਤਾ। ਜੋ 26 ਨਵੰਬਰ 2020 ਤੋਂ ਦੇ ਬੜੀ ਭਾਰੀ ਗਿਣਤੀ ਵਿੱਚ ਕਿਸਾਨਾਂ ਨੇ ਹਰਿਆਣੇ ਦੀ ਸਰਕਾਰ ਵਲੋਂ ਕਈ ਪ੍ਰਕਾਰ ਦੀਆਂ ਰੋਕਾਂ ਤੋੜਦੇ ਹੋਏ ਪੁਲੀਸ ਦਾ ਹਰੇਕ ਪ੍ਰਕਾਰ ਦਾ ਜਬਰ ਸਹਿੰਦੇ ਹੋਏ ਦਿੱਲੀ ਨੂੰ ਚਾਰੇ ਤਰਫ਼ੋਂ ਘੇਰ ਰਖਿਆ ਹੈ।ਹਰਿਆਣੇ ਦੇ ਕਿਸਾਨਾਂ ਨੇ ਆਪਣੇ ਸਾਰੇ ਮੱਤ ਭੇਦ ਭੁੱਲਾ ਕੇ ਇਹ ਜਾਣ ਕੇ ਕਿ ਪੰਜਾਬ ਸਾਡਾ ਵੱਡਾ ਭਰਾ ਹੈ, ਅਸੀਂ ਕਿਸਾਨ ਪਹਿਲੇ ਹਾਂ ਸੰਘਰਸ਼ ਕਰਦੇ ਆ ਰਹੇ ਹਨ। ਇਹ ਲਹਿਰ ਇੰਨੀ ਬੁਲੰਦ ਹੋਈ ਕਿ ਅੱਜ ਇਸ ਸੰਘਰਸ਼ ਵਿੱਚ ਸਾਰੇ ਭਾਰਤ ਦੇ ਕਿਸਾਨ ਬੜੀ ਦ੍ਰਿੜ੍ਹਤਾ ਨਾਲ ਭਾਗ ਲੈ ਰਹੇ ਹਨ। ਇਸ ਸਮੇਂ ਇਹ ਅੰਦੋਲਨ ਇਕੱਲ ਭਾਰਤ ਦੇ ਕਿਸਾਨਾਂ ਦਾ ਨਾ ਹੋ ਕੇ ਕੌਮਾਂਤਰੀ ਪੱਧਰ ਦੇ ਕਿਸਾਨਾਂ ਦਾ ਅੰਦੋਲਨ ਬਣ ਗਿਆ। ਜਿਸ ਵਿਚ ਹਰ ਵਰਗ ਦੇ ਲੋਕ ਕਹਿਰਾਂ ਦੀ ਸਰਦੀ ਵਿੱਚ ਮਾਸੂਮ ਨੰਨੇ ਮੁੰਨੇ ਬੱਚਿਆਂ ਤੋਂ ਲੈ ਕੇ 90-92 ਸਾਲ ਦੇ ਬਜ਼ੁਰਗ ਔਰਤਾਂ, ਮਰਦ ਤਕ ਇਸ ਅੰਦੋਲਨ ਵਿੱਚ ਭਾਗ ਲੈ ਰਹੇ ਹਨ। ਦੇਸ਼ ਵਿਦੇਸ਼ ਦੀਆਂ ਸਮਾਜ ਸੇਵੀ ਜਥੇਬੰਦੀਆਂ ਖਾਲਸਾ ਏਡ ਵਰਗੀਆਂ ਅਨੇਕਾਂ ਸੰਸਥਾਵਾਂ ਦਿਲ ਖੋਹਲ ਕੇ ਇਸ ਘੋਲ ਵਿੱਚ ਹਰ ਪੱਖੋਂ ਕਿਸਾਨਾਂ ਦੀ ਮਦਦ ਕਰ ਰਹੀਆਂ ਹਨ। ਇਸ ਸੰਘਰਸ਼ ਵਿੱਚ ਹੁਣ ਤਕ ਲਗ ਭਗ 40 ਦੇ ਕਰੀਬ ਵੱਖ ਵੱਖ ਪ੍ਰਾਂਤਾਂ ਦੇ ਬਜ਼ੁਰਗ ਕਿਸਾਨ ਕਹਿਰਾਂ ਦੀ ਸਰਦੀ ਕਾਰਨ ਉਪਜੀਆਂ ਬਿਮਾਰੀਆਂ ਅਤੇ ਕੁਝ ਭਰ ਜੁਆਨੀ ਵਿੱਚ ਦੁਰਘਟਨਾਵਾਂ ਵਾਪਰਨ ਕਾਰਨ ਸ਼ਹੀਦੀਆਂ ਪਾ ਚੁੱਕੇ ਹਨ। ਪਰ ਸਰਕਾਰ ਸਿਖਰਾਂ ਦੀ ਜਾਲਮ,ਨਿਰਦਈ ਤੇ ਬੇਦਰਦ ਬਣ ਕੇ ਮੂਕ ਤਮਾਸ਼ਾ ਵੇਖ ਰਹੀ ਹੈ। ਪਿਛਲੇ ਸਮੇਂ ਤੋਂ ਇਕ ਗੱਲ ਸੁਣੀ ਜਾਂਦੀ ਸੀ ਕਿ "ਰੋਮ ਸੜ੍ਹ ਰਿਹਾ ਸੀ, ਨੀਰੂ ਆਪਣੀ ਬੰਸ਼ਰੀ ਵਜਾ ਰਿਹਾ ਸੀ"। ਇਸ 'ਮੋਦੀ' ਨਾਂ ਦੇ ਜਾਬਰ ਬਣੇ ਹਾਕਮ ਨੇ ਦੇਸ਼ ਦੀ ਹਾਲਤ ਬਿਲਕੁਲ ਇਸ ਤਰਾਂ ਦੀ ਬਣਾ ਦਿੱਤੀ ਹੈ। ਇਹਨਾਂ ਕਿਸਾਨਾਂ ਦੀ ਫਰਿਆਦ. ਪੁਕਾਰ ਸੁਣਨ ਵਾਲਾ ਕੋਈ ਨਹੀਂ, ਸਰਕਾਰ ਦਾ ਰਵਈਆ ਲੋਕ ਪੱਖੀ ਨਾ ਹੋ ਕੇ ਹੈਂਕੜਬਾਜ ਤਾਨਾਸ਼ਾਹ ਵਾਲਾ ਬਣ ਚੁੱਕਾ ਹੈ। ਸਰਕਾਰ ਤੇ ਭਾਜਪਾ ਵਾਲੇ ਬੜੀ ਬੇਸ਼ਰਮੀ ਨਾਲ ਇਹ ਕਹਿ ਰਹੇ ਹਨ ਕਿ ਇਹ ਕਾਨੂੰਨ ਕਿਸਾਨ ਪੱਖੀ ਹਨ, ਜਦੋਂ ਕਿ ਕਿਸਾਨਾਂ ਤੋਂ ਬਿਨਾ ਸੁਪਰੀਮ, ਹਾਈ ਕੋਰਟਾਂ ਦੇ ਸਾਬਕਾ ਜੱਜ, ਉੱਚ ਵਕੀਲ, ਕਿਸਾਨੀ ਅਰਥ ਸ਼ਾਸਤਰੀਆਂ ਆਦਿ ਬਹੁਤ ਸਾਰੀਆਂ ਜਥੇਬੰਦੀਆਂ ਨੇ ਸ਼ਰੇਆਮ ਇਨ੍ਹਾਂ ਬਿੱਲਾਂ ਨੂੰ ਕਿਸਾਨ ਮਾਰੂ ਆਖ ਕੇ ਇਨ੍ਹਾਂ ਨੂੰ ਵਾਪਿਸ ਲੈਣ ਦੀ ਮੰਗ ਕਰ ਰਹੇ ਹਨ। ਸਰਕਾਰ ਨੇ ਹੁਣ ਤਕ ਕਿਸਾਨਾਂ ਨਾਲ ਪੰਜ ਛੇ ਮੀਟਿੰਗਾਂ ਕਰ ਲਈਆਂ ਹਨ। ਕਿਸਾਨ ਆਗੂਆਂ ਨੇ ਸਰਕਾਰ ਦੇ ਮੰਤਰੀਆਂ ਨੂੰ ਤਰਕ ਨਾਲ ਦਸ ਦਿੱਤਾ ਹੈ ਕਿ ਬਿੱਲ ਕਿਸਾਨ ਵਿਰੋਧੀ ਹਨ, ਇਹ ਵਾਪਿਸ ਲਏ ਜਾਣ ਉਨ੍ਹਾਂ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ "ਖੇਤੀਬਾੜੀ" ਪ੍ਰਾਂਤਾਂ ਦਾ ਵਿਸ਼ਾ ਹੈ ਇਸ ਤੇ ਕੇਂਦਰ ਦੀ ਸਰਕਾਰ ਕਾਨੂੰਨ ਨਹੀਂ ਬਣਾ ਸਕਦੀ। ਪਰ ਦੇਸ਼ ਦਾ ਪ੍ਰਧਾਨ ਮੰਤਰੀ ਇਸ ਦੇ ਬਾਵਜੂਦ ਬੜੀ ਬੇਸ਼ਰਮੀ ਨਾਲ ਕਹਿੰਦਾ ਆ ਰਿਹਾ ਹੈ ਕਿ ਮੈਂ ਕਿਸਾਨਾਂ ਦਾ ਭੱਲਾ ਚਾਹੁੰਦਾ ਹਾਂ ਕਿਸਾਨਾਂ ਨੂੰ ਦੇਸ਼ ਦੀਆਂ ਵਿਰੋਧੀ ਪਾਰਟੀਆਂ ਨੇ ਉਕਸਾਇਆ ਹੋਇਆ।ਦੂਸਰੀ ਤਰਫ਼ ਕਿਸਾਨਾਂ ਨਾਲ ਮੀਟਿੰਗਾਂ ਕਰਨ ਵਾਲੇ ਸਰਕਾਰ ਦੇ ਮੰਤਰੀ ਇਹ ਮੰਨ ਚੁੱਕੇ ਹਨ ਕਿ ਬਿੱਲਾਂ ਵਿੱਚ ਨੁਕਸ ਹਨ ਅਸੀਂ ਇਸ ਵਿੱਚ ਸਾਰੀਆਂ ਸੋਧਾਂ ਕਰਨ ਲਈ ਤਿਆਰ ਹਾਂ, ਜਿੰਨੀਆਂ ਮਰਜ਼ੀ ਕਰਾ ਲਓ। ਪਰ ਸਰਕਾਰ ਸੰਵਿਧਾਨਿਕ ਗਲਤੀ ਨੂੰ ਮੰਨ ਕੇ ਫਿਰ ਵੀ ਬਿੱਲਾਂ ਨੂੰ ਰੱਦ ਨਹੀਂ ਕਰ ਰਹੀ। ਕਿਸਾਨਾਂ ਨੂੰ ਖਦਸ਼ਾ ਹੈ ਕਿ ਜੇਕਰ ਬਿੱਲ ਰੱਦ ਨਾ ਕੀਤੇ ਗਏ ਤਾਂ ਸਰਕਾਰ ਕਿਸੇ ਵੇਲੇ ਵੀ ਇਨ੍ਹਾਂ ਦਾ ਦੁਰਉਪਯੋਗ ਕਰਕੇ ਸਮੱਸਿਆ ਪੈਦਾ ਕਰ ਸਕਦੀ ਹੈ।

ਸਰਕਾਰ ਨੇ ਇਨ੍ਹਾਂ ਬਿੱਲਾਂ ਨੂੰ ਪਾਸ ਕਰਨ ਵੇਲੇ ਨਾ ਲੋਕ ਸਭਾ ਵਿੱਚ ਬਹਿਸ ਕਰਾਈ, ਰਾਜ ਸਭਾ ਵਿੱਚ ਬਹੁ ਮੱਤ ਨਾ ਹੁੰਦਿਆਂ ਹੋਇਆਂ ਧੱਕੇ ਨਾਲ, ਲੋਕ ਤੰਤਰੀ ਸਿਸਟਮ ਦਾ ਘਾਣ ਕਰਕੇ ਉਪਹਾਸ ਹੈ, ਪਾਸ ਹੈ ਉਦਾ ਰੌਲਾ ਪੁਆ ਕੇ ਇਨ੍ਹਾਂ ਬਿੱਲ ਨੂੰ ਜਬਰੀ ਪਾਸ ਕੀਤਾ। ਸੰਸਾਰ ਵਿਚ ਜਿਥੇ ਵੀ ਝਾਤ ਮਾਰ ਲਉ ਭਾਰਤੀ ਹਕੂਮਤ ਦੀ ਨਿੰਦਾ ਹੋ ਰਹੀ ਹੈ। ਇਸ ਤੋਂ ਵੱਡੀ ਭਾਰਤ ਸਰਕਾਰ ਦੇ ਹਾਕਮਾਂ ਖਾਸ ਕਰਕੇ ਪ੍ਰਧਾਨ ਮੰਤਰੀ ਮੋਦੀ ਲਈ ਨਮੋਸ਼ੀ ਵਾਲੀ ਗੱਲ ਕੀ ਹੋ ਸਕਦੀ ਹੈ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਭਾਰਤ ਦੀ ਮੋਦੀ ਸਰਕਾਰ ਵਲੋਂ ਗਣਤੰਤਰ ਦਿਵਸ ਦੇ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਜੋ ਸਦਾ ਦਿੱਤਾ ਸੀ ਉਨ੍ਹਾਂ ਨੇ ਇਹ ਕਹਿ ਕੇ ਭਾਰਤ ਆਉਣ ਤੋਂ ਠੁਕਰਾ ਦਿੱਤਾ ਹੈ ਕਿ ਇਸ ਦੇਸ਼ ਦੀ ਸਰਕਾਰ ਗੈਰ ਜਮਹੂਰੀ ਢੰਗ ਅਪਣਾ ਕੇ ਕਿਸਾਨਾਂ ਨਾਲ ਵੱਡਾ ਧੱਕਾ ਤੇ ਬੇਇਨਸਾਫ਼ੀ ਕਰਦੀ ਆ ਰਹੀ ਹੈ। ਇਹ ਹੀ ਨਹੀਂ ਕਿ ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੇ 95 ਸਾਲਾ ਰਾਸ਼ਟਰਪਤੀ ਜਿਮੀ ਕਾਰਟਰ ਨੇ ਕਿਸਾਨ ਜਥੇਬੰਦੀਆਂ ਦੇ ਆਗੂ ਸ੍ਰ ਬਲਬੀਰ ਸਿੰਘ ਰਾਜੇਵਾਲਾ ਨੂੰ ਮੈਸਿਜ ਭੇਜ ਕੇ ਕਿਹਾ ਹੈ ਕਿ ਭਾਰਤ ਦੇ ਸਭ ਤੋਂ ਮਜਬੂਤ ਕਹੇ ਜਾਂਦੇ ਲੋਕਤੰਤਰ ਦਾ ਸੰਸਾਰ ਵਿੱਚ ਦਿਵਾਲਾ ਨਿਕਲ ਰਿਹਾ ਹੈ। ਜਿਸ ਤਰਾਂ ਦਾ ਸਰਕਾਰ ਨੇ ਆਪਣਾ ਰਵਈਆ ਅਪਣਾਇਆ ਹੋਇਆ ਹੈ। ਜੇਕਰ ਦੇਸ਼ ਦੇ ਲੋਕਾਂ ਨੇ ਇਸ ਵਿਰੁੱਧ ਚੁੱਪ ਧਾਰੀ ਰੱਖੀ ਤਾਂ ਦੇਸ਼ ਵਿਚ ਵੱਡੇ ਪੱਧਰ ਤੇ ਅਹਿੰਸਾ ਫੈਲ ਸਕਦੀ ਹੈ। ਦੇਸ਼ ਦੀ ਹਾਲਤ ਇਸ ਸਮੇਂ ਜੋ ਸਰਕਾਰ, ਭਾਰਤੀ ਜਨਤਾ ਪਾਰਟੀ ਤੇ ਉਸ ਦੇ ਕੱਟੜ ਹਿੰਦੂਤਵੀਆਂ ਨੇ ਬਣਾ ਦਿੱਤੀ ਹੈ, ਉਹ ਚਾਹੁੰਦੇ ਹਨ ਕਿ ਦੇਸ਼ ਵਿੱਚ ਹਿੰਸਾ ਫੈਲੇ ।

ਸਰਕਾਰ ਦੇਸ ਵਿੱਚ ਖਾਨਾ ਜੰਗੀ ਕਰਾ ਕੇ ਕਿਸਾਨੀ ਅੰਦੋਲਨ ਨੂੰ ਕੁਚਲਨਾ ਚਾਹੁੰਦੀ ਹੈ। ਕਿਸਾਨ ਜਥੇਬੰਦੀਆਂ ਨੇ ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਕਿਸਾਨਾਂ ਜਿਨ੍ਹਾਂ ਨੇ ਦਿਲੀ ਦੇ ਸੱਤੇ ਬਾਰਡਰਾਂ ਨੂੰ ਘੇਰਿਆ ਹੋਇਆ ਉਨ੍ਹਾਂ ਦੀਆਂ ਸਾਰੇ ਬਾਰਡਰਾਂ ਵਿੱਚ ਲਗ ਭਗ 10 ਕਿਲੋਮੀਟਰ ਤੋਂ ਲੈ ਕੇ 5 ਕਿਲੋਮੀਟਰ ਤਕ ਕਿਸਾਨਾਂ ਦੀਆਂ ਟਰਾਲੀਆਂ ਹੀ ਟਰਾਲੀਆਂ ਲੱਗੀਆਂ ਹੋਈਆਂ ਹਨ।

ਉਨ੍ਹਾਂ ਨੇ ਸਾਰੇ ਕਿਸਾਨਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕਰਨ ਦੇ ਨਾਲ ਉਹ ਇਸ ਤੇ ਸਖ਼ਤ ਨਾਲ ਪਹਿਰਾ ਦੇਂਦੇ ਹੋਏ ਬਕਾਇਦਾ ਤੌਰ ਤੇ ਇਹ ਵੀ ਆਖ ਰਹੇ ਹਨ ਕਿ ਜ਼ਾਬਤੇ ਵਿੱਚ ਰਹਿ ਕੇ ਸਰਕਾਰ ਪ੍ਰਤੀ ਰੋਸ ਦਾ ਪ੍ਰਗਟਾਵਾ ਕੀਤਾ ਜਾਵੇ।ਦੂਸਰੀ ਤਰਫ਼ ਸਰਕਾਰ ਵਲੋਂ ਕਈ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ ਕਿ ਕਿਸ ਤਰਾਂ ਇਸ ਅੰਦੋਲਨ ਨੂੰ ਹਿੰਸਕ ਕੀਤਾ ਜਾ ਸਕਦਾ ਹੈ?

ਦੇਸ਼ ਦੀ ਆਰਥਕ ਪਾਲਿਸੀ ਤੇ ਗਲਤ ਨੀਤੀਆਂ ਕਰਕੇ ਦੇਸ਼ ਦੀ ਹਾਲਤ ਪਹਿਲਾਂ ਹੀ ਬੁਰੀ ਤਰਾਂ ਖਸਤਾ ਹੋ ਚੁੱਕੀ ਹੈ। ਇਸ ਅੰਦੋਲਨ ਨੂੰ ਹਠੀ ਰਵਈਆ ਧਾਰਨ ਕਰਕੇ ਹੱਲ ਨਾ ਕਰਨ ਕਰਕੇ ਦੇਸ਼ ਦੀ ਆਰਥਕ ਹਾਲਤ ਨੂੰ ਹੋਰ ਗੰਭੀਰ ਬਣਾਇਆ ਜਾ ਰਿਹਾ ਹੈ। ਨੋਟ ਬੰਦੀ , ਜੀ ਐਸ ਟੀ, ਕਰੋਨਾ ਬਿਮਾਰੀ, ਸਰਕਾਰੀ ਖੇਤਰ ਦੇ ਅਦਾਰਿਆਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਕਾਰਨ ਕਰੋੜਾਂ ਲੋਕ ਬੇਰੁਜ਼ਗਾਰ ਹੋ ਚੁੱਕੇ ਹਨ।

ਇੰਝ ਲਗ ਰਿਹਾ ਹੈ ਕਿ ਜਿਵੇਂ ਸਰਕਾਰ ਵਿੱਚ ਕੋਈ ਵੀ ਸਮਝਦਾਰ ਆਗੂ ਨਹੀਂ ਹੈ, ਜੋ ਮੂਰਖ ਮਤੀ ਆਗੂ ਪ੍ਰਧਾਨ ਮੰਤਰੀ "ਮੋਦੀ" ਨੂੰ ਸਮਝਾਉਣ ਦੇ ਸਮਰੱਥ ਹੋਵੇ ਜੋ ਧੜੱਲੇ ਨਾਲ ਉਸ ਨੂੰ ਕਹਿ ਸਕੇ ਕਿ ਉਹ ਆਪਣੀ ਫੋਕੀ ਤਾਨਾਸ਼ਾਹ ਨੀਤੀ ਛੱਡ ਕੇ ਕਿਸਾਨ ਜਥੇਬੰਦੀਆਂ ਨੂੰ ਬੁਲਾ ਕੇ ਸਪਸ਼ਟ ਕਰ ਦੇਵੇ ਕਿ ਜੇ ਕਰ ਇਹ ਬਿੱਲ ਕਿਸਾਨਾਂ ਨੂੰ ਪ੍ਰਵਾਨ ਨਹੀਂ ਤਾਂ ਉਹ ਇਨ੍ਹਾਂ ਸਾਰੇ ਬਿੱਲਾਂ ਨੂੰ ਰੱਦ ਕਰਦੇ ਹਨ ਜੇ ਕਰ ਬਿੱਲ ਬਣਾਉਣ ਦੀ ਫਿਰ ਭੀ ਜਰੂਰਤ ਹੋਈ ਤਾਂ ਉਹ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਬੁਲਾ ਕੇ ਉਨ੍ਹਾਂ ਦੀ ਰਜਾ ਮੰਦੀ ਨਾਲ ਮਿਲ ਬੈਠ ਕੇ ਨਵੇਂ ਕਾਨੂੰਨ ਬਣਾਉਣ ਗੇ।ਅਜਿਹਾ ਕਰਨ ਨਾਲ ਸਰਕਾਰ ਦਾ ਮਾਣ ਹੋਰ ਵਧੇਗਾ। ਇਹ ਹੀ ਇਸ ਸਮੇਂ ਦੇਸ਼ ਦੇ ਹਿੱਤ ਵਿਚ ਹੈ।

ਕਿਸਾਨ ਮਜ਼ਦੂਰ ਏਕਤਾ

# ਕਿਸਾਨ ਮਜ਼ਦੂਰ ਇਤਿਹਾਸਕ ਘੋਲ ਦੇ ਹੱਕ ਵਿਚ ਰੋਸ ਧਰਨਾ



ਗਜ਼ਟਿਡ ਅਤੇ ਨਾਨ ਗਜ਼ਟਿਡ ਐਸ. ਸੀ. ਬੀ. ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ, ਐਸ. ਸੀ. ਬੀ. ਸੀ. ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ, ਪੰਜਾਬ ਅਤੇ ਅੰਬੇਡਕਰ ਮਿਸ਼ਨ ਕਲੱਬ ਰਜਿ. ਪੰਜਾਬ ਵੱਲੋਂ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਲੋਦਲ ਦੀ ਅਗਵਾਈ ਹੇਠ ਸਮੂਹ ਜ਼ਿਲ੍ਹਾ ਅਹੁਦੇਦਾਰਾਂ ਵੱਲੋਂ ਕਿਸਾਨ ਮਜ਼ਦੂਰ ਇਤਿਹਾਸਕ ਘੋਲ ਦੇ ਹੱਕ ਵਿਚ ਮਿੰਨ ਸਕੱਤਰੇਤ ਹੁਸ਼ਿਆਰਪੁਰ ਵਿਖੇ ਰੋਸ ਧਰਨਾ ਦਿੱਤਾ। ਇਸ ਰੋਸ ਧਰਨੇ ਵਿਚ ਵੱਖ-ਵੱਖ ਬੁਲਾਰਿਆਂ ਨੇ ਰੋਸ ਪ੍ਰਗਟ ਕਰਦਿਆਂ ਖੇਤੀ ਬਿਲਾਂ ਵਿਰੁਧ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਕੀਤੇ ਜਾ ਰਹੇ ਵਿਸ਼ਾਲ ਸੰਘਰਸ਼ ਦੀ ਪੂਰਨ ਹਮਾਇਤ ਕਰਦਿਆਂ ਕੇਂਦਰ ਦੀ ਮੋਦੀ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਤੁਰੰਤ ਪ੍ਰਵਾਨ ਕਰਕੇ ਕਾਲੇ ਕਾਨੂੰਨਾਂ ਨੂੰ ਰੱਦ ਕਰਕੇ ਸਾਡੇ ਭਾਰਤ ਵਿਚ ਫੈਲੇ ਬੇਚੈਨੀ ਨੂੰ ਠੱਲ੍ਹ ਪਾਵੇ।

# ਮਿਸ਼ਨਰੀ ਗਾਇਕ ਜੀਵਨ ਮਹਿਮੀ ਦਾ ਸਿੰਗਲ ਟਰੈਕ ਮੈਂ ਸੰਵਿਧਾਨ ਬੋਲਦਾ ਹਾਂ ਰਿਲੀਜ਼



**ਫਗਵਾੜਾ, (ਬੀ ਕੇ ਰੱਤੂ)** ਮਿਸ਼ਨਰੀ ਗਾਇਕ ਜੀਵਨ ਮਹਿਮੀ ਆਪਣਾ ਸਿੰਗਲ ਟਰੈਕ "ਮੈਂ ਸੰਵਿਧਾਨ ਬੋਲਦਾ ਹਾਂ" ਲੈ ਕੇ ਸਰੋਤਿਆਂ ਦੀ ਕਚਹਿਰੀ ਚ ਹਾਜ਼ਰ ਹੈ। ਇਸ ਗੀਤ ਦੇ ਲੇਖਕ ਪਵਿੱਤਰ ਸਿੰਘ ਸੰਗਰੂਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ "ਮੈਂ ਸੰਵਿਧਾਨ ਬੋਲਦਾ ਹਾਂ " ਗੀਤ ਨੂੰ ਮਿਸ਼ਨਰੀ ਗਾਇਕ ਜੀਵਨ ਮਹਿਮੀ ਨੇ ਗਾਇਆ ਹੈ। ਇਸਦਾ ਮਿਊਜ਼ਿਕ ਜਗਤਾਰ ਸਿੰਘ ਨੇ ਬਹੁਤ ਹੀ ਵਧੀਆ ਢੰਗ ਨਾਲ ਤਿਆਰ ਕੀਤਾ ਹੈ ਅਤੇ ਵੀਡੀਓ ਬ੍ਰਦਰਜ਼ ਸਟੂਡੀਓ ਪ੍ਰੋਡਕਸ਼ਨ ਵੱਲੋਂ ਤਿਆਰ ਕੀਤੀ ਗਈ ਹੈ। "ਮੈਂ ਸੰਵਿਧਾਨ ਬੋਲਦਾ ਹਾਂ " ਸਿੰਗਲ ਟਰੈਕ ਨੂੰ ਪ੍ਰਸਿੱਧ ਗੀਤਕਾਰ ਤੇ ਐਮ ਟਰੈਕ ਇੰਟਰਟੇਨਮੈਂਟ ਕੰਪਨੀ ਦੇ ਮਾਲਕ ਮੱਖਣ ਲੁਹਾਰ ਯੂ ਐਸ ਏ ਵੱਲੋਂ ਵੱਡੇ ਪੱਧਰ ਤੇ ਰਿਲੀਜ਼ ਕੀਤਾ ਹੈ। ਪਵਿੱਤਰ ਸਿੰਘ ਨੇ ਦੱਸਿਆ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੀ ਸਖ਼ਤ ਮਿਹਨਤ ਸਦਕਾ ਭਾਰਤ ਦਾ ਸੰਵਿਧਾਨ ਤਿਆਰ ਕਰਕੇ ਭਾਰਤ ਦੇ ਹਰ ਨਾਗਰਿਕ ਨੂੰ ਕਾਨੂੰਨੀ ਹੱਕ ਲੈ ਕੇ ਦਿੱਤੇ ਪਰ ਅਫ਼ਸੋਸ ਦੀ ਗੱਲ ਹੈ ਕਿ ਭਾਰਤ ਦੇ ਲੋਕਾਂ ਨੇ ਭਾਰਤੀ ਸੰਵਿਧਾਨ ਨੂੰ ਪੜ੍ਹ ਕੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਉਨ੍ਹਾਂ ਕਿਹਾ ਕਿ "ਮੈਂ ਸੰਵਿਧਾਨ ਬੋਲਦਾ ਹਾਂ" ਸਿੰਗਲ ਟਰੈਕ ਦਾ ਸੁਨੇਹਾ ਹੈ ਕਿ ਮੈਨੂੰ ਮਨੂੰਵਾਦੀ ਸਰਕਾਰ ਸੰਵਿਧਾਨ ਬਦਲਣ ਨੂੰ ਫਿਰਦੀਆਂ ਹਨ, ਇਸ ਨੂੰ ਬਚਾਉਣ ਲਈ ਸਮਾਜ ਨੂੰ ਅੱਗੇ ਆਉਣਾ ਚਾਹੀਦਾ ਹੈ।

# 6 ਦਸੰਬਰ, 1964 ਦੇ ਰਿਪਬਲਿਕਨ ਮੋਰਚੇ ਦੇ ਸ਼ਹੀਦ ਰਾਮ ਪ੍ਰਕਾਸ਼



ਸ਼ਹੀਦ ਰਾਮ ਪ੍ਰਕਾਸ਼ ਇਕ ਅਜਿਹੇ ਇਤਿਹਾਸਕ ਅੰਦੋਲਨ ਵਿਚ ਸ਼ਹੀਦ ਹੋਇਆ ਜਿਹੜਾ ਕਿ ਦਲਿਤ ਵਰਗ ਦੇ ਸਦੀਆਂ ਤੋਂ ਚਲੇ ਆ ਰਹੇ ਬਦਤਰ ਜੀਵਨ ਵਿਚ ਸੁਧਾਰ ਲਿਆਉਣ ਲਈ ਰਿਪਬਲਿਕਨ ਪਾਰਟੀ ਵੱਲੋਂ ਕੁੱਲ ਹਿੰਦ ਜੇਲ੍ਹ ਭਰੋ ਅੰਦੋਲਨ 6 ਦਸੰਬਰ, 1964 ਨੂੰ ਸ਼ੁਰੂ ਕੀਤਾ ਗਿਆ ਸੀ।

ਰਿਪਬਲਿਕਨ ਪਾਰਟੀ ਕਿਉਂਕਿ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਚਲਾਏ ਮਿਸ਼ਨ ਨੂੰ ਅੱਗੇ ਵਧਾਉਣ ਲਈ ਅਰਥਾਤ ਦਲਿਤ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸੰਘਰਸ਼ ਵਿਚ ਕੁੱਦੀ ਸੀ, ਇਸ ਲਈ ਦਲਿਤ ਲੋਕਾਂ ਨੇ ਇਸ ਦਾ ਪੂਰਾ-ਪੂਰਾ ਸਾਥ ਦਿੱਤਾ। ਦੱਸਿਆ ਜਾਂਦਾ ਹੈ ਕਿ ਇਸ ਕੁੱਲ ਹਿੰਦ ਅੰਦੋਲਨ ਵਿਚ ਲੱਗਭੱਗ ਤਿੰਨ ਲੱਖ ਲੋਕ ਜੇਲ੍ਹੀਂ ਗਏ ਤੇ 14 ਇਸਤਰੀ-ਪੁਰਸ਼ਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਜਿਹਨਾਂ 14 ਮੰਗਾਂ ਨੂੰ ਲੈ ਕੇ ਇਹ ਅੰਦੋਲਨ ਸ਼ੁਰੂ ਕੀਤਾ ਗਿਆ ਸੀ, ਉਹਨਾਂ ਵਿਚੋਂ ਨਿਮਨ ਲਿਖਤ ਹਨ:-

* ਜ਼ਮੀਨ ਉਹਨਾਂ ਲੋਕਾਂ ਦੇ ਹੱਥਾਂ ਵਿਚ ਦਿੱਤੀ ਜਾਵੇ ਜੋ ਸਹੀ ਅਰਥਾਂ ਵਿਚ ਕਿਰਤੀ ਕਿਸਾਨ ਹਨ।
* ਬੰਜਰ ਅਤੇ ਨਿਕਾਸੀ ਜਮੀਨ ਬੇਜ਼ਮੀਨੇ ਖੇਤ ਮਜਦੂਰਾਂ ਵਿਚ ਵੰਡੀ ਜਾਵੇ।
* ਅਨਾਜ ਦੀ ਸਹੀ ਅਤੇ ਕਾਫੀ ਵੰਡ ਦਾ ਪ੍ਰਬੰਧ ਕੀਤਾ ਜਾਵੇ। ਵੱਧ ਰਹੀਆਂ ਕੀਮਤਾਂ 'ਤੇ ਕਾਬੂ ਪਾਇਆ ਜਾਵੇ।
* ਸਸਤੇ ਅਨਾਜ ਦੇ ਡਿੱਪੂ ਪਿੰਡਾਂ ਵਿਚ ਵੀ ਖੋਲ੍ਹੇ ਜਾਣ ਅਤੇ ਮਹਿੰਗਾਈ 'ਤੇ ਕਾਬੂ ਪਾਇਆ ਜਾਵੇ।
* ਬੈਂਕਾਂ ਦਾ ਕੌਮੀਕਰਨ ਕੀਤਾ ਜਾਵੇ।



## ਗੁਰਦਿਆਲ ਜੱਸਲ

* ਅਨਾਜ ਦਾ ਵਪਾਰ ਸਰਕਾਰ ਆਪਣੇ ਹੱਥਾਂ ਵਿਚ ਲਵੇ।
* ਝੁੱਗੀਆਂ ਅਤੇ ਝੌਂਪੜੀਆਂ ਵਿਚ ਰਹਿਣ ਵਾਲੇ ਕਿਰਤੀਆਂ ਦੀ ਹਾਲਤ ਸੁਧਾਰੀ ਜਾਵੇ। ਉਹਨਾਂ ਦੇ ਨਿਵਾਸ ਦਾ ਪ੍ਰਬੰਧ ਕੀਤੇ ਬਿਨਾਂ ਉਹਨਾਂ ਨੂੰ ਉਜਾੜਿਆ ਨਾ ਜਾਵੇ।
* ਘੱਟੋ-ਘੱਟ ਉਜ਼ਰਤ ਐਕਟ 1948 ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਜਾਵੇ।
* ਦੱਬੇ-ਕੁਚਲੇ ਲੋਕਾਂ 'ਤੇ ਢਾਹੇ ਜਾ ਰਹੇ ਅੱਤਿਆਚਾਰ ਬੰਦ ਕੀਤੇ ਜਾਣ।
* ਸ਼ਡਿਊਲਡ ਕਾਸਟ ਜਾਤੀਆਂ ਵਿਚੋਂ ਬਣੇ ਬੋਧੀਆਂ ਨੂੰ ਸ਼ਡਿਊਲਡ ਕਾਸਟ ਵਾਲੀਆਂ ਰਿਹਾਇਤਾਂ ਦਿੱਤੀਆਂ ਜਾਣ ਕਿਉਂਕਿ ਧਰਮ ਬਦਲਣ ਨਾਲ ਉਹਨਾਂ ਦੀ ਆਰਥਿਕ ਹਾਲਤ ਨਹੀਂ ਬਦਲ ਜਾਂਦੀ।
* ਛੂਆ-ਛਾਤ ਜੁਰਮ ਐਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ।
* ਪਾਰਲੀਮੈਂਟ ਦੇ ਸੈਂਟਰਲ ਹਾਲ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਫੋਟੋ ਲਗਾਈ ਜਾਵੇ।
* ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟ੍ਰਾਈਬਸ ਲੋਕਾਂ ਨੂੰ ਸਰਕਾਰੀ ਨੌਕਰੀਆਂ ਵਿਚ ਮੁਕੱਰਰ ਰਿਜ਼ਰਵੇਸ਼ਨ ਛੇਤੀ ਤੋਂ ਛੇਤੀ ਅਤੇ ਹਰ ਹਾਲਤ ਵਿਚ 1970 ਤੱਕ ਪੂਰੀ ਕੀਤੀ ਜਾਵੇ।

ਸ਼ਹੀਦ ਰਾਮ ਪ੍ਰਕਾਸ਼ ਕਿਉਂਕਿ ਗੁਰੂ ਰਵਿਦਾਸ ਜੀ ਤੇ ਬਾਬਾ ਸਾਹਿਬ ਅੰਬੇਡਕਰ ਦੇ ਮਿਸ਼ਨ ਤੋਂ ਪ੍ਰਭਾਵਿਤ ਸੀ, ਇਸ ਲਈ ਉਹ ਜ਼ਿਲ੍ਹਾ ਜਲੰਧਰ ਰਿਪਬਲਿਕਨ ਪਾਰਟੀ ਵੱਲੋਂ ਸੌਂਪੇ ਜਾਂਦੇ ਹਰ ਉਸ ਕੰਮ ਨੂੰ ਜ਼ਿੰਮੇਵਾਰੀ ਨਾਲ ਨਿਭਾਉਂਦਾ, ਜੋ ਪਾਰਟੀ ਵੱਲੋਂ ਉਸਨੂੰ ਕਿਹਾ ਜਾਂਦਾ। ਕੁਝ ਕਰ ਗੁਜ਼ਰਨ ਦੀ ਤਮੰਨਾ ਦਾ ਜਜ਼ਬਾ ਉਸ ਜੋਸ਼ੀਲੇ ਨੌਜਵਾਨ ਵਿਚ ਹਮੇਸ਼ਾ ਰਹਿੰਦਾ ਸੀ। ਭਾਵੇਂ ਉਸ ਦੀ ਘਰੇਲੂ ਹਾਲਤ ਬਹੁਤ ਮਾੜੀ ਸੀ। ਉਹ ਜਲੰਧਰ ਦੀ ਪੁਰਾਣੀ ਕਚਹਿਰੀ ਮੋਹਰੇ ਬੂਟ ਮੁਰੰਮਤ ਦਾ ਕੰਮ ਕਰਿਆ ਕਰਦਾ ਸੀ ਤੇ ਮਾਂ-ਬਾਪ, ਪਤਨੀ ਤੇ ਦੋ ਪੁੱਤਰਾਂ ਦਾ ਗੁਜ਼ਾਰਾ ਉਸਦੀ ਆਮਦਨ ਨਾਲ ਚਲਦਾ ਸੀ।

15 ਜੂਨ 1964 ਨੂੰ ਚੱਕ ਹਕੀਮ ਫਗਵਾੜਾ ਤੋਂ 101 ਸਾਈਕਲ ਸਵਾਰਾਂ ਦਾ ਜਥਾ ਦਿੱਲੀ ਲਈ ਰਵਾਨਾ ਹੋਇਆ ਤਾਂ ਜੋ ਆਪਣਾ ਮੰਗ ਪੱਤਰ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੂੰ ਦਿੱਤਾ ਜਾ ਸਕੇ। ਕੜਕਦੀ ਧੁੱਪ ਵਿਚ ਰਾਮ ਪ੍ਰਕਾਸ਼ ਆਪਣੇ ਸਾਥੀਆਂ ਨਾਲ 300 ਮੀਲ ਦਾ ਸਫਰ ਤਹਿ ਕਰਕੇ ਦਿੱਲੀ ਪੁੱਜਾ ਵਫਦ ਸਵਰਗੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਮਿਲਿਆ। ਗੱਲਬਾਤ ਸਿਰੇ ਨਾ ਚੜ੍ਹੀ, 51 ਵਿਅਕਤੀਆਂ ਜਿਹਨਾਂ ਵਿਚ ਰਾਮ ਪ੍ਰਕਾਸ਼ ਵੀ ਸ਼ਾਮਲ ਸੀ, ਨੇ 25 ਜੂਨ 1964 ਨੂੰ ਪ੍ਰਧਾਨ ਮੰਤਰੀ ਦੀ ਕੋਠੀ ਮੋਹਰੇ ਮਰਨ ਵਰਤ ਰੱਖ ਦਿੱਤਾ, ਜੋ 30 ਜੂਨ 1964 ਤੱਕ ਰਿਹਾ। ਰਾਮ ਪ੍ਰਕਾਸ਼ ਨੇ ਤਜਰਬਾ ਨਾ ਹੁੰਦਿਆਂ ਹੋਇਆਂ ਵੀ ਇਹ ਤਪੱਸਿਆ ਬੇਮਿਸਾਲ ਢੰਗ ਨਾਲ ਕੀਤੀ। ਸਰਕਾਰ ਨੇ ਭਰੋਸਾ ਦੁਆਇਆ ਤੇ ਇਹ ਮਰਨ ਵਰਤ ਖਤਮ ਕਰ ਦਿੱਤਾ ਗਿਆ।

6 ਦਸੰਬਰ 1964 ਨੂੰ ਜਦ ਰਿਪਬਲਿਕਨ ਅੰਦੋਲਨ ਸ਼ੁਰੂ ਹੋਇਆ ਤਾਂ ਰਾਮ ਪ੍ਰਕਾਸ਼ ਨੂੰ ਪਹਿਲੇ ਦਿਨ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ 25 ਮੀਲ ਦੂਰ ਲਿਜਾ ਕੇ ਛੱਡ ਦਿੱਤਾ ਗਿਆ, ਫਿਰ ਉਹ ਹਰ ਰੋਜ਼ ਸਾਥੀਆਂ ਸਮੇਤ ਗ੍ਰਿਫਤਾਰੀ ਦਿੰਦਾ ਰਿਹਾ ਤੇ ਪੁਲਿਸ ਉਸਨੂੰ ਫੜ ਕੇ ਦੂਰ-ਦੁਰਾਡੇ ਥਾਵਾਂ ਤੇ ਛੱਡ ਆਉਂਦੀ ਰਹੀ।

10 ਦਸੰਬਰ 1964 ਨੂੰ ਰਾਮ ਪ੍ਰਕਾਸ਼ ਬੜੇ ਜੋਸ਼ ਨਾਲ ਸਤਿਆਗ੍ਰਹੀਆਂ ਦੀ ਅਗਵਾਈ ਕਰਦਾ ਹੋਇਆ ਨਕੋਦਰ ਰੋਡ, ਜਲੰਧਰ ਸਥਿਤ ਪਾਰਟੀ ਦਫਤਰ ਤੋਂ ਪੁਰਾਣੀ ਕਚਹਿਰੀ ਮੋਹਰੇ ਪੁੱਜਾ, ਜਿਹਨਾਂ ਵਿਚ ਇਹਨਾਂ ਸੱਤਰਾਂ ਦਾ ਲੇਖਕ ਵੀ ਸ਼ਾਮਲ ਸੀ। ਅਸੀਂ ਕਾਲੇ ਬਿੱਲੇ ਲਾ ਕੇ ਨਾਅਰੇ ਲਾਉਂਦੇ ਜਾ ਰਹੇ ਸਾਂ ਕਿ ਪੁਲਿਸ ਨੇ ਸਾਨੂੰ ਘੇਰਾ ਪਾ ਲਿਆ ਤੇ ਸਾਡੇ ਉਤੇ ਡਾਂਗਾਂ ਵਰ-ਾਉਣੀਆਂ ਸ਼ੁਰੂ ਕਰ ਦਿੱਤੀਆਂ। ਰਾਮ ਪ੍ਰਕਾਸ਼ ਦੇ ਗੁੱਝੀਆਂ ਸੱਟਾਂ ਲੱਗੀਆਂ ਤੇ ਕੁਝ ਹੋਰਾਂ ਦੇ ਵੀ। ਸਾਨੂੰ ਪੁਲਿਸ ਵੈਨ ਵਿਚ ਬਿਠਾ ਕੇ ਪੁਲਿਸ ਲਾਈਨ ਲਿਆਂਦਾ ਗਿਆ, ਜਿੱਥੇ ਸਾਡੇ ਐਡਰੈਸ ਤੇ ਹੋਰ ਪੁੱਛ-ਪੜਤਾਲ ਕੀਤੀ ਗਈ ਤੇ ਫਿਰ ਗੱਡੀ ਨਵੀਆਂ ਕਚਹਿਰੀਆਂ ਕੋਲ ਰੋਕ ਦਿੱਤੀ ਗਈ। ਅਸੀਂ ਪੁਲਿਸ ਦੀ ਤਾਲਾਬੰਦ ਗੱਡੀ ਵਿਚ ਬੈਠੇ ਲਗਾਤਾਰ ਜੋਸ ਨਾਲ ਨਾਅਰੇ ਲਗਾ ਰਹੇ ਸੀ ਤਾਂ ਮੈਂ ਦੇਖਿਆ ਕਿ ਰਾਮ ਪ੍ਰਕਾਸ਼ ਜਿਸਨੂੰ ਪੁਲਿਸ ਡਾਂਗਾਂ ਨੇ ਬੇਹਾਲ ਕਰ ਦਿੱਤਾ ਸੀ, ਆਪਣੀਆਂ ਸੱਟਾਂ ਦੀ ਪਰਵਾਹ ਨਾ ਕਰਦਾ ਹੋਇਆ ਅਜੇ ਵੀ ਜੋਸ਼ ਨਾਲ ਨਾਅਰੇ ਲਗਾਉਂਦਾ ਸਾਡੀ ਅਗਵਾਈ ਕਰ ਰਿਹਾ ਸੀ।

ਰਾਤ ਕੋਈ 8 ਵਜੇ ਸਾਨੂੰ ਸੈਂਟਰਲ ਜੇਲ੍ਹ ਲਿਜਾਇਆ ਗਿਆ। ਰੋਟੀ ਆਦਿ ਖਾ ਲੈਣ ਬਾਅਦ ਸਾਨੂੰ ਜੇਲ੍ਹ ਦੇ ਸਿਪਾਹੀ ਨੇ ਦੱਸਿਆ ਕਿ ਤੁਹਾਡੇ ਤੋਂ ਪਹਿਲਾਂ ਗ੍ਰਿਫਤਾਰ ਹੋਏ ਸਤਿਆਗ੍ਰਹੀ ਵੀ ਇੱਥੇ ਹੀ ਹਨ। ਕੁਝ ਦੇਰ ਬਾਅਦ ਤੁਸੀਂ ਉਹਨਾਂ ਕੋਲ ਹੋਵੋਗੇ। ਅੱਗੇ ਲਿਖਿਆ ਸੀ '36 ਚੱਕੀਆਂ'। ਅੰਦਰ ਜਾਣ ਤੇ ਪਤਾ ਲੱਗਾ ਕਿ ਚੱਕੀਆਂ ਬੰਦ ਕਮਰਿਆਂ ਨੂੰ ਕਿਹਾ ਜਾਂਦਾ ਹੈ।

ਹਰ ਰੋਜ਼ ਸਤਿਆਗ੍ਰਹੀ ਆਉਂਦੇ ਗਏ ਤੇ ਚੱਕੀਆਂ ਭਰਦੀਆਂ ਗਈਆਂ। ਫਿਰ ਸਾਨੂੰ ਚੱਕੀਆਂ 'ਚੋਂ ਜਲੰਧਰ ਜੇਲ੍ਹ ਦੇ ਸੈਂਟਰ ਵਿਚ ਸਥਿਤ ਖੁੱਲ੍ਹੇ ਬੈਰਕਾਂ ਵਿਚ ਭੇਜ ਦਿੱਤਾ ਗਿਆ। ਜਿੱਥੋਂ ਬਾਹਰ ਗਰਾਊਂਡ ਵਿਚ ਰੋਜ਼ ਸਵੇਰੇ ਦਸ ਵਜੇ ਤੋਂ ਤਿੰਨ ਵਜੇ ਤੱਕ ਸੱਤਿਆਗ੍ਰਹੀ ਜਲਸਾ ਕਰਦੇ। ਲੀਡਰ ਭਾਸ਼ਣ ਕਰਦੇ, ਕਵੀ ਕਵਿਤਾਵਾਂ ਸੁਣਾਉਂਦੇ ਤੇ ਗੀਤਕਾਰ ਆਪਣੀ ਆਵਾਜ਼ ਨਾਲ ਸਭ ਦਾ ਮਨੋਰੰਜਨ ਕਰਦੇ ਤੇ ਸ੍ਰੀ ਪਿਆਰਾ ਰਾਮ ਧਿਆਨੋਵਾਲੀ ਵੱਲੋਂ ਅਖਬਾਰਾਂ 'ਚੋਂ ਖਬਰਾਂ ਆਦਿ ਪੜ੍ਹ ਕੇ ਸੁਣਾਈਆਂ ਜਾਂਦੀਆਂ।

ਉਸ ਸਮੇ ਦਲਿਤ ਲੋਕਾਂ ਨੂੰ ਰਿਪਬਲਿਕਨ ਪਾਰਟੀ ਨਾਲ ਖਾਸ ਸਨੇਹ ਸੀ ਤੇ ਉਸ ਵੱਲੋਂ ਚਲਾਏ ਅੰਦੋਲਨ ਨੂੰ ਸਫਲ ਬਣਾਉਣ ਲਈ, ਆਗੂਆਂ ਤੇ ਵਰਕਰਾਂ ਨੇ ਦਿਨ ਰਾਤ ਇਕ ਕੀਤਾ ਹੋਇਆ ਸੀ। ਕੌਮੀ ਪ੍ਰਵਾਨਿਆਂ ਨੇ ਆਪਣੇ ਘਰ-ਬਾਰ, ਨੌਕਰੀਆਂ, ਕਾਰੋਬਾਰ ਤੇ ਵਿਦਿਆਰਥੀਆਂ ਨੇ ਪੜ੍ਹਾਈ ਦੀ ਪਰਵਾਹ ਨਾ ਕਰਦਿਆਂ ਹੋਇਆਂ ਗ੍ਰਿਫਤਾਰੀਆਂ ਦਿੱਤੀਆਂ। ਕਿਤੇ ਜਲਦੀਆਂ ਮਿਸਾਲਾਂ ਨਾਲ ਜਲੂਸ, ਕਿਤੇ ਪਿੰਡ ਪਿੰਡ ਜਾ ਕੇ ਮੀਟਿੰਗਾਂ ਕਰਨੀਆਂ, ਫੰਡ ਇਕੱਠਾ ਕਰਨਾ ਤੇ ਲੋਕਾਂ ਨੂੰ ਗ੍ਰਿਫਤਾਰੀ ਦੇਣ ਲਈ ਪ੍ਰੇਰਿਤ ਕਰਨਾ, ਉਹਨਾਂ ਵਿਚ ਨਵੀਂ ਚੇਤਨਾ ਦਾ ਪ੍ਰਗਟਾਵਾ ਕਰਦੇ ਸਨ, ਦਲਿਤ ਲੋਕਾਂ ਦੀਆਂ ਇਸ ਅੰਦੋਲਨ ਨੂੰ ਸਫਲ ਬਣਾਉਣ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਜਦੋਂ ਰਾਤ ਨੂੰ ਨਾਹਰੇ ਲਗਾਉਂਦੇ ਸਤਿਆਗ੍ਰਹੀ ਜੇਲ੍ਹ ਵਿਚ ਆਉਂਦੇ ਤਾਂ ਅਸੀਂ ਵੀ ਉਹਨਾਂ ਦੇ ਸਵਾਗਤ ਲਈ ਜੇਲ੍ਹ ਦੀ ਗਰਾਊਂਡ ਵਿਚ ਇਕੱਠੇ ਹੁੰਦੇ ਤੇ ਨਾਅਰੇ ਲਗਾਉਂਦੇ।

ਰਾਮ ਪ੍ਰਕਾਸ਼ ਦੇ ਸਰੀਰ ਵਿਚ ਲੱਗੀਆਂ ਡਾਂਗਾਂ ਦੇ ਦਰਦ ਵਧਦੇ ਗਏ। ਜੇਲ੍ਹ ਦੇ ਡਾਕਟਰਾਂ ਨੇ ਪੂਰੀ ਕੋਸ਼ਿਸ਼ ਕੀਤੀ ਪਰ ਆਰਾਮ ਨਾ ਆਇਆ।

17 ਦਸੰਬਰ ਨੂੰ ਡਾਕਟਰ ਨੇ ਰਾਮ ਪ੍ਰਕਾਸ਼ ਨੂੰ ਸਿਵਲ ਹਸਪਤਾਲ ਭੇਜ ਦਿੱਤਾ। ਪੁਲਿਸ ਦਾ ਸਿਪਾਹੀ ਉਸਨੂੰ ਪੈਦਲ ਹੀ ਅੱਤ ਦੀ ਸਰਦੀ ਵਿਚ ਹਸਪਤਾਲ ਲਿਆਇਆ। ਸਾਰਾ ਦਿਨ ਉਸ ਨੂੰ ਪ੍ਰੇਸ਼ਾਨ ਕੀਤਾ ਗਿਆ ਤੇ ਸ਼ਾਮੀਂ ਉਦਾਂ ਹੀ ਵਾਪਸ ਲੈ ਆਇਆ ਤੇ ਕਹਿ ਦਿੱਤਾ ਕਿ ਸਬੰਧਤ ਡਾਕਟਰ ਦਾ ਅੱਜ ਰੋਗੀਆਂ ਨੂੰ ਦੇਖਣ ਦਾ ਦਿਨ ਨਹੀਂ ਹੈ। ਸ਼ਾਮ 4-5 ਵਜੇ ਰਾਮ ਪ੍ਰਕਾਸ਼ ਜੇਲ੍ਹ ਦੀ ਡਿਊੜੀ ਵਿਚ ਪਿਆ ਦਰਦਾਂ ਨਾਲ ਕਰਾਹ ਰਿਹਾ ਸੀ। ਜੇਲ੍ਹ ਦੇ ਡਾਕਟਰ ਨੇ ਉਸਨੂੰ ਉਸੇ ਸਮੇਂ ਸਟੈਚਰ ਤੇ ਪੁਆ ਕੇ ਫਿਰ ਹਸਪਤਾਲ ਪਹੁੰਚਾਇਆ ਤੇ ਆਪ ਵੀ ਨਾਲ ਗਿਆ।

ਸ੍ਰੀ ਲਾਹੌਰੀ ਰਾਮ ਬਾਲੀ ਐਡੀਟਰ ਭੀਮ ਪੱਤ੍ਰਕਾ ਆਪਣੇ ਲੇਖ ਵਿਚ ਲਿਖਦੇ ਹਨ ਕਿ 'ਰਾਮ ਪ੍ਰਕਾਸ਼ 10 ਦਿਨ ਹਸਪਤਾਲ ਵਿਚ ਰਿਹਾ। ਬਲਕਿ ਇਹ ਕਹਿਣਾ ਸਹੀ ਹੋਵੇਗਾ ਕਿ ਉਸਨੂੰ ਬੁੱਚੜਖਾਨੇ ਵਿਚ ਜਿਬਾਹ (ਕਤਲ) ਕੀਤਾ ਗਿਆ। ਨਾ ਦਵਾ-ਦਾਰੂ ਦਾ ਤਸੱਲੀਬਖਸ਼ ਪ੍ਰਬੰਧ ਸੀ ਤੇ ਨਾ ਕੋਈ ਚੰਗੀ ਤਰ੍ਹਾਂ ਉਸਦੀ ਦੇਖਭਾਲ ਕਰਦਾ ਸੀ। ਉਸ ਨਾਲ ਸਾਧਾਰਨ ਰੋਗੀਆਂ ਤੋਂ ਵੀ ਭੈੜਾ ਸਲੂਕ ਕੀਤਾ ਗਿਆ।

'ਰਾਮ ਪ੍ਰਕਾਸ਼ ਮੌਤ ਦੇ ਬਿਸਤਰ 'ਤੇ ਪਿਆ ਸੀ। ਉਸ ਵਿਚ ਉਠਣ-ਬੈਠਣ ਦੀ ਤਾਕਤ ਨਹੀਂ ਸੀ। ਅਜਿਹੀ ਹਾਲਤ ਵਿਚ ਵੀ ਉਸਨੂੰ ਜੰਜ਼ੀਰਾਂ ਨਾਲ ਜਕੜ ਕੇ ਰੱਖਿਆ ਗਿਆ ਸੀ ਤੇ ਇਕ ਇਕ ਪਲ ਕਰਕੇ ਮੌਤ ਵੱਲ ਧਕੇਲਿਆ ਜਾ ਰਿਹਾ ਸੀ, ਅਜਿਹੀ ਹਾਲਤ ਵਿਚ ਉਸਨੂੰ ਕਿਹਾ ਗਿਆ ਕਿ 'ਮੁਆਫੀ ਮੰਗ ਲਵੋ।' ਪਰ ਬਹਾਦਰ ਰਾਮ ਪ੍ਰਕਾਸ਼ ਦਾ ਇਕੋ ਹੀ ਜਵਾਬ ਸੀ- ਮੇਰੀ ਲਾਸ਼ ਤੋਂ ਮੰਗਵਾ ਲੈਣਾ।

28 ਦਸੰਬਰ ਨੂੰ ਜੇਲ੍ਹ ਵਿਚ ਸੰਦੇਸ਼ ਪੁੱਜਾ ਕਿ ਰਾਮ ਪ੍ਰਕਾਸ਼ ਚੱਲ ਵੱਸਿਆ ਹੈ। ਸਾਰੇ ਸਤਿਆਗ੍ਰਹੀਆਂ 'ਚ ਸ਼ੋਕ ਦੀ ਲਹਿਰ ਦੌੜ ਗਈ ਤੇ ਉਹ ਆਹਾਂ ਭਰਕੇ ਰੋਣ ਲੱਗੇ। ਤ੍ਰਿਕਾਲਾਂ ਦੀ ਰੋਟੀ ਵੀ ਕਿਸੇ ਨੇ ਨਾ ਖਾਧੀ।

ਸਿਵਲ ਹਸਪਤਾਲ ਵਿਚ ਪੁਲਿਸ ਨੇ ਰਾਤ ਭਰ ਜਨਤਾ ਨੂੰ ਪ੍ਰੇਸ਼ਾਨ ਕੀਤਾ। 29 ਦਸੰਬਰ ਨੂੰ ਰਾਮ ਪ੍ਰਕਾਸ਼ ਦਾ ਮ੍ਰਿਤਕ ਸਰੀਰ ਪਾਰਟੀ ਵਰਕਰਾਂ ਦੇ ਹਵਾਲੇ ਕੀਤਾ ਗਿਆ। ਇਕ ਦਰਸ਼ਕ ਨੇ ਦੱਸਿਆ ਕਿ ਸਿਵਲ ਹਸਪਤਾਲ 'ਚ ਅੱਜ ਤੱਕ ਇੰਨੀ ਭੀੜ ਇਕੱਤਰ ਨਹੀਂ ਸੀ ਹੋਈ ਜਿੰਨੀ ਕਿ ਰਾਮ ਪ੍ਰਕਾਸ਼ ਦੀ ਅਰਥੀ ਲਿਜਾਣ ਵੇਲੇ ਸੀ। ਉਸ ਦੀ ਅਰਥੀ ਨਾਲ ਇਕ ਬੇਮਿਸਾਲ ਜਲੂਸ ਸੀ ਸਭ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਡਾ. ਅੰਬੇਡਕਰ ਭਵਨ ਵਿਚ ਸ੍ਰੀ ਚਰਨ ਦਾਸ ਨਿਧੜਕ ਦੀ ਅਗਵਾਈ ਵਿਚ ਸ੍ਰੀ ਰਾਮ ਪ੍ਰਕਾਸ਼ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਰਾਮ ਪ੍ਰਕਾਸ਼ ਨੇ ਦਲਿਤਾਂ ਸਬੰਧੀ ਮੰਗਾਂ ਨੂੰ ਮਨਵਾਉਣ ਲਈ ਕੁਰਬਾਨੀ ਦਿੱਤੀ, ਡਾਂਗਾ ਖਾਧੀਆਂ ਤੇ ਸ਼ਹੀਦ ਹੋ ਗਿਆ, ਇਸ ਲਈ ਨਹੀਂ ਕਿ ਉਸਨੇ ਕੋਈ ਲੀਡਰ ਬਣਨਾ ਸੀ ਜਾਂ ਕੋਈ ਹੋਰ ਲਾਲਚ ਸੀ, ਉਸਨੂੰ ਬੱਸ ਇਕ ਇਹੀ ਖਾਹਿਸ਼ ਸੀ ਉਸਦੀ ਕਿ ਅੰਦੋਲਨ ਸਫਲ ਹੋ ਜਾਵੇ, ਅਸੀਂ ਤਾਂ ਜਿਹੜਾ ਘਾਹ ਖੋਤਦੇ ਹਾਂ ਖੋਤੀ ਜਾਣਾ ਹੈ, ਆਉਣ ਵਾਲੀਆਂ ਨਸਲਾਂ ਨੂੰ ਤਾਂ ਕੋਈ ਲਾਭ ਹੋਵੇਗਾ ਹੀ। ਉਹ ਤਾਂ ਪੜ੍ਹ ਲਿਖ ਕੇ ਚੰਗੇ ਇਨਸਾਨ ਬਣਨਗੇ ਤੇ ਸਦੀਆਂ ਤੋਂ ਚਲੀ ਆ ਰਹੀ ਲੁੱਟ-ਖਸੁੱਟ ਤੇ ਜਾਤੀ ਭੇਦਭਾਵ ਖਤਮ ਹੋ ਜਾਣਗੇ ਤੇ ਸਭ ਇਨਸਾਨ ਸੁਖੀ ਜੀਵਨ ਬਤੀਤ ਕਰਨਗੇ।

ਇਹ ਅੰਦੋਲਨ 64 ਦਿਨ ਚੱਲਿਆ। ਅਖੀਰ ਸਰਕਾਰ ਨੂੰ ਝੁਕਣਾ ਪਿਆ ਤੇ ਸਭ ਮੰਗਾਂ ਮੰਨ ਲਈਆਂ ਗਈਆਂ। ਸਭ ਸਤਿਆਗ੍ਰਹੀ ਰਿਹਾਅ ਹੋ ਕੇ ਖੁਸ਼ੀ ਖੁਸ਼ੀ ਘਰਾਂ ਨੂੰ ਪਰਤ ਆਏ ਤੇ ਮੋਰਚਾ ਸਰ ਕਰ ਲਿਆ ਹੈ। ਅੱਜ ਤੱਕ ਵੀ ਕਈ ਸਤਿਆਗ੍ਰਹੀਆਂ ਨੇ ਪਾਰਟੀ ਵੱਲੋਂ ਦਿੱਤੇ ਮਾਣ ਪੱਤਰ ਸਾਂਭ-ਸਾਂਭ ਰੱਖੇ ਹੋਏ ਹਨ ਤੇ ਕੁਝ ਮਾਣ ਪੱਤਰਾਂ ਸਮੇਤ ਇਸ ਦੁਨੀਆਂ ਤੋਂ ਸਦਾ ਲਈ ਜਾ ਚੁੱਕੇ ਹਨ।

ਸਰਕਾਰ ਨੇ ਰਿਪਬਲੀਕਨ ਮੋਰਚੇ ਨਾਲ ਸਬੰਧਤ ਕੁਝ ਮੰਗਾਂ ਤੇ ਅਮਲ ਕੀਤਾ, ਜਿਵੇਂ ਬਾਬਾ ਸਾਹਿਬ ਦਾ ਬੁੱਤ ਪਾਰਲੀਮੈਂਟ ਭਵਨ ਸਾਹਮਣੇ ਲਗਾ ਦਿੱਤਾ ਗਿਆ, ਵੱਡੀਆਂ ਬੈਂਕਾਂ ਦਾ ਕੌਮੀਕਰਨ ਹੋ ਗਿਆ, ਕੁਝ ਬੇਜ਼ਮੀਨੇ ਹਲਵਾਹਕਾਂ ਨੂੰ ਜ਼ਮੀਨਾਂ ਵੀ ਦਿੱਤੀਆਂ ਗਈਆਂ ਤੇ ਬੇਘਰਾਂ ਨੂੰ ਘਰ ਬਣਾ ਕੇ ਦੇਣ ਦੀਆਂ ਸਕੀਮਾਂ ਬਣਾਈਆਂ ਗਈਆਂ।

ਐਪਰ ਨਾ ਸਾਰੇ ਬੇਜ਼ਮੀਨੇ ਹਲਵਾਹਕਾਂ ਨੂੰ ਜ਼ਮੀਨਾਂ ਦਿੱਤੀਆਂ ਗਈਆਂ ਨਾ ਹੀ ਠੀਕ ਵੰਡ ਹੋ ਸਕੀ ਤੇ ਨਾ ਹੀ ਵੱਧ ਰਹੀਆਂ ਕੀਮਤਾਂ ਤੇ ਰੋਕ ਲਗਾਈ ਜਾ ਸਕੀ, ਨਾ ਗੰਦੀਆਂ ਬਸਤੀਆਂ ਦੇ ਸੁਧਾਰ ਹੋ ਸਕਿਆ ਤੇ ਨਾ ਹੀ ਜ਼ਮੀਨ ਉਹਦੀ ਹੋ ਸਕੀ ਜੋ ਇਸਨੂੰ ਵਾਹੁੰਦਾ ਹੈ। ਬੈਂਕਾਂ ਦੇ ਕੌਮੀਕਰਨ ਨਾਲ ਵੀ ਦਲਿਤ ਵਰਗ ਨੂੰ ਕੋਈ ਖਾਸ ਲਾਭ ਨਹੀਂ ਹੋ ਸਕਿਆ, ਅੱਜ ਵੀ ਦਲਿਤ ਲੋਕ ਝੌਂਪੜ ਪੱਟੀਆਂ ਵਿਚ ਰਹਿਣ ਲਈ ਮਜ਼ਬੂਰ ਹਨ, ਨਾ ਖੇਤ ਮਜ਼ਦੂਰਾਂ ਨੂੰ ਉਹਨਾਂ ਦੀ ਯੋਗ ਉਜ਼ਰਤ ਦਿਵਾਉਣ ਦਾ ਕੋਈ ਖਾਸ ਪ੍ਰਬੰਧ ਹੈ, ਨਾ ਨਵੇਂ ਬੋਧੀਆਂ ਨੂੰ ਦਲਿਤਾਂ ਵਰਗੇ ਸੰਵਿਧਾਨਕ ਹੱਕ ਮਿਲੇ। ਨਾ ਦਲਿਤਾਂ ਤੇ ਅੱਤਿਆਚਾਰ ਬੰਦ ਹੋਏ ਤੇ ਨਾ ਹੀ ਰਿਜ਼ਰਵੇਸ਼ਨ ਤੇ ਪੂਰੀ ਤਰ੍ਹਾਂ ਅਮਲ ਹੋਇਆ।

1964 ਦੇ ਮੋਰਚੇ ਤੋਂ ਬਾਅਦ ਰਿਪਬਲਿਕਨ ਪਾਰਟੀ ਵਜੋਂ ਇਕ ਪ੍ਰਮੁੱਖ ਰਾਜਨੀਤਿਕ ਪਾਰਟੀ ਉਭਰ ਕੇ ਸਾਹਮਣੇ ਆਈ। ਇਸ ਪਾਰਟੀ ਦੇ ਐਮ. ਪੀ., ਐਮ. ਐਲ. ਏ. ਤੇ ਮਿਊਂਸਪਲ ਕਮੇਟੀਆਂ ਵਿਚ ਮੈਂਬਰ ਚੁਣੇ ਗਏ।

ਜਦ ਪਾਰਟੀ ਤਾਕਤ ਫੜ ਗਈ ਤਾਂ ਨਾਲ ਹੀ ਕੁਝ ਲੀਡਰਾਂ ਵਿਚ ਚੌਧਰ ਦੀ ਲੜਾਈ ਸ਼ੁਰੂ ਹੋ ਗਈ। ਇਸ ਕਸ਼ਮਕਸ਼ ਵਿਚ ਇਹ ਗੱਲ ਭੁੱਲ ਹੀ ਗਏ ਕਿ ਜਿਹੜੀਆਂ ਮੰਗਾਂ ਏਨੀ ਕੁਰਬਾਨੀ ਨਾਲ ਮਨਾਈਆਂ ਗਈਆਂ ਹਨ, ਉਹਨਾਂ ਤੇ ਅਮਲ ਵੀ ਕਰਵਾਉਣਾ ਹੈ। ਸਿੱਟੇ ਵਜੋਂ 1969 ਨੂੰ ਰਿਪਬਲਿਕਨ ਪਾਰਟੀ ਦੋਫਾੜ ਹੋ ਗਈ। ਬੀ. ਡੀ. ਖੋਬਰਾਗਡੇ ਨੇ ਅਲੱਗ ਪਾਰਟੀ ਬਣਾ ਲਈ। ਪਾਰਟੀ ਦੇ ਪ੍ਰਮੁੱਖ ਆਗੂ ਬੀ. ਕੇ. ਗਾਇਕਵਾੜ, ਬੀ. ਡੀ. ਖੋਬਰਾਗਡੇ, ਬੀ. ਸੀ. ਕਾਬਲੇ, ਬੀ. ਪੀ. ਮੌਰੀਆ, ਐਲ. ਆਰ. ਬਾਲੀ, ਐਨ. ਆਰ. ਗਵਈ ਆਦਿ ਦੇ ਨਾਂ ਵਰਣਨਯੋਗ ਹਨ।

ਪਾਰਟੀ ਦੇ ਨੇਤਾ ਆਪਸ ਵਿਚ ਉਲਝਣ ਲੱਗੇ। ਉਹਨਾਂ ਵਿਚ ਮਤਭੇਦ ਵਧਦੇ ਗਏ। ਕੇਂਦਰ ਦੇ ਨੇਤਾਵਾਂ ਦਾ ਅਸਰ ਪੰਜਾਬ ਦੇ ਰਿਪਬਲਿਕਨ ਨੇਤਾਵਾਂ ਤੇ ਵੀ ਹੋਇਆ। ਇਹ ਵੀ ਦੋ ਹਿੱਸਿਆਂ ਵਿਚ ਵੰਡੇ ਗਏ ਤੇ ਸਾਲਾਂ ਤੋਂ ਕੀਤੀ ਪਾਰਟੀ ਵਰਕਰਾਂ ਦੀ ਮਿਹਨਤ ਬੇਕਾਰ ਗਈ।

ਪਾਰਟੀ ਦੇ ਜੋ ਉਘੇ ਆਗੂ ਬੀਤੇ ਸਮੇਂ ਵਿਚ ਪੰਜਾਬ ਵਿਚ ਸਰਗਰਮ ਰਹੇ ਹਨ, ਮੇਰੀ ਜਾਣਕਾਰੀ ਅਨੁਸਾਰ ਹੇਠ ਲਿਖੇ ਅਨੁਸਾਰ ਹਨ:-

ਸੇਠ ਕਿਸ਼ਨ ਦਾਸ ਬੂਟਾ ਮੰਡੀ, ਲਾਹੌਰੀ ਰਾਮ ਬਾਲੀ, ਕਰਮ ਚੰਦ ਬਾਠ, ਦੁਨੀ ਚੰਦ ਸ਼ਾਹਪੁਰੀ, ਚਰਨਦਾਸ ਨਿਧੜਕ, ਸੇਠ ਧੰਨੂ ਰਾਮ, ਪਿਆਰਾ ਰਾਮ ਧੈਨੋਵਾਲੀ, ਖੁਸ਼ੀ ਰਾਮ ਪ੍ਰਦੇਸੀ ਬਿਆਸ ਪਿੰਡ, ਚੌ: ਪ੍ਰਭਾਤੀ ਰਾਮ ਅੰਮ੍ਰਿਤਸਰ, ਡਾ. ਗੁਰਚਰਨ ਸਿੰਘ ਖੁਮਾਣੋ, ਚੌ: ਰੱਤੀ ਰਾਮ ਲੁਧਿਆਣਾ, ਹਜ਼ਾਰਾ ਰਾਮ ਬੋਧੀ, ਤਰਸੇਮ ਲਾਲ ਦੀਪਕ ਕਪੂਰਥਲਾ, ਕਰਤਾਰਾ ਰਾਮ ਮਿਢਾਸ, ਪ੍ਰੀਤਮ ਰਾਮਦਾਸਪੁਰੀ, ਦਰਸ਼ਨ ਲਾਲ ਕਲੇਰ ਬੂਟਾ ਮੰਡੀ, ਹੰਸ ਰਾਜ ਪਿੰਡ ਢੱਡਾ, ਓਮ ਪ੍ਰਕਾਸ਼ ਸਿੱਧਮ ਤਾਲ, ਸ਼ੰਕਰ ਦਾਸ ਬੱਧਣ ਰਾਮ ਨਗਰ, ਮੋਦਨ ਸਿੰਘ ਮੁਕਤਸਰ, ਦੌਲਤ ਰਾਮ ਹੁਸ਼ਿਆਰਪੁਰ, ਸੰਗੂ ਰਾਮ ਸੂੰਡ ਰਾਏਪੁਰ ਡੱਬਾ, ਠਾਕਰ ਦਾਸ ਨਸਰਾਲਾ, ਮਿਸਤਰੀ ਜਗਤ ਰਾਮ ਫਗਵਾੜਾ, ਪੰ: ਰਤਨ ਲਾਲ, ਅਮਨ ਚੈਨ ਪਿੰਡ ਤੱਲਣ, ਜੀਤ ਰਾਮ ਬੋਲੀਨਾ, ਲਾਲ ਚੰਦ ਕਮਲਾ ਰੇਰੂ, ਅਜੀਤ ਕੁਮਾਰ ਫੁਲਕਾ ਬਿਰਕਾਂ, ਤਰਸੇਮ ਲਾਲ ਡਰੌਲੀ, ਬਲਵੰਤ ਸਿੰਘ ਸਰਹਾਲ, ਜਗਤ ਰਾਮ ਫਗਵਾੜਾ, ਬਿਹਾਰੀ ਲਾਲ ਖਾਰ, ਦਾਸ ਰਾਮ ਸੂਦ, ਪ੍ਰਕਾਸ਼ ਰਾਮ ਜੱਸਲ, ਨਰਾਇਣ ਦਾਸ ਦੁੱਗਲ ਤੇ ਭਗਤ ਸਿੰਘ ਹਰੀਪੁਰ।

ਉਪਰੋਕਤ ਨੇਤਾਵਾਂ ਵਿਚ ਕੁਝ ਘਰੇਲੂ ਹਾਲਤਾਂ ਕਰਕੇ ਪਾਰਟੀ ਛੱਡ ਗਏ, ਕੁਝ ਦੂਜੀਆਂ ਪਾਰਟੀਆਂ ਵਿਚ ਕਿਸੇ ਲਾਲਚਵੱਸ ਚਲੇ ਗਏ। ਕੁਝ ਗੁੰਮਨਾਮੀ ਦਾ ਜੀਵਨ ਬਤੀਤ ਕਰ ਰਹੇ ਹਨ ਤੇ ਕੁਝ ਆਗੂ ਅਜੇ ਵੀ ਪਾਰਟੀ ਦੀ ਵਾਗਡੋਰ ਆਪਣੇ ਹੱਥਾਂ 'ਚ ਲਈ ਬੈਠੇ ਹਨ। ਜੇ ਪਾਰਟੀ ਦੇ ਆਗੂ ਫੁੱਟ ਦਾ ਸ਼ਿਕਾਰ ਨਾ ਹੁੰਦੇ ਤਾਂ ਅੱਜ ਦਲਿਤ ਵਰਗ ਦਾ ਆਰਥਿਕ, ਰਾਜਨੀਤਿਕ ਤੇ ਧਾਰਮਿਕ ਜੀਵਨ ਵਿਚ ਕਾਫੀ ਪਰਿਵਰਤਨ ਆ ਸਕਦਾ ਸੀ ਤੇ ਉਹਨਾਂ ਨੂੰ ਹੋਰ ਪਾਰਟੀਆਂ ਵੱਲ ਝਾਕਣ ਦੀ ਲੋੜ ਨਹੀਂ ਪੈਣੀ ਸੀ। ਪਾਰਟੀ ਦੀ ਇਸ ਫੁੱਟ ਕਾਰਨ ਹੀ ਦਲਿਤ ਨੌਜਵਾਨਾਂ ਦਾ ਖਾੜਕੂ ਤੇ ਸੰਘਰਸ਼ਸ਼ੀਲ ਨੌਜਵਾਨ ਵਰਗ ਬਾਗੀ ਹੋ ਗਿਆ। ਦਲਿਤ ਪੈਂਥਰ ਨਾਂ ਦੀ ਪਾਰਟੀ ਬਣਾ ਲਈ ਤੇ ਅਲੱਗ ਤੌਰ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਰਾਮ ਪ੍ਰਕਾਸ਼ ਦੇ ਸ਼ਹੀਦ ਹੋਣ ਬਾਅਦ ਉਸ ਦੇ ਪਰਿਵਾਰ ਤੇ ਮੁਸੀਬਤਾਂ ਦਾ ਭਾਰ ਟੁੱਟ ਪਿਆ, ਕਿਉਂਕਿ ਘਰ ਵਿਚ ਹੋਰ ਕੋਈ ਕਮਾਉਣ ਵਾਲਾ ਨਹੀਂ ਸੀ।

ਉਸ ਦੇ ਪਰਿਵਾਰ ਨੇ ਅੰਤਾਂ ਦੀ ਮਹਿੰਗਾਈ ਵਿਚ ਕਿਸ ਤਰ੍ਹਾਂ ਦਿਨ ਗੁਜ਼ਾਰੇ ਹਨ, ਉਹ ਹੀ ਜਾਣਦੇ ਹਨ। ਇਕ ਹੀ ਛੋਟਾ ਜਿਹਾ ਕਮਰਾ ਹੈ, ਜਿਸ ਵਿਚ ਸਾਰਾ ਪਰਿਵਾਰ ਰਹਿੰਦਾ ਹੈ।

ਮੈਂ ਸ਼ਹੀਦ ਦੇ ਘਰ ਗਿਆ ਤਾਂ ਪ੍ਰਕਾਸ਼ ਕੌਰ (ਸ਼ਹੀਦ ਦੀ ਪਤਨੀ) ਘਰ ਨਹੀਂ ਸੀ। ਉਸ ਦੇ ਦੋਵੇਂ ਪੁੱਤਰ ਹੀ ਘਰ ਸਨ, ਜੋ ਕਿ ਈ. ਐਸ. 462, ਆਬਾਦਪੁਰਾ ਜਲੰਧਰ ਵਿਚ ਰਹਿੰਦੇ ਸਨ। ਮੈਂ ਰਾਮ ਪ੍ਰਕਾਸ਼ ਬਾਰੇ ਗੱਲ ਕਰਦਾ ਹਾਂ ਤਾਂ ਛੋਟਾ ਕਸ਼ਮੀਰੀ ਲਾਲ ਰੋ ਪੈਂਦਾ ਹੈ। ਲੋਕੀ ਦੱਸਦੇ ਹਨ ਕਿ ਸਾਡਾ ਪਿਓ ਸ਼ਹੀਦ ਹੋ ਗਿਆ ਸੀ ਜੇਲ੍ਹ 'ਚ ਪਰ ਅਸੀਂ ਤਾਂ ਅਨਾਥ ਹੋ ਗਏ। ਜਿਹਨਾਂ ਦੇ ਕਹਿਣ ਤੇ ਉਹ ਸ਼ਹੀਦ ਹੋਇਆ ਉਹ ਤਾਂ ਕਦੀ ਸਾਡਾ ਹਾਲ ਚਾਲ ਵੀ ਨਹੀਂ ਪੁੱਛਿਆ ਆ ਕੇ 'ਸ਼ਹੀਦ ਹੋਣ ਵਾਲੇ ਮਜ਼ਦੂਰਾਂ ਦੇ ਪਰਿਵਾਰਾਂ ਦਾ ਜੇ ਬਾਅਦ ਵਿਚ ਇਹੀ ਹਾਲ ਹੋਣਾ ਹੈ ਤਾਂ ਕੀ ਲੋੜ ਪਈ ਹੈ ਉਹਨਾਂ ਨੂੰ ਕੁਰਬਾਨੀ ਦੇਣ ਦੀ।

ਮੈਂ ਉਸ ਨੂੰ ਤਸੱਲੀ ਦੇਣ ਦੀ ਅਸਫਲ ਕੋਸ਼ਿਸ਼ ਕਰਦਾ ਹਾਂ ਤਾਂ ਵੱਡਾ ਪਰਮਜੀਤ ਕਹਿੰਦਾ ਹੈ 'ਭਾਜੀ, ਤੁਹਾਡਾ ਪਾਰਟੀ ਦੇ ਨੇਤਾਵਾਂ ਨਾਲ ਮੇਲ ਮਿਲਾਪ ਹੈ ਜੇ ਤੁਸੀਂ ਉਹਨਾਂ ਨੂੰ ਕਹਿ ਕੇ ਭਵਨ 'ਚ ਪੱਕੀ ਸਮਾਧ ਬਣਵਾ ਕੇ ਕੋਈ ਇਕ ਕਮਰਾ ਬਣਵਾ ਦਿਓ ਤਾਂ ਠੀਕ ਹੈ। ਜੇ ਹੋਰ ਨਹੀਂ ਤਾਂ ਸਾਨੂੰ ਇਸ ਗੱਲ ਨਾਲ ਹੀ ਤਸੱਲੀ ਹੋਵੇ ਕਿ ਸਾਡੇ ਪਿਓ ਦਾ ਨਾਂ ਤਾਂ ਲੋਕੀ ਲੈਣ, ਪਾਰਟੀ ਵਾਲਿਆਂ ਹਾਲੇ ਤੱਕ ਉਸ ਦੀ ਕੋਈ ਯਾਦਗਾਰ ਤੱਕ ਨਹੀਂ ਬਣਾਈ।'

ਮੈਂ ਇਹ ਗੱਲ ਵੱਸੋਂ ਬਾਹਰੀ ਹੋਣ ਕਰਕੇ ਇੱਧਰ-ਉਧਰ ਦੀਆਂ ਗੱਲਾਂ ਕਰਦਾ ਹਾਂ ਕਿਉਂਕਿ ਭਵਨ ਦਾ ਪ੍ਰਬੰਧ ਹੁਣ ਰਿਪਬਲਿਕਨ ਪਾਰਟੀ ਕੋਲ ਨਹੀਂ ਹੈ। ਇਸ ਦਾ ਇਕ ਟਰੱਸਟ ਬਣਾ ਦਿੱਤਾ ਗਿਆ ਹੈ ਤੇ ਟਰੱਸਟ ਦੇ ਬਹੁਤੇ ਮੈਂਬਰ ਪਾਰਟੀ ਨਾਲ ਸਬੰਧਤ ਨਹੀਂ। ਇਹ ਭਵਨ ਰਿਪਬਲਿਕਨ ਪਾਰਟੀ ਦੇ ਆਗੂਆਂ ਤੇ ਵਰਕਰਾਂ ਦੀ ਦੇਣ ਹੈ, ਇਸਦੇ ਨਿਰਮਾਣ ਦਾ ਕੰਮ ਵੀ ਉਹਨਾਂ ਦੇ ਹੱਥਾਂ ਵਿਚ ਹੀ ਹੁੰਦਾ ਤਾਂ ਸ਼ਾਇਦ ਇਹ ਭਵਨ ਸਥਾਨ ਹੁਣ ਤੱਕ ਭਵਨ ਦਾ ਰੂਪ ਅਖਤਿਆਰ ਕਰ ਲੈਂਦਾ ਤੇ ਸ਼ਹੀਦ ਦੀ ਕੋਈ ਯਾਦਗਾਰ ਵੀ ਬਣਾਈ ਜਾ ਸਕਦੀ। ਪਰ ਹੁਣ ਤਾਂ ਸ਼ਹੀਦ ਦੀ ਸਮਾਧ ਨੂੰ ਵੀ ਸਮਤਲ ਕਰ ਦਿੱਤਾ ਗਿਆ ਹੈ ਤੇ ਭਵਨ ਵਿਚ ਕਿਤੇ ਲੱਭਦੀ ਹੀ ਨਹੀਂ:

ਦਲਿਤ ਨੇਤਾਵਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੇ ਦਲਿਤ ਵਰਗ ਨੂੰ ਕੁਰਬਾਨੀਆਂ ਦੇਣ ਲਈ ਪ੍ਰੇਰਿਤ ਕਰਨਾ ਹੈ ਤਾਂ ਸ਼ਹੀਦ ਰਾਮ ਪ੍ਰਕਾਸ਼ ਦੀ ਕੁਰਬਾਨੀ ਨੂੰ ਯਾਦ ਰੱਖਣਾ ਹੀ ਹੋਵੇਗਾ। ਆਓ! ਆਪਾਂ ਸਾਰੇ ਅੱਜ ਉਸ ਰਾਮ ਪ੍ਰਕਾਸ਼ ਦੇ ਸ਼ਹੀਦੀ ਦਿਨ ਤੇ ਉਸ ਸ਼ਹੀਦ ਨੂੰ ਸਲਾਹੁੰਦੇ ਹੋਏ ਤੇ ਉਸ ਨੂੰ ਪ੍ਰਣਾਮ ਕਰਦੇ ਹੋਏ ਸ਼ਰਧਾਂਜਲੀ ਭੇਂਟ ਕਰੀਏ।

**(ਰੋਜ਼ਾਨਾ ਜਨਤਕ ਲਹਿਰ 'ਚੋਂ ਧੰਨਵਾਦ ਸਹਿਤ)**

# ਸ਼ਹੀਦ ਰਾਮ ਪ੍ਰਕਾਸ਼ ਦੀ ਸ਼ਹਾਦਤ 'ਤੇ

**ਸੋਹਣ ਸਹਿਜਲ**

ਰੀਪਬਲਿਕਨ ਪਾਰਟੀ ਕਦੇ ਦਲਿਤਾਂ ਦੇ ਉਹਨਾਂ ਜਾਂਬਾਜ਼ ਯੋਧਿਆਂ ਦਾ ਨਾਮ ਸੀ, ਜਿਸਦੇ ਹਿੱਲਣ ਨਾਲ ਇਸ ਦੇਸ਼ ਦਾ ਬਦਨ ਹਿੱਲ ਜਾਂਦਾ ਸੀ, ਜਿਸ ਦੇ ਇਸ਼ਾਰੇ ਤੇ ਵਿਦਿਆਰਥੀ, ਮਜ਼ਦੂਰ ਲੱਖਾਂ ਲੋਕ ਮੋਰਚਾਬੰਦੀ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ। ਕਿਉਂ? ਕਿਉਂਕਿ ਮੁਕਤੀਦਾਤਾ ਡਾ. ਅੰਬੇਡਕਰ ਦੀ ਸਪਿਰਿਟ ਪਾਰਟੀ ਦੀ ਸੇਧ ਹੁੰਦੀ ਸੀ। ਦਲਿਤਾਂ ਦੇ ਹੱਕਾਂ ਲਈ ਪਾਰਟੀ ਮੋਰਚਿਆਂ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲਿਆਂ ਵਿਚੋਂ ਰਾਮ ਪ੍ਰਕਾਸ਼ ਦਾ ਨਾਂ ਉਭਰ ਕੇ ਸਾਹਮਣੇ ਆਉਂਦਾ ਹੈ।

ਰਾਮ ਪ੍ਰਕਾਸ਼ ਆਬਾਦਪੁਰਾ, ਜਲੰਧਰ ਦਾ ਉਹ ਨੌਜਵਾਨ ਸੀ, ਜਿਸ ਨੇ ਸੰਘਰਸ਼ ਦੇ ਦੌਰਾਨ ਪੁਲਿਸ ਦੀਆਂ ਡਾਂਗਾਂ ਆਪਣੀ ਛਾਤੀ ਤੇ ਖਾਧੀਆਂ ਅਤੇ ਸ਼ਹੀਦ ਹੋ ਗਿਆ। ਅਗਰ ਰਾਮ ਪ੍ਰਕਾਸ਼ ਕਿਸੇ ਹੋਰ ਕੌਮ ਵਿਚੋਂ ਹੁੰਦਾ ਤਾਂ ਉਸ ਦੀ ਯਾਦ ਵਿਚ ਕੋਈ ਮੈਮੋਰੀਅਲ ਹੁੰਦਾ, ਸਰਕਾਰ ਉਸਦੇ ਪਰਿਵਾਰ ਨੂੰ ਸਨਮਾਨਿਤ ਕਰਦੀ। ਲਾਲਾ ਲਾਜਪਤ ਰਾਏ ਨੇ ਵੀ ਆਜ਼ਾਦੀ ਖਾਤਰ ਜੱਦੋ-ਜਹਿਦ ਦੇ ਦੌਰਾਨ ਆਪਣੇ ਸੀਨੇ ਤੇ ਲਾਠੀਆਂ ਖਾਧੀਆਂ ਸਨ। ਦੇਸ਼ ਆਜ਼ਾਦ ਹੋਣ ਤੇ ਸਾਨੂੰ ਇਕ ਅੰਦਰੂਨੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਅਜੇ ਬਾਕੀ ਸੀ। ਉਹ ਗੁਲਾਮੀ ਸੀ ਦਲਿਤਾਂ ਦੀ ਅੰਨ੍ਹੀ ਲੁੱਟ-ਖਸੁੱਟ, ਘੋਰ ਵਿਤਕਰੇ, ਬੇਕਾਰੀ। ਰਾਮ ਪ੍ਰਕਾਸ਼ ਵੀ ਤਾਂ ਗੁਲਾਮੀ ਨੂੰ ਤੋੜਨ ਵਾਲੇ ਮੋਰਚੇ 'ਚ ਸ਼ਹੀਦ ਹੋਇਆ ਸੀ। ਅਸੀਂ ਬੜੇ ਅਕ੍ਰਿਤਘਣ ਹਾਂ। ਸ਼ਹੀਦ ਦਾ ਰੁਤਬਾ ਕਿਸੇ ਕੌਮ ਵਿਚ ਸਭ ਤੋਂ ਉੱਚਾ ਰੁਤਬਾ ਹੈ। ਧੰਨ ਹਨ ਉਹ ਲੋਕ ਜਿਹੜੇ ਇਸ ਮੰਜ਼ਿਲ ਤੱਕ ਪਹੁੰਚਦੇ ਹਨ। ਅਸੀਂ ਰਾਮ ਪ੍ਰਕਾਸ਼ ਲਈ ਕੋਈ ਯਾਦਗਾਰ ਤਾਂ ਕੀ ਉਸਾਰਨੀ ਸੀ, ਦੋ ਇੱਟਾਂ ਵੀ ਉਸਦੀ ਮੜ੍ਹੀ ਤੇ ਨਹੀਂ ਲਾ ਸਕੇ। ਜਦੋਂ ਅਸੀਂ ਹੀ ਆਪਣੇ ਮਰਜੀਵੜੇ ਸ਼ਹੀਦਾਂ ਦੀ ਕਦਰ ਨਹੀਂ ਕਰਦੇ ਤਾਂ ਸਾਡੀ ਕੌਮ, ਸਾਡਾ ਵਿਰਸਾ, ਸਾਡਾ ਇਤਿਹਾਸ ਕੀ ਹੋਵੇਗਾ? ਅਗਰ ਅਸੀਂ ਹੀ ਆਪਣੇ ਲਈ ਮਰ ਮਿਟਣ ਵਾਲੇ ਸੂਰਮਿਆਂ ਨੂੰ ਵਿਸਾਰ ਦਿੰਦੇ ਹਾਂ ਤਾਂ ਕੌਣ ਕਰੇਗਾ ਸਾਡੀ ਬਹਾਦਰੀ ਦੀ ਗੱਲ? ਕੌਣ ਲਿਖੇਗਾ ਸਾਡੀ ਸੂਰਬੀਰਤਾ ਦੇ ਕਿੱਸੇ? ਕੌਣ


ਸ਼ਹੀਦ ਰਾਮ ਪ੍ਰਕਾਸ਼ ਦਾ ਸਪੁੱਤਰ ਪਰਮਜੀਤ

ਗਾਵੇਗਾ ਸਾਡੀ ਕੁਰਬਾਨੀ ਦੀਆਂ ਵਾਰਾਂ?

ਰਾਮ ਪ੍ਰਕਾਸ਼, ਮੁਕਤੀਦਾਤਾ ਦੇ ਨਾਮ ਦਾ ਸ਼ੈਦਾਈ ਸੀ। ਉਹ ਕੋਈ ਆਪਣੀ ਲੀਡਰੀ ਚਮਕਾਉਣ ਲਈ ਮੋਰਚੇ ਵਿਚ ਸ਼ਾਮਲ ਨਹੀਂ ਹੋਇਆ ਸੀ, ਉਸਨੇ ਕਿਹੜਾ ਕੋਈ ਵੋਟਾਂ ਤੇ ਖੜ੍ਹਨਾ ਸੀ।

ਰਾਮ ਪ੍ਰਕਾਸ਼ ਸ਼ਹੀਦ ਇਸ ਕਰਕੇ ਹੈ ਕਿ ਉਸ ਦਾ ਬਲੀਦਾਨ ਨਿਰੋਲ ਲੋਕਾਂ ਖਾਤਰ, ਨਿਰੋਲ ਹੱਕਾਂ ਖਾਤਰ, ਦੇਸ਼ ਖਾਤਰ ਸੀ, ਕੌਮੀ ਜਜ਼ਬੇ ਵਿਚ ਗੜੁੰਦ ਉਸ ਨੌਜਵਾਨ ਦਾ ਦਿੱਲੀ ਪਹੁੰਚਣਾ, ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸਾਤਰੀ ਦੀ ਕੋਠੀ ਅੱਗੇ ਮਰਨ ਵਰਤ ਰੱਖਣਾ, 10 ਦਸੰਬਰ 1964 ਨੂੰ ਸਤਿਆਗ੍ਰਹਿਆਂ ਦੀ ਅਗਵਾਈ ਕਰਦਿਆਂ ਸੀਨੇ 'ਤੇ ਲਾਠੀਆਂ ਖਾਣੀਆਂ, ਫਿਰ ਹਸਪਤਾਲ ਵਿਚ ਵੀ ਜੰਜ਼ੀਰਾਂ ਵਿਚ ਜਕੜਿਆ ਰਾਮ ਪ੍ਰਕਾਸ਼ ਭਗਤ ਸਿੰਘ ਵਰਗੇ ਇਨਕਲਾਬੀਆਂ ਦੀ ਯਾਦ ਦੁਆਉਂਦਾ ਸੀ, ਜਿਸ ਦੇ ਮਿਸ਼ਨ ਵਿਚ ਬੀਵੀ ਬੱਚੇ, ਗਰੀਬੀ, ਪਿਆਰ, ਮੋਹ, ਕੁਝ ਵੀ ਰੁਕਾਵਟ ਨਾ ਬਣ ਸਕਿਆ।

ਇਸ ਦੇਸ਼ ਅਤੇ ਕੌਮ ਲਈ ਮਹਿਸੂਸ ਕਰਨ ਵਾਲੀ ਗੱਲ ਹੈ ਕਿ ਸ਼ਹੀਦਾਂ ਦੀ ਯਾਦ ਵਿਚ ਆਮ ਕਰਕੇ ਕਿਹਾ ਜਾਣ ਵਾਲਾ ਸ਼ੇਅਰ 'ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ' ਵੀ ਸ਼ਹੀਦ ਭਾਵੇਂ ਰਾਮ ਪ੍ਰਕਾਸ਼ ਤੇ ਸਾਕਾਰ ਨਹੀਂ ਹੋਇਆ, ਸ਼ਹੀਦਾਂ ਦੀ ਕੋਈ ਤਮੰਨਾ ਨਹੀਂ ਹੁੰਦੀ, ਕਿਉਂਕਿ ਉਹ ਇਸ ਜੀਵਨ ਵਿਚ ਵੱਧ ਤੋਂ ਵੱਧ ਜੋ ਹੋ ਸਕਦਾ ਹੈ, ਕਰ ਗੁਜਰਦੇ ਹਨ, ਫਿਰ ਵੀ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਰਾਮ ਪ੍ਰਕਾਸ਼ ਦੀ ਯਾਦ ਨੂੰ ਸਿਰ ਝੁਕਾਈਏ, ਜਿਹਨਾਂ ਆਸ਼ਿਆਂ ਦੀ ਪ੍ਰਾਪਤੀ ਲਈ ਉਹ ਸ਼ਹੀਦ ਹੋਇਆ ਉਹ ਆਸ਼ੇ ਅਜੇ ਅਧੂਰੇ ਹਨ। ਉਹਨਾਂ ਆਸ਼ਿਆਂ ਦੀ ਪ੍ਰਾਪਤੀ ਲਈ ਜੱਦੋ ਜਹਿਦ ਕਰਨ ਵਿਚ ਰਾਮ ਪ੍ਰਕਾਸ਼ ਦੀ ਕੁਰਬਾਨੀ ਹਮੇਸ਼ਾ ਉਤਸ਼ਾਹਿਤ ਕਰਦੀ ਰਹੇਗੀ।

**(ਰੋਜ਼ਾਨਾ ਜਨਤਕ ਲਹਿਰ 'ਚੋਂ ਧੰਨਵਾਦ ਸਹਿਤ)**

## ਸ਼ਹੀਦ ਦੇ ਪਰਿਵਾਰ ਦੀ ਮੌਜੂਦਾ ਸਥਿਤੀ

ਸ੍ਰੀ ਗੁਰਦਿਆਲ ਜੱਸਲ, (ਆਬਾਦਪੁਰਾ ਜਲੰਧਰ) ਵੱਲੋਂ ਲਿਖਿਤ ਸ੍ਰੀ ਰਾਮ ਪ੍ਰਕਾਸ਼ (ਸ਼ਹੀਦ) ਸਬੰਧੀ ਲਿਖਿਆ ਪ੍ਰਸਤੁਤ ਲੇਖ 'ਰੋਜ਼ਾਨਾ ਜਨਤਕ ਲਹਿਰ, ਜਲੰਧਰ' ਦੇ 30 ਦਸੰਬਰ, 1990 ਦੇ ਅੰਕ ਵਿਚ ਛਪਿਆ। ਅਸੀਂ ਆਪਣੇ ਪ੍ਰਤੀਨਿਧ ਰਾਹੀਂ ਸ਼ਹੀਦ ਰਾਮ ਪ੍ਰਕਾਸ਼ ਦੇ ਪਰਿਵਾਰ ਦੀ ਮੌਜੂਦਾ ਸਥਿਤੀ ਬਾਰੇ ਪੁੱਛ-ਪੜਤਾਲ ਕੀਤੀ ਤਾਂ ਸ਼ਹੀਦ ਦੇ ਮੌਜੂਦਾ ਪਰਿਵਾਰ ਬਾਰੇ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਈ:

ਸ਼ਹੀਦ ਦੀ ਪਤਨੀ ਸ੍ਰੀਮਤੀ ਪ੍ਰਕਾਸ਼ ਕੌਰ ਹੁਣ ਇਸ ਨਸ਼ਵਰ ਸੰਸਾਰ ਵਿਚ ਨਹੀਂ ਹੈ। ਸ਼ਹੀਦ ਦੇ ਦੋ ਪੁੱਤਰ ਪਰਮਜੀਤ ਤੇ ਕਸ਼ਮੀਰੀ ਲਾਲ ਸਨ। ਕਸ਼ਮੀਰੀ ਲਾਲ, ਉਸਦੀ ਪਤਨੀ ਤੇ ਉਸਦੇ ਅਣਵਿਆਹੇ ਪੁੱਤਰ ਦੀ ਮੌਤ ਹੋ ਚੁੱਕੀ ਹੈ, ਜਦਕਿ ਉਸਦੀ ਇਕ ਪੁੱਤਰੀ ਵਿਆਹੀ ਹੋਈ ਹੈ। ਕਸ਼ਮੀਰੀ ਲਾਲ ਰਿਕਸ਼ਾ ਚਾਲਕ ਸੀ।

ਵੱਡੇ ਪੁੱਤਰ ਪਰਮਜੀਤ ਵਿਚ ਹੁਣ ਰਿਕਸ਼ਾ ਚਲਾਉਣ ਦੀ ਤਾਕਤ ਨਹੀਂ ਰਹੀ ਜੋ ਕਿ ਆਪਣੀ ਪਤਨੀ ਗੀਤਾ ਤੇ ਪੁੱਤਰੀ ਨੀਲਮ ਨਾਲ ਮੁਹੱਲਾ ਆਬਾਦਪੁਰਾ, ਈ. ਐਸ. 492, ਜਲੰਧਰ ਵਿਖੇ ਰਹਿੰਦਾ ਹੈ। ਤਿੰਨ ਧੀਆਂ ਦਾ ਪਿਤਾ ਹੈ। ਇਕ ਪੁੱਤਰੀ ਨੀਲਮ ਜੋ ਕਿ ਬਾਰਵੀਂ ਪਾਸ ਹੈ, ਉਹ ਅਜੇ ਵਿਆਹੁਣਯੋਗ ਹੈ। ਇਹ ਜ਼ਿਕਰਯੋਗ ਹੈ ਕਿ ਕਿਸੇ ਵੀ ਪਾਰਟੀ ਜਾਂ ਵਿਅਕਤੀ ਨੇ ਸ਼ਹੀਦ ਦੇ ਪਰਿਵਾਰ ਦੀ ਕੋਈ ਸਾਰ ਨਹੀਂ ਨਹੀਂ ਲਈ ਕਿ ਉਹਨਾਂ ਦੇ ਜੀਵਨ ਪੱਧਰ ਵਿਚ ਕੋਈ ਸੁਧਾਰ ਆਉਂਦਾ। ਰਾਮ ਪ੍ਰਕਾਸ਼ ਦੀ ਸ਼ਹੀਦੀ ਤੇ ਰਿਪਬਲਿਕਨ ਪਾਰਟੀ ਦੇ ਹੋਰਨਾਂ ਯੋਧਿਆਂ ਦੀ ਕੁਰਬਾਨੀ ਤੇ ਮਿੱਟੀ ਲਿੱਪ ਦਿੱਤੀ ਗਈ ਹੈ।

**– ਪ੍ਰੇਮ ਕੁਮਾਰ ਚੁੰਬਰ**

## ਜਾਣ ਲੱਗਿਆਂ ਰਾਮ ਪ੍ਰਕਾਸ਼ ਕਹਿੰਦਾ

ਜਾਣ ਲੱਗਿਆਂ ਰਾਮ ਪ੍ਰਕਾਸ਼ ਕਹਿੰਦਾ,
ਨਹੀਂ ਝੁਕੇ ਹਾਂ, ਝੁਕਾਂਗੇ, ਝੁਕਾਂਗੇ ਨਹੀਂ।

ਸਾਨੂੰ ਲੱਖ ਮੁਕਾਉਣ ਦਾ ਯਤਨ ਕਰ ਲਓ,
ਨਹੀਂ ਮੁੱਕੇ ਹਾਂ, ਮੁੱਕਾਂਗੇ, ਮੁੱਕਾਂਗੇ ਨਹੀਂ।

ਹੱਕ ਲਵਾਂਗੇ ਨਾਲ ਕੁਰਬਾਨੀਆਂ ਦੇ,
ਨਹੀਂ ਰੁਕੇ ਹਾਂ, ਰੁਕਾਂਗੇ, ਰੁਕਾਂਗੇ ਨਹੀਂ।

ਇਕ ਵਾਰ ਜੀਣਾ, ਇਕ ਵਾਰ ਮਰਨਾ,
ਨਹੀਂ ਲੁਕੇ ਹਾਂ, ਲੁਕਾਂਗੇ, ਲੁਕਾਂਗੇ ਨਹੀਂ।

ਮੇਰਾ ਸ਼ੌਕ ਹੈ ਦੋਸਤੋ ਕੌਮ ਖਾਤਰ,
ਹੱਸ ਹੱਸ ਜਵਾਨੀ ਨੂੰ ਵਾਰ ਜਾਣਾ।


ਪਿਸ ਰਹੀ ਜੋ ਸਮੇਂ ਦੇ ਭਾਰ ਹੇਠਾਂ,
ਉਸ ਕੌਮ ਦਾ ਭਾਰ ਉਤਾਰ ਜਾਣਾ।


**– ਸੋਹਣ ਸਹਿਜਲ, ਫਗਵਾੜਾ**

## ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼

ਸ੍ਰੀ ਸੀ. ਐਲ. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।

ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।




ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੰਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ। ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮਾਜਿਕ ਇਨਕਲਾਬ ਦੇ ਰਸਤੇ ਪਾਇਆ।

ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ। ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ।

ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ।

ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ।

ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**– ਪ੍ਰੋ. ਗੁਰਨਾਮ ਸਿੰਘ, ਮੁਕਤਸਰ**

**ਧੰਨਵਾਦ ਸਹਿਤ ਫਤਿਹਜੰਗ ਸਿੰਘ**

**ਬਹੁਜਨ ਸੰਦੇਸ਼ 14 ਜੁਲਾਈ 1985**

# ਮਾਤਾ ਗੁਜਰੀ ਜੀ



ਮੁਗਲ ਸਲਤਨਤ ਤੇ ਸਿਖਾਂ ਦੇ ਟਕਰਾਅ ਦੌਰਾਨ ਗੁਰੂ ਪਰਿਵਾਰਾਂ ਅਤੇ ਗੁਰ ਸਿੱਖਾਂ ਨੇ ਅਸਹਿ ਤੇ ਅਕਹਿ ਕਸ਼ਟ ਝੱਲੇ। ਇਸ ਟਕਰਾਅ ਦੌਰਾਨ ਜਿੱਥੇ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਵੱਲੋਂ ਮਹਾਨ ਯੋਗਦਾਨ ਪਾਇਆ ਗਿਆ ਉੱਥੇ ਜਿਸ ਦੇਸ਼ ਵਿਚ ਔਰਤ ਨੂੰ ਪੈਰ ਦੀ ਜੁੱਤੀ ਕਿਹਾ ਜਾਂਦਾ ਸੀ ,ਉਸੇ ਦੇਸ਼ ਅੰਦਰ ਗੁਰੂ ਮਾਤਾਵਾਂ, ਗੁਰੂ ਪੁੱਤਰੀਆਂ, ਗੁਰੂ ਪਤਨੀਆਂ ਨੇ ਇਸ ਅੰਦੋਲਨ ਵਿਚ ਆਪਣਾ ਅਹਿਮ ਯੋਗਦਾਨ ਪਾਇਆ।ਇਨਾਂ ਮਹਾਨ ਇਸਤਰੀਆਂ ਵਿੱਚੋਂ, ਹੀ ਇੱਕ ਸਨ ਮਾਤਾ ਗੁਜਰੀ ਜੀ ਜਿਨਾਂ ਨੇ ਆਪਣੇ ਤਪ, ਤਿਆਗ ਅਤੇ ਕੁਰਬਾਨੀਆਂ ਰਾਹੀਂ ਅਜਿਹੀਆਂ ਪੈੜਾਂ ਸਿਰਜੀਆਂ ਕਿ ਆਉਣ ਵਾਲੀਆਂ ਪੀੜੀਆਂ ਸਦਾ ਉਹਨਾਂ ਤੋਂ ਪ੍ਰੇਰਨਾ ਅਤੇ ਅਗਵਾਈ ਲੈ ਕੇ ਆਪਣਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਮਾਤਾ ਗੁਜਰੀ ਜੀ ਸੇਵਾ, ਸਿਮਰਨ, ਸਹਿਣਸ਼ੀਲਤਾ ਅਤੇ ਸਹਿਜ ਦੀ ਪੁੰਜ ਅਮਰ ਸ਼ਹੀਦ ਸਨ। ਮਾਤਾ ਗੁਜਰੀ ਜੀ ਦਾ ਜਨਮ ਸੰਨ 1619 ਈ ਨੂੰ ਕਰਤਾਰਪੁਰ ਜ਼ਲ੍ਹਿਾ ਜਲੰਧਰ ਵਿਖੇ ਪਿਤਾ ਭਾਈ ਲਾਲ ਚੰਦ ਸੁਭਿੱਖੀ ਖੱਤਰੀ ਅਤੇ ਮਾਤਾ ਬਿਸ਼ਨ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ ਸੀ। ਮਾਤਾ ਗੁਜਰੀ ਜੀ ਦਾ ਪਰਿਵਾਰ ਅਜੋਕੇ ਹਰਿਆਣਾ ਦੇ ਲਖਨੌਰ ਜ਼ਲ੍ਹਿਾ ਅੰਬਾਲਾ ਤੋਂ ਕਰਤਾਰਪੁਰ ਆ ਕੇ ਨਿਵਾਸ ਕੀਤਾ। ਕਰਤਾਰਪੁਰ ਨਗਰ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ। ਮਾਤਾ ਗੁਜਰੀ ਦਾ ਬਚਪਨ ਇੱਥੇ ਹੀ ਬੀਤੀਆਂ ਸੀ, ਮਾਤਾ ਗੁਜਰੀ ਜੀ ਦਾ ਪਰਿਵਾਰ ਬੜਾ ਨੇਕ ਅਤੇ ਧਾਰਮਿਕ ਵਿਚਾਰਾਂ ਵਾਲੇ ਸਨ। ਮਾਤਾ ਗੁਜਰੀ ਜੀ ਦੇ ਜੀਵਨ ਤੇ ਸਭ ਤੋਂ ਵੱਧ ਪ੍ਰਭਾਵ ਉਹਨਾਂ ਦੀ ਮਾਤਾ ਬਿਸ਼ਨ ਕੌਰ ਜੀ ਦਾ ਸੀ। ਬਿਸ਼ਨ ਕੌਰ ਬੜੀ ਨੇਕ, ਮਿੱਠੇ ਸੁਭਾਅ ਵਾਲੀ, ਸਿਆਣੀ ਅਤੇ ਸਲੀਕੇ ਵਾਲੀ ਘਰ ਗ੍ਰਹਿਣੀ ਸਨ। ਬਚਪਨ ਤੋਂ ਹੀ ਮਾਤਾ ਗੁਜਰੀ ਨੇ ਆਪਣੇ ਮਾਤਾ ਜੀ ਵਲੋਂ ਮਿਲੇ ਗੁਣਾਂ ਨੂੰ ਆਪਣੀ ਜ਼ਿੰਦਗੀ ਦਾ ਅਧਾਰ ਬਣਾਇਆਂ ਅਤੇ ਸਾਦਗੀ , ਸੱਚ, ਸਿਮਰਨ ਅਤੇ ਧੀਰਜ ਨੂੰ ਸਦਾ ਹੀ ਆਪਣੇ ਜੀਵਨ ਦਾ ਅੰਗ ਬਣਾ ਲਿਆ।



**ਰਵਨਜੋਤ ਕੌਰ ਸਿੱਧੂ "ਰਾਵੀ"**
ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ

ਮਾਤਾ ਗੁਜਰੀ ਜੀ ਦਾ ਵਿਆਹ ਗੁਰੂ ਹਰਿਗੋਬਿੰਦ ਜੀ ਦੇ ਛੋਟੇ ਪੁੱਤਰ ਗੁਰੂ ਤੇਗ ਬਹਾਦਰ ਜੀ ਨਾਲ 4 ਐਪਲ ਸੰਨ 1632 ਈ ਨੂੰ ਹੋਇਆ। ਡੋਲੀ ਤੋਰਨ ਸਮੇਂ ਮਾਤਾ ਗੁਜਰੀ ਜੀ ਦੇ ਪਿਤਾ ਭਾਈ ਲਾਲ ਚੰਦ ਨੇ ਹੱਥ ਜੋੜ ਕੇ ਬੜੀ ਨਿਰਮਾਤਾ ਸਾਹਿਤ ਗੁਰੂ ਹਰਿਗੋਬਿੰਦ ਜੀ ਨੂੰ ਕਿਹਾ ਕਿ ਸਾਡੇ ਕੋਲ ਦੇਣ ਦੋਹਾਂ ਕੁਝ ਵੀ ਨਹੀਂ, ਤਾਂ ਗੁਰੂ ਜੀ ਨੇ ਬੜੀ ਸੰਜੀਦਗੀ ਅਤੇ ਵੱਡੇ ਜਿਗਰੇ ਨਾਲ ਕਿਹਾ, ਭਾਈ ਲਾਲ ਚੰਦ ਜੀ ਜਿਸ ਨੇ ਆਪਣੀ ਪੁੱਤਰੀ ਹੀ ਸਾਨੂੰ ਦੇ ਦਿੱਤੀ ਹੈ, ਉਸ ਨੂੰ ਨੇ ਸਮਝੋ ਸਾਨੂੰ ਸਭ ਕੁਝ ਦੇ ਦਿੱਤਾ ਹੈ। ਇਸ ਤੋਂ, ਵੱਧ ਸਾਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀ ਹੈ।

ਲਾਲ ਚੰਦ ਤੁਮ ਦੀ ਨੇ ਸਕਲ ਬਿਸਤਰਾ
ਜਿਸ ਤਨੁਜਾ ਅਰਪਨ ਕੀਨੈ
ਕਿਆ ਪਾਛੇ ਤਿਨ ਰਖ ਲੀਨੈ।

ਮਾਤਾ ਬਿਸ਼ਨ ਕੌਰ ਨੇ ਡੋਲੀ ਤੋਰਨ ਸਮੇਂ ਮਾਤਾ ਗੁਜਰੀ ਜੀ ਨੂੰ ਅਸੀਸ ਦਿੱਤੀ ਤੇ ਕਿਹਾ ਕਿ ਪੁੱਤਰ ਆਪਣੇ ਪਤੀ ਨੂੰ ਪ੍ਰਮੇਸ਼ਵਰ ਸਮਾਨ ਸਮਾਨ ਜਾਣੀ। ਮਾਤਾ ਗੁਜਰੀ ਦੀ ਡੋਲੀ ਗੁਰੂ ਕੇ ਮਹਿਲ ਅੰਮ੍ਰਿਸਰ ਵਿਖੇ ਆਈ। ਮਾਤਾ ਗੁਜਰੀ ਜੀ ਬਹੁਤ ਖੁਸ਼ ਸਨ ਕਿ ਉਹਨਾਂ, ਨੂੰ ਤਿਆਗ ਅਤੇ ਵੀਰਤਾ ਦੀ ਮੂਰਤਿ ਗੁਰੂ ਤੇਗ ਬਹਾਦਰ ਜੀ ਵਰਗਾ ਪਤੀ, ਗੁਰੂ ਭੰਜਨ ਤੇ ਸੂਰਮਾ ਗੁਰੂ ਹਰਿਗੋਬਿੰਦ ਜੀ ਵਰਗਾ ਪਿਤਾ ਸਹੁਰਾ ਅਤੇ ਮਾਤਾ ਨਾਨਕੀ ਜੀ ਵਰਗੀ ਸਰਵਗੁਣ ਸੰਪੰਨ ਮਾਂ ਵਰਗੀ ਸੱਸ ਦੇ ਘਰ ਨੂੰਹ ਬਣਕੇ ਆਉਣ ਦਾ ਸੁਭਾਗ ਮਿਲਿਆ ਸੀ। ਮਾਤਾ ਗੁਜਰੀ ਜੀ ਨੇ ਗੁਰੂ-ਪਰਵਾਰ ਤੇ ਗੁਰੂ-ਘਰ ਦੀ ਸਾਰੀ ਮਰਯਾਦਾ ਵਿੱਚ ਪਰਪੱਕ ਹੋ ਗਏ। ਸਹੁਰੇ-ਪਿਤਾ" ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਸ਼ਹੀਦੀ ਉਪਰੰਤ ਦੇ ਗੁਰੂ-ਘਰ ਦੇ ਸਾਰੇ ਹਾਲਾਤ, ਮਾਤਾ ਗੁਜਰੀ ਜੀ ਦਾ ਆਤਮਿਕ ਬਲ ਹੋਰ ਵੀ ਦ੍ਰਿੜ੍ਹਤਾ ਅਤੇ ਸਿਦਕਦਿਲ੍ਹੀ ਵਾਲਾ ਹੋ ਗਿਆ ਸੀ। ਹੁਣ ਉਹ ਕਿਸੇ ਭਿਅੰਕਰ ਤੋਂ ਭਿਅੰਕਰ ਸੰਕਟਮਈ ਹਾਲਾਤ ਦਾ ਦ੍ਰਿੜ੍ਹਤਾ ਅਤੇ ਸਿਦਕਦਿਲ੍ਹੀ ਨਾਲ ਮੁਕਾਬਲੇ ਦੇ ਸਮਰੱਥ ਹੋ ਗਈ ਸੀ ਜਦੋਂ ਗੁਰੂ ਤੇਗ ਬਹਾਦਰ ਜੀ ਭਾਰਤ ਦੇ ਪੂਰਬੀ ਪ੍ਰਾਂਤਾਂ ਦੀ ਯਾਤਰਾ ਵਾਸਤੇ ਚੱਲ ਪਏ। ਗੁਰੂ ਜੀ ਦੇ ਨਾਲ ਮਾਤਾ ਗੁਜਰੀ ਤੋਂ ਗੁਰੂ ਜੀ ਮਾਤਾ ਜੀ, ਮਾਤਾ ਨਾਨਕੀ ਜੀ ਅਤੇ ਕਈ ਮੁਖੀ ਸਿੱਖ ਵੀ ਸਨ ਅਤੇ ਨਾਲ ਮਾਤਾ ਗੁਜਰੀ ਜੀ ਦਾ ਭਰਾ ਕਿਰਪਾ ਚੰਦ ਵੀ ਸ਼ਾਮਿਲ ਸੀ। ਗੁਰੂ ਤੇਗ ਬਹਾਦਰ ਜੀ ਮਾਤਾ ਗੁਜਰੀ ਨੂੰ ਪਟਨਾ ਸ਼ਹਿਰ ਛੱਡ ਕੇ ਆਪ ਆਸਾਮ ਅਤੇ ਬੰਗਾਲ ਦੇ ਦੌਰੇ ਤੇ ਚੱਲਗੇ। ਜਿੱਥੇ 22ਦਸੰਬਰ, 1666 ਈ: ਨੂੰ ਪਟਨਾ ਦੇ ਸਥਾਨ ਤੇ ਮਾਤਾ ਗੁਜਰੀ ਜੀ ਦੀ ਕੁੱਖ ਤੋਂ ਇਕ ਵੀਰ -ਯੋਧੇ ਤੇ ਅਲੌਕਿਕ ਸਕਤੀਆਂ ਦੇ ਮਾਲਕ ਗੁਰੂ ਗੋਬਿੰਦ ਰਾਇ ਦਾ ਜਨਮ ਹੋਇਆਂ ਜਿਹਨਾਂ ਨੂੰ ਸਿੱਖ ਇਤਿਹਾਸ ਵਿੱਚ ਦਸਵੇਂ ਗੁਰੂ , ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ 1670 ਵਿੱਚ ਆਸਾਮ ਦੀ ਯਾਤਰਾ ਤੋਂ, ਵਾਪਸ ਪਰਤੇ ਸਨ।ਮਾਤਾ ਗੁਜਰੀ ਜੀ ਆਪਣੇ ਚਾਰ ਸਾਲ ਦੇ ਬੇਟੇ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਸਮੇਤ ਭਾਈ ਕਿਰਪਾਲ ਚੰਦ ਅਤੇ ਕੁਝ ਹੋਰ ਸਿੰਘਾਂ ਦੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦੇਸ਼ ਅਨੁਸਾਰ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਆਉਂਦਿਆਂ ਹੋਇਆਂ ਆਪਣੇ ਪੁਰਾਣੇ ਪੇਕੇ ਨਗਰ ਲਖਨੌਰ ਵਿਖੇ ਤਕਰੀਬਨ ਛੇ ਮਹੀਨੇ ਲਈ ਰੁਕੇ। ਮਾਤਾ ਗੁਜਰੀ ਜੀ ਨੇ ਇੱਥੇ ਨਗਰ ਵਾਸੀਆਂ, ਦੀ ਪਾਣੀ ਦੀ ਸਮੱਸਿਆਂ ਨੂੰ ਵੇਖਦੇ ਹੋਏ ਇੱਕ ਖੂਹ ਲਗਵਾਇਆ ਸੀ ਜੋ ਅਜੇ ਤੱਕ ਨਗਰ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਲੋਕ ਇਸ ਖੂਹ ਨੂੰ ਸਤਿਕਾਰ ਨਾਲ ਮਾਤਾ ਗੁਜਰੀ ਦੇ ਖੂਹ ਨਾਲ ਯਾਦ ਕਰਦੇ। ਪੇਕੇ ਪਿੰਡ ਠਹਿਰਣ ਤੋਂ ਬਾਅਦ ਮਾਤਾ ਗੁਜਰੀ ਜੀ ਆਪਣੇ ਪੁੱਤਰ ਨੂੰ ਨਾਲ ਲੈ ਕੇ 1671ਈ: ਨੂੰ ਅਨੰਦਪੁਰ ਸਾਹਿਬ ਪਹੁੰਚੇ ਸਨ।

ਜਦੋਂ ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ ਤਿਲਕਜੰਞੂ ਲਈ ਜਦੋਂ ਗੁਰੂ ਤੇਗ ਬਹਾਦਰ ਜੀ ਸਾਹਿਬ ਨੇ 11 ਜੁਲਾਈ 1675 ਚਾਲੇ ਪਾਏ ਤਾਂ ਵਿਛੋੜੇ ਦੀ ਘੜੀ ਨੂੰ ਮਾਤਾ ਗੁਜਰੀ ਨੇ ਬਹੁਤ ਹੌਂਸਲੇ ਅਤੇ ਦਲੇਰੀ ਨਾਲ ਝੱਲਿਆ 11ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਉਹਨਾਂ ਦੇ ਤਿੰਨ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸਮਾਂ ਮਾਤਾ ਗੁਜਰੀ ਜੀ ਦੇ ਜੀਵਨ ਦੀ ਹੁਣ ਤੱਕ ਲਦੀ ਸਭ ਤੋਂ ਵੱਧ ਦੁਖਦਾਈ ਘਟਨਾ ਸੀ ਪਰ ਮਾਤਾ ਜੀ ਨੇ ਇਸ ਦੁੱਖ ਨੂੰ ਵੀ ਰੱਬ ਦੀ ਰਜ਼ਾ ਕਰ ਕੇ ਮੰਨਿਆ ਅਤੇ ਸਾਰੇ ਪਰਿਵਾਰ ਤੇ ਸੰਗਤਾਂ ਨੂੰ ਗੁਰੂ ਜੀ ਦੀ ਬਾਣੀ ਦੁਆਰਾ ਧੀਰਜ ਦਿੰਦਿਆਂ ਕਿਹਾ :-

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ।।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਪਰਿਵਾਰ ਨੂੰ ਸੰਭਾਲਣ, ਸੰਗਤਾਂ ਨੂੰ ਅਗਵਾਈ ਦੇਣ ਅਤੇ ਬਾਲ ਗੁਰੂ ਗੋਬਿੰਦ ਰਾਇ ਦੀ ਪਵਰਿਸ਼ ਦੀ ਸਾਰੀ ਜ਼ੁੰਮੇਵਾਰੀ ਮਾਤਾ ਗੁਜਰੀ ਜੀ ਦੇ ਮੋਢਿਆਂ ਤੇ ਆ ਗਈ। ਇਹ ਜ਼ੁੰਮੇਵਾਰੀ ਮਾਤਾ ਗੁਜਰੀ ਜੀ ਪੂਰੀ ਇਮਾਨਦਾਰੀ ਨਾਲ ਸੰਭਾਲੀ। ਆਨੰਦਪੁਰ ਸਾਹਿਬ ਵਿੱਚ ਆਮ ਤੌਰ 'ਤੇ ਮਾਹੌਲ ਜੰਗਾਂ ਯੁੱਧਾਂ ਵਾਲਾ ਬਣਿਆ ਹੀ ਰਹਿੰਦਾ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਟ੍ਰੇਨਿੰਗ ਅਜਿਹੀ ਕੀਤੀ ਜਿਸ ਨੇ ਉਨ੍ਹਾਂ ਵਿੱਚ ਸਿਰਫ ਅਧਿਆਤਮਕ ਗੁਣ ਹੀ ਨਹੀਂ ਸਗੋਂ ਯੋਧਿਆਂ ਵਾਲੇ ਗੁਣ ਵੀ ਰਹੇ ਜਿਸ ਕਾਰਨ ਉਹ 'ਸੰਤ ਸਿਪਾਹੀ' ਬਣ ਸਕੇ। ਇਉਂ ਜਾਪਦਾ ਹੈ ਕਿ ਸਿਰਫ ਆਪਣੇ ਸਪੁੱਤਰ ਦੇ ਹੀ ਨਹੀਂ ਸਗੋਂ ਆਪਣੇ ਪੋਤਰਿਆਂ ਦੇ ਚਰਿੱਤਰ ਨਿਰਮਾਣ ਵਿੱਚ ਮਾਤਾ ਗੁਜਰੀ ਜੀ ਨੇ ਵੱਡਾ ਯੋਗਦਾਨ ਪਾਇਆ। ਇਹੋ ਕਾਰਨ ਹੈ ਕਿ ਉਨ੍ਹਾਂ ਦੇ ਪੋਤਰੇ ਆਪਣੇ ਪਿਤਾ ਦੇ ਪੱਦ ਚਿੰਨਾਂ 'ਤੇ ਚੱਲਦੇ ਹੋਏ ਧਰਮ, ਦੇਸ਼ ਤੇ ਕੌਮ ਦੀ ਖਾਤਰ ਜਾਨਾਂ ਕੁਰਬਾਨ ਕਰ ਗਏ।ਜਦੋਂ, ਮੁਗਲਾਂ ਦੀਆਂ ਫੌਜਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਿਆਂ, ਉਸ ਸਮੇਂ ਕਿਲ੍ਹੇ ਅੰਦਰ ਰਾਸ਼ਨ ਪਾਣੀ ਕਮੀਨ ਹੋ, ਗਈ। ਉਸ ਸਮੇਂ ਗੁਰੂ ਪਰਿਵਾਰ ਅਤੇ ਸਿੱਖਾਂ ਵਾਸਤੇ ਵੀ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਸਨ। ਉਸ ਸਮੇਂ ਮੁਗਲਾਂ ਅਤੇ ਪਹਾੜੀਆਂ ਰਾਜਿਆਂ ਨੇ ਗੁਰੂ ਜੀ ਇੱਕ ਸੁਨੇਹਾ ਭਿਜਵਾਇਆ ਜਿਸ ਵਿੱਚ ਇਹ ਕਿਹਾ ਗਿਆ ਸੀ ਕਿਲਾ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਓ ਅਸੀਂ, ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਵਾਂਗਾ।

5-6 ਦਸੰਬਰ ਦੀ ਕਾਲੀ ਕਾਤਲ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਰਿਵਾਰ ਤੇ ਸਿੱਖਾ ਸਮੇਤ ਆਨੰਦਪੁਰ ਦਾ ਕਿਲਾ ਛੱਡ ਦਿੱਤਾ ਤੇ ਰੋਪੜ ਵਾਲੇ ਪਾਸੇ ਚੱਲ ਪਏ। ਸਰਸਾ ਨਦੀ ਦੇ ਕੰਢੇ ਆ ਕੇ ਗੁਰੂ ਸਾਹਿਬ ਦਾ ਪਰਿਵਾਰ ਖੇਰੂ-ਖੇਰੂ ਹੋ ਗਿਆ। ਮਾਤਾ ਗੁਜਰੀ ਜੀ ਤੇ ਉਨ੍ਹਾਂ ਦੇ ਪੋਤਰਿਆਂ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਮੋਰਿੰਡੇ ਜ਼ਲ੍ਹਿਾ ਰੋਪੜ ਕੋਲ ਆਪਣੇ ਪਿੰਡ ਸਹੇੜੀ ਲੈ ਆਇਆ। ਜਦੋਂ, ਗੰਗੂ ਨੇ ਵੇਖਿਆ ਕਿ ਮਾਤਾ ਜੀ ਦੇ ਕੋਲ ਕੁਝ ਗਹਿਣੇ ਅਤੇ ਨਕਦੀ ਹੈ ਤਾਂ ਉਸ ਦੇ, ਮਨ ਬੇਈਮਾਨ ਹੋ ਗਿਆ। ਗੰਗੂ ਨੇ ਮਾਤਾ ਜੀ ਦੀ ਗਹਿਣੀਆਂ ਦੀ ਪੋਟਲੀ ਚਰਾ ਕੇ ਚੋਰ-ਚੋਰ ਦਾ ਸ਼ੋਰ ਪਾ ਦਿੱਤਾ। ਗੰਗੂ ਨੇ ਲਾਲਚ ਵੱਸ ਗੰਗੂ ਨੇ ਇਨ੍ਹਾਂ ਨੂੰ ਸਰਹਿੰਦ ਦੇ ਸੂਬੇ ਵਜੀਦ ਖਾਨ ਕੋਲ ਪਕੜਵਾ ਦਿੱਤਾ, ਦੋਹਾਂ ਬੱਚਿਆਂ ਅਤੇ ਮਾਤਾ ਗੁਜਰੀ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਹਿਲਾਂ ਮੋਰਿੰਡੇ ਅਤੇ ਫਿਰ ਸਰਹਿੰਦ ਲਿਆਉਣ ਮਗਰੋਂ, ਉਹਨਾਂ, ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ।

ਛੋਟੇ ਸਾਹਿਬਜ਼ਾਦਿਆਂ ਨੂੰ ਤਿੰਨ ਦਿਨ ਤੱਕ ਨਵਾਬ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਂਦਾ ਰਿਹਾ ਤੇ ਕਈ ਪ੍ਰਕਾਰ ਦੀ ਸਖ਼ਤੀ ਕੀਤੀ ਜਾਂਦੀ ਰਹੀ। ਹਰ ਪੇਸ਼ੀ ਵਿੱਚ ਸਾਹਿਬਜ਼ਾਦਿਆਂ ਤੇ ਦਬਾਅ ਪਾਇਆ ਜਾਂਦਾ ਰਿਹਾ ਕਿ ਆਪਣਾ ਧਰਮ ਤਿਆਗ ਦਿਓ, ਨਹੀਂ ਤਾਂ ਕਤਲ ਕਰ ਦਿੱਤੇ ਜਾਣਗੇ। ਕਚਹਿਰੀ ਵਿੱਚ ਜਾਣ ਤੋਂ ਪਹਿਲਾਂ ਮਾਤਾ ਗੁਜਰੀ ਜੀ ਬੱਚਿਆਂ ਨੂੰ, ਆਪਣੇ ਦਾਦੇ ਗੁਰੂ ਤੇਗ ਬਹਾਦਰ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਹਾਦਰੀ ਦੀਆਂ ਗੱਲਾਂ ਸੁਣਦੇ ਰਹਿੰਦੇ। ਬੱਚਿਆਂ ਨੂੰ ਆਪਣੀ ਗੱਲ ਤੇ ਕਾਇਮ ਵੇਖ ਕੇ ਆਖਰ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦੇਣਾ ਦਾ ਹੁਕਮ ਸੁਣਾ ਦਿੱਤਾ

ਨਾਜ਼ਮ ਪਾਪੀ ਕਹਯੋ ਸੁਣਾਈ।
ਦਿਹੁਰੀ ਦੀਵਾਰ ਮੈ ਇਨੈ ਚਿਨਾਈ।
ਜੇ ਮਾਨੇਂਗੇ ਦੀਨ ਹਮਾਰਾ,
ਤੋਂ ਕਰੋ ਹਾਂ ਇਨ ਕਾ ਛੁਟਕਾਰਾ।।

ਆਖਰਕਾਰ ਸੂਬੇ ਵੱਲੋਂ ਇਨ੍ਹਾਂ ਨੂੰ ਕੰਧਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਗੁਰੂ ਗੋਬਿੰਦ ਸਿੰਘ ਨੇ ਇਹ ਸੂਰਬੀਰ ਪੁੱਤਰ ਸਿੱਖੀ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਸ਼ਹੀਦੀਆਂ ਪਾ ਗਏ।

ਮਾਤਾ ਗੁਜਰੀ ਜੀ ਨੇ ਸਿਖਿਆ ਆਪਣੇ ਪੋਤਰਿਆਂ ਨੂੰ ਦਿੱਤੀ ਸੀ,ਉਹ ਅੰਤ ਸਮੇਂ ਤੱਕ ਪੂਰੇ ਉਤਰੇ ਸਨ। ਜਦੋਂ ਇਹ ਖਬਰ ਠੰਡੇ ਬੁਰਜ ਵਿੱਚ ਮਾਤਾ ਗੁਜਰੀ ਜੀ ਕੋਲ ਪਹੁੰਚੀ ਤਾਂ ਮਾਤਾ ਜੀ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਤੇ ਧੰਨ-ਵਾਦ ਕੀਤਾ ਕਿ ਬੱਚੇ ਆਪਣੇ ਧਰਮ ਅਤੇ ਸਿਦਕ ਨੂੰ ਪਾਲਦੇ ਹੋਏ ਦੇਸ਼ ਅਤੇ ਕੌਮ ਲੇਵੀ ਕੁਰਬਾਨ ਹੋ ਗਏ। ਮਾਤਾ ਗੁਜਰੀ ਜੀ ਆਪਣੇ ਜਿਗਰ ਦੇ ਟੋਟਿਆਂ ਦਾ ਵਿਛੋੜਾ ਨਾ ਸਹਾਰਦੇ ਹੋਏ ਅਕਾਲ ਪੁਰਖ ਨੂੰ ਪਿਆਰੇ ਹੋ ਗਏ।ਮਾਤਾ ਜੀ ਦੀ ਉਮਰ 80ਸਾਲ ਦੀ ਸੀ।

ਮਾਤਾ ਗੁਜਰੀ ਟੀਨ ਅਤੇ ਦੋਹਾਂ ਸਾਹਿਬਜ਼ਾਦਿਆਂ ਦੇ ਪਵਿੱਤਰ ਸਰੀਰਾਂ ਦਾ ਸਸਕਾਰ, ਸਰਹਿੰਦ ਦੇ ਇੱਕ ਅਮੀਰ ਜੌਹਰੀ ਟੋਡਰ ਮੱਲ ਨੇ ਮੁਗਲ ਅਧਿਕਾਰੀਆਂ ਨੂੰ ਭਾਰੀ ਰਕਮ ਅਦਾ ਕਰ ਕੇ ਕੀਤਾ ਸੀ।

ਮਾਤਾ ਗੁਜਰੀ ਜੀ ਨੇ ਪੰਜ ਗੁਰੂ ਸਾਹਿਬਾਨ ਦਾਂ ਸਮਾਂ ਆਪਣੀ ਅਖੀਂ ਵੇਖਿਆ ਸੀ, ਅਤੇ ਸਮੇਂ ਦੇ ਕਈ ਝੱਖੜ ਆਪਣੇ ਪਿੰਡੇ ਤੇ ਝੱਲੇ ਸਨ।

ਸਤਿਕਾਰਯੋਗ ਮਾਤਾ ਗੁਜਰੀ ਜੀ ਅਤੇ ਭਾਰਤ ਦੇਸ਼ ਦੀ ਪਹਿਲੀ ਸ਼ਹੀਦ ਇਸਤਰੀ ਹੋਈ ਅਤੇ ਜਿਸ ਦਾ ਜੀਵਨ, ਤਿਆਗ, ਕੁਰਬਾਨੀ ਅਤੇ ਸ਼ਹੀਦੀ ਇਤਿਹਾਸ ਨੂੰ ਇੱਕ ਨਵਾਂ ਮੋੜ ਦੇਵੇਗੀ ਅਤੇ ਭਾਰਤੀ ਨਾਰੀ ਦੇ ਮਾਨ-ਸਨਮਾਨ ਨੂੰ ਉੱਚਾ ਅਤੇ ਸਤਿਕਾਰਤ ਸਥਾਨ ਪ੍ਰਾਪਤ ਕਰਵਾ ਦੇਵੇਗੀ। ਜਿਸ ਨਾਲ ਭਾਰਤੀ ਨਾਰੀ ਦਾ ਜੀਵਨ ਇੱਕ ਸਵੈਮਾਣ ਅਤੇ ਗੌਰਵਮਈ ਅੰਗੜਾਈ ਲੈ ਲਵੇਗਾ।

ਜਿਥੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਉੱਥੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਸਥਾਪਤ ਹੈ। ਜਿਥੇ ਮਾਤਾ ਗੁਜਰੀ ਅਤੇ ਬੱਚਿਆ ਨੂੰ ਕੈਦ ਰੱਖਿਆ ਗਿਆ ਉੱਥੇ ਗੁਰਦੁਆਰਾ ਠੰਡਾ ਬੁਰਜ ਸਾਹਿਬ ਹੈ। ਜਿਥੇ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਜੋਤੀ ਸਰੂਪ ਹੈ।

ਧੰਨ ਮਾਤਾ ਗੁਜਰੀ ਜੀ
ਵਾਹਿਗੁਰੂ ਜੀ ਕਾ ਖਾਲਸਾ ।।
ਵਾਹਿਗੁਰੂ ਜੀ ਕੀ ਫਤਿਹ।।

# ਯਾਦਾਂ ਵਿਚ ਵਸਦੇ ਪਲ

**ਰੀਵਿਊਕਾਰ: ਬਲਜਿੰਦਰ ਮਾਨ 98150-18947**

**ਕਵੀ: ਸੁੱਖਵਿੰਦਰ ਸਿੰਘ ਬੋਦਲਾਂਵਾਲਾ**

**ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ ਮੁਹਾਲੀ, ਪੰਨੇ: 104, ਮੁੱਲ:250/-**

ਹੁਸ਼ਿਆਰਪੁਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਬੋਦਲ ਦਾ ਜੰਮਪਲ ਸੁਖਵਿੰਦਰ ਸਿੰਘ ਬੋਦਲਾਂਵਾਲਾ ਅਮਰੀਕਾ ਦੀ ਧਰਤੀ ਤੇ ਵਿਚਰਦਾ ਹੋਇਆ ਵੀ ਆਪਣੀ ਮਿੱਟੀ ਨਾਲ ਮੋਹ ਪਾਲ ਰਿਹਾ ਹੈ। ਉਸ ਅੰਦਰ ਆਪਣੀ ਇਸ ਧਰਤੀ ਲਈ ਅਥਾਹ ਪਿਆਰ ਹੈ।ਉਹ ਪੰਜਾਬ ਨੂੰ ਖੁਸ਼ਹਾਲ ਦੇਖਣਾ ਲੋਚਦਾ ਹੈ।ਇਸ ਰੀਝ ਦੀ ਪੂਰਤੀ ਵਾਸਤੇ ਉਹ ਪੰਜਾਬੀਅਤ ਲਈ ਸਦਾ ਸਰਗਰਮ ਰਹਿੰਦਾ ਹੈ।ਸਮੇਂ ਦੀ ਕਰਵਟ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ।ਉਸਦੇ ਚੇਤਿਆਂ ਵਿਚ ਉਹੀ ਪੰਜਾਬ ਵਸਦਾ ਹੈ। ਜਦੋਂ ਉਹ ਆਪਣੀ ਇਸ ਪਿਆਰੀ ਤੇ ਨਿਆਰੀ ਧਰਤੀ ਨੂੰ ਛੱਡ ਆਪਣੇ ਪਰਿਵਾਰ ਪਾਸ ਅਮਰੀਕਾ ਜਾ ਵਸਿਆ ਸੀ।ਸ਼ਬਦ ਸਾਧਨਾ ਨੂੰ ਕਦੀ ਨਾ ਛੱਡਣ ਵਾਲਾ ਇਹ ਸ਼ਾਇਰ ਪੰਜਾਬੀ ਮਾਂ ਬੋਲੀ ਦਾ ਪ੍ਰਚਾਰਕ ਅਤੇ ਆਲੰਬਰਦਾਰ ਬਣਦਾ ਹੈ। ਉਸ ਅੰਦਰ ਧਰਤੀ ਮਾਤਾ ,ਜਨਮ ਦੇਣ ਵਾਲੀ ਮਾਤਾ ਅਤੇ ਮਾਂ ਬੋਲੀ ਲਈ ਅਥਾਹ ਆਦਰ ਅਤੇ ਪਿਆਰ ਹੈ । ਇਸੇ ਕਰਕੇ ਉਹ ਆਪਣੀਆਂ ਰਚਨਾਵਾਂ ਵਿਚ ਇਹਨਾਂ ਦਾ ਰੱਜ ਰੱਜ ਆਦਰ ਤੇ ਮਾਣ ਕਰਦਾ ਹੈ। ਉਸਦੀਆਂ ਬਹੁਤੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ।

ਯਾਦਾਂ ਵਿਚ ਵਸਦੇ ਪਲ ਕਾਵਿ ਸੰਗ੍ਰਹਿ ਵਿਚ ਸੁੱਖਵਿੰਦਰ ਸਿੰਘ ਬੋਦਲਾਂਵਾਲਾ ਦੀਆਂ 88 ਕਵਿਤਾਵਾਂ ਅਤੇ ਗਜ਼ਲਾਂ ਸ਼ਾਮਿਲ ਹਨ। ਇਹਨਾਂ ਦਾ ਵਿਸ਼ਾ ਵਸਤੂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਹੈ। ਉਹ ਸਾਨੂੰ ਸਭ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦਾ ਯਤਨ ਕਰਦਾ ਹੈ।ਇਸੇ ਤਰ੍ਹਾਂ ਅਮੀਰ ਵਿਰਾਸਤ ਦੀ ਸਾਂਭ ਸੰਭਾਲ ਦੀ ਗੱਲ ਕਰਦਾ ਹੋਇਆ ਗੁਰੂ ਸਾਹਿਬਾਨ ਦੁਆਰਾ ਬਖਸ਼ੀ ਕਿਰਤ ਦੀ ਕਮਾਈ ਨੂੰ ਅਪਣਾਉਣ ਦਾ ਸੁਨੇਹਾ ਦਿੰਦਾ ਹੈ।ਜੁਆਨੀ ਨੂੰ ਯਾਦ ਕਰਦਾ ਮਿੱਤਰ ਬੇਲੀਆਂ ਦੀ ਗੱਲ ਕਰਦਾ ਹੈ। ਇਸੇ ਸਮੇਂ ਦੇ ਵਿਛੜੇ ਯਾਰਾਂ ਦੀ ਪੀੜ ਨੂੰ ਸਮੇਂ ਦੇ ਮਰਹਮ ਨਾਲ ਸਹਿਲਾਉਣ ਦਾ ਯਤਨ ਵੀ ਕਰਦਾ ਹੈ।ਉਸਦਾ ਪਿੰਡ ਦੀਆਂ ਗਲੀਆਂ ਅਤੇ ਮੰਦਰਾਂ ਗੁਰ-ਦਵਾਰਿਆਂ ਨਾਲ ਵੀ ਮੋਹ ਹੈ।

ਮਿੱਤਰਾਂ ਨੂੰ ਯਾਦ ਨਹੀਂ ਕਰਦਾ ਸਗੋਂ ਉਹਨਾਂ ਲਈ ਚੜ੍ਹਦੀ ਕਲਾ ਦੀ ਵੀ ਕਾਮਨਾ ਕਰਦਾ ਹੈ। ਅਸਲ ਵਿਚ ਸਮੁੱਚੇ ਪੰਜਾਬ ਨੂੰ ਰਸਦਾ ਵਸਦਾ ਦੇਖਣ ਦੀ ਤਮੰਨਾ ਰੱਖਦਾ ਹੈ।ਕਾਵਿ ਸੰਗ੍ਰਹਿ 'ਯਾਦਾਂ ਵਿਚ ਵਸਦੇ ਪਲ' ਵਿਚ ਉਸਨੇ ਪੰਜਾਬ ਦੇ ਮਸਲਿਆਂ ਨੂੰ ਵੀ ਉਭਾਰਿਆਂ ਹੈ। ਨਸ਼ਿਆਂ ਵਿਚ ਡੁੱਬੀ ਜੁਆਨੀ ਨੂੰ ਸ਼ਹੀਦ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੀਆਂ ਉਦਾਹਰਨਾਂ ਨਾਲ ਹਲੂਣਾ ਮਾਰਿਆ ਹੈ। ਇਸ ਤਰ੍ਹਾਂ ਪੁਸਤਕ ਦੀ ਹਰ ਰਚਨਾ ਸਾਨੂੰ ਨਵੇਂ ਵਿਸ਼ੇ ਬਾਰੇ ਵਾਕਫੀਅਤ ਦਿੰਦੀ ਹੋਈ ਨਵੀਂ ਰਾਹ ਦਿਖਾਉਂਦੀ ਹੈ। ਉਸ ਕੋਲ ਕਾਵਿਤਾ ਘੜਨ ਅਤੇ ਸੁਨਿਆਰੇ ਵਾਂਗ ਜੜਨ ਦੀ ਕਲਾ ਹੈ।ਜਿਸ ਸਦਕਾ ਸਫ਼ਲਤਾ ਨਾਲ ਗ਼ਜ਼ਲ ਅਤੇ ਕਵਿਤਾ ਦੀ ਸਿਰਜਣਾ ਕਰ ਰਿਹਾ ਹੈ। ਉਸਦੀਆਂ ਵੰਨ-ਸੁਵੰਨੀਆਂ ਰਚਨਾਵਾਂ ਦਾ ਇਹ ਇਕ ਮਹਿਕਦਾ ਤੇ ਟਹਿਕਦਾ ਗੁਲਦਸਤਾ ਹੈ। ਪ੍ਰਮਾਤਮਾ ਉਸਦੀ ਕਲਮ ਨੂੰ ਸਦਾ ਚੜ੍ਹਦੀ ਕਲਾ ਬਖਸ਼ੇ।ਇਹ ਮੇਰੀ ਦੁਆ ਹੈ।



# ਕੀ ਵਿਦਿਆਰਥੀਆਂ ਨੂੰ ਜੇਈਈ ਮੇਨ 2021, ਚਾਰ ਮੌਕੇ ਦੇਣੇ ਚਾਹੀਦੇ ਹਨ?



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਕੀ ਕਿਸੇ ਨੂੰ ਚਾਰੇ ਕੋਸ਼ਿਸ਼ਾਂ ਲਈ ਰਜਿਸਟਰ ਕਰਨਾ ਚਾਹੀਦਾ ਹੈ?

ਹਾਂ, ਵਿਦਿਆਰਥੀਆਂ ਨੂੰ ਚਾਰੋਂ ਕੋਸ਼ਿਸ਼ਾਂ ਲਈ ਰਜਿਸਟਰ ਕਰਨਾ ਚਾਹੀਦਾ ਹੈ. ਜਦੋਂ ਸਮਾਂ ਆ ਜਾਂਦਾ ਹੈ, ਵਿਦਿਆਰਥੀ ਉਸ ਕੋਸ਼ਿਸ਼ ਲਈ ਰਿਫੰਡ ਲੈ ਸਕਦਾ ਹੈ ਜਿਸਦੀ ਉਹ ਕੋਸ਼ਿਸ਼ ਨਹੀਂ ਕਰ ਰਹੇ।

ਨੋਟ: ਸਾਰੇ ਚਾਰ ਸੈਸ਼ਨਾਂ ਲਈ ਫੀਸਾਂ ਦਾ ਭੁਗਤਾਨ ਇਕੋ ਸਮੇਂ ਕੀਤਾ ਜਾ ਸਕਦਾ ਹੈ। ਜੇ ਕੋਈ ਉਮੀਦਵਾਰ ਕਿਸੇ ਵੀ ਸੈਸ਼ਨ ਵਿਚ ਪੇਸ਼ ਹੋਣਾ ਨਹੀਂ ਚਾਹੁੰਦਾ ਜਿਸ ਲਈ ਫੀਸ ਪਹਿਲਾਂ ਹੀ ਅਦਾ ਕੀਤੀ ਗਈ ਹੈ, ਤਾਂ ਇਹ ਐਨਟੀਏ ਦੁਆਰਾ ਵਾਪਸ ਕਰ ਦਿੱਤਾ ਜਾਵੇਗਾ, ਬਸ਼ਰਤੇ ਇਹ ਬੇਨਤੀ ਸੈਸ਼ਨ ਦੀ ਅਰਜ਼ੀ ਪ੍ਰਕਿਰਿਆ ਦੌਰਾਨ ਪ੍ਰਾਪਤ ਕੀਤੀ ਜਾਂਦੀ ਹੈ ਜਿੱਥੋਂ ਉਮੀਦਵਾਰ ਵਾਪਸ ਲੈਣਾ ਚਾਹੁੰਦਾ ਹੈ।

ਕੀ ਪਹਿਲੀ ਕੋਸ਼ਿਸ਼ ਨੂੰ ਮੌਕ ਟੈਸਟ / ਅਭਿਆਸ ਟੈਸਟ ਮੰਨਿਆ ਜਾ ਸਕਦਾ ਹੈ?

ਯਾਦ ਰੱਖੋ ਕਿ ਹਰ ਕੋਸ਼ਿਸ਼ ਦੂਸਰੇ ਜਿੰਨੀ ਮਹੱਤਵਪੂਰਣ ਹੈ। ਆਪਣੇ ਆਪ ਨੂੰ ਇਹ ਸੋਚ ਕੇ ਮੂਰਖ ਨਾ ਬਣਾਓ ਕਿ ਪਹਿਲੀ ਕੋਸ਼ਸ਼ਸ਼ ਨੂੰ ਹਲਕੇ ਤਰੀਕੇ ਨਾਲ ਲਿਆ ਜਾ ਸਕਦਾ ਹੈ, ਕਿਉਂਕਿ ਕਤਾਰ ਵਿਚ ਤਿੰਨ ਹੋਰ ਹਨ।



ਫਲੈਸ਼ਬੈਕ: ਜੇਈਈ ਮੇਨ 2020 ਵਿਚ, ਵਿਦਿਆਰਥੀਆਂ ਨੇ ਮਖੌਲ ਦੀ ਪ੍ਰੀਖਿਆ ਵਜੋਂ ਜਨਵਰੀ ਦੀ ਕੋਸ਼ਸ਼ਸ਼ ਕੀਤੀ। ਇੱਕ ਮਾਨਸਿਕਤਾ ਦੇ ਨਾਲ ਕਿ ਉਹ ਸਤੰਬਰ ਦੀ ਕੋਸ਼ਸ਼ਸ਼ ਵਿੱਚ ਬਿਹਤਰ ਪ੍ਰਦਰਸ਼ਨ ਕਰਨਗੇ। ਫਿਰ ਵਿਦਿਆਰਥੀਆਂ ਨੇ ਆਪਣੇ ਪ੍ਰਤੀਸ਼ਤ ਨੂੰ ਹੁਲਾਰਾ ਦੇਣ ਦੀ ਉਮੀਦ ਵਿਚ ਅਗਲੇ ਸੱਤ ਮਹੀਨਿਆਂ ਲਈ ਬਹੁਤ ਸਖ਼ਤ ਮਿਹਨਤ ਕੀਤੀ। ਬਦਕਿਸਮਤੀ ਨਾਲ, ਸਤੰਬਰ ਦੀ ਕੋਸ਼ਸ਼ਸ਼ ਨੇ ਉਨ੍ਹਾਂ ਦੀਆਂ ਉਮੀਦਾਂ ਨੂੰ ਉਲਟਾ ਦਿੱਤਾ। ਅਤੇ ਉਨ੍ਹਾਂ ਦੀ ਸ਼ਾਰਟਕੱਟ ਨੇ ਇੱਕ ਵੱਡੀ ਗਿਰਾਵਟ ਲਈ ਅਤੇ ਆਖਰਕਾਰ ਉਨ੍ਹਾਂ ਦੀ ਜਨਵਰੀ ਦੀ ਪ੍ਰਤੀਸ਼ਤ ਨੂੰ ਮੈਰਿਟ ਸੂਚੀ ਲਈ ਗਿਣਿਆ ਗਿਆ।

ਇਸ ਲਈ, ਕਦੇ ਵੀ ਕੋਈ ਕੋਸ਼ਿਸ਼ ਹਲਕੇ ਢੰਗ ਨਾਲ ਨਾ ਲਓ। ਭਾਵੇਂ ਤੁਸੀਂ ਸਾਰੀਆਂ ਕੋਸ਼ਿਸ਼ਾਂ ਨਾਲ ਅੱਗੇ ਵਧ ਰਹੇ ਹੋ; ਉਨ੍ਹਾਂ ਸਾਰਿਆਂ ਉੱਤੇ ਬਰਾਬਰ ਫੋਕਸ ਕਰੋ। ਕਿਸ ਕੋਸ਼ਿਸ਼ ਵਿੱਚ ਹਰ ਚਾਹਵਾਨ ਪ੍ਰਗਟ ਹੋਣਾ ਚਾਹੀਦਾ ਹੈ?

ਫਰਵਰੀ ਦੀ ਕੋਸ਼ਿਸ਼ ਅਤੇ ਮਈ ਦੀ ਕੋਸ਼ਸ਼ਸ਼ ਵਿਚ ਪ੍ਰਗਟ ਹੋਣਾ, ਸਭ ਤੋਂ ਪਹਿਲਾਂ ਅਤੇ ਆਖਰੀ। ਤੁਹਾਡੀ ਬੋਰਡ ਦੀ ਪ੍ਰੀਖਿਆ ਦੂਜੀ ਜਾਂ ਤੀਜੀ ਕੋਸ਼ਿਸ਼ ਨਾਲ ਟਕਰਾ ਸਕਦੀ ਹੈ, ਇਸ ਲਈ ਉਨ੍ਹਾਂ ਦੋਵਾਂ ਲਈ ਸਿਰਫ ਰਜਿਸਟਰ ਕਰੋ, ਅਤੇ ਫੈਸ਼ਲਾ ਕਰੋ ਕਿ ਬਾਅਦ ਵਿਚ ਕਿਹੜਾ ਪੇਸ਼ ਹੋਣਾ ਹੈ।

ਚਲੋ ਫਰਵਰੀ ਮਹੀਨੇ ਦੀ ਕੋਸ਼ਿਸ਼ ਤੋਂ ਬਾਅਦ ਕੀ ਕਰੀਏ ਇਸ ਬਾਰੇ ਗੱਲ ਕਰੀਏ:

ਆਪਣੀ ਗਲਤੀਆਂ ਦਾ ਚੰਗੀ ਤਰ੍ਹਾਂ ਮੁਲਾਂਕਣ ਕਰੋ ਅਤੇ ਤੁਸੀਂ ਕਿਹੜੇ ਵਿਸ਼ਿਆਂ ਤੋਂ ਖੁੰਝ ਗਏ ਹੋ, ਇਮਤਿਹਾਨ ਵਿਚ ਆਉਣ ਤੋਂ ਬਾਅਦ ਪੰਜ ਦਿਨਾਂ ਵਿਚ (ਹਰ ਕੋਸ਼ਸ਼ਸ਼ ਦਾ ਨਤੀਜਾ ਪੰਜ ਦਿਨਾਂ ਦੇ ਅੰਦਰ ਐਲਾਨ ਕੀਤਾ ਜਾਵੇਗਾ)। ਚਾਰੇ ਯਤਨਾਂ ਦਾ ਮਾਪਦੰਡ ਇਕੋ ਜਿਹਾ ਹੋਵੇਗਾ ਉਪਲਬਧ ਮਾਮੂਲੀ ਜਾਣਕਾਰੀ ਦੇ ਅਨੁਸਾਰ. ਇਸ ਲਈ ਤੁਹਾਨੂੰ ਦੂਜੀ / ਤੀਜੀ ਕੋਸ਼ਿਸ਼ ਵਿਚ ਉਨ੍ਹਾਂ ਕਮਜ਼ੋਰੀਆਂ ਨੂੰ ਦੂਰ ਕਰਨ ਦੀ ਜ਼ਰੂਰਤ ਹੈ। ਆਓ ਫ਼ੈਸਲੇ ਨੂੰ ਬਾਅਦ ਵਿਚ ਰੱਖੀਏ, ਤੁਸੀਂ ਪੇਸ਼ਲਾ ਕਰ ਸਕਦੇ ਹੋ ਕਿ ਤੁਹਾਨੂੰ ਫਰਵਰੀ ਦੀ ਕੋਸ਼ਿਸ਼ ਤੋਂ ਬਾਅਦ ਕਿਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ।

ਫਰਵਰੀ ਦੀ ਕੋਸ਼ਿਸ਼ ਵਿਚ ਆਪਣਾ 100% ਦਿਓ, ਅਤੇ ਤੁਹਾਨੂੰ ਨਿਸ਼ਚਤ ਤੌਰ 'ਤੇ ਮਈ ਦੀ ਕੋਸ਼ਸ਼ਸ਼ ਕਰਨੀ ਪਵੇਗੀ - ਇਹ ਜੇਈਈ ਮੇਨ ਅਤੇ ਜੇਈਈ ਐਡਵਾਂਸਡ ਐਸਪਾਇਰਸ ਦੋਵਾਂ ਲਈ ਹੈ। ਦੂਜੇ / ਤੀਜੇ ਨੰਬਰ 'ਤੇ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ' ਤੇ ਕੰਮ ਕਰੋ।

# 2020 ਤੋਂ 2021 ਤੱਕ ਭਾਰਤੀ ਸਿੱਖਿਆ ਪ੍ਰਣਾਲੀ 'ਤੇ ਇਕ ਪੰਛੀ ਝਾਤ

ਸਾਲ 2020 ਨੂੰ ਨਿਰਸਧਾਰਣ ਦੇ ਸਾਲ ਵਜੋਂ ਯਾਦ ਕੀਤਾ ਜਾਏਗਾ, ਬਹੁਤ ਸਾਰੇ ਖੇਤਰਾਂ ਵਿੱਚ ਜਿਸ ਵਿੱਚ ਸਿੱਖਿਆ ਸ਼ਾਮਲ ਹੈ। ਕੋਵਿਡ -19 ਮਹਾਂਮਾਰੀ ਨੇ ਦਰਦਨਾਕ ਤਰੀਕਾ ਨਾਲ ਰਸਮ ਨੂੰ ਖਤਮ ਕਰ ਦਿੱਤਾ। ਪੂਰਾ ਦਿਨ ਕਿਤਾਬਾਂ, ਅਧਿਆਪਕਾਂ ਅਤੇ ਸਹਿਪਾਠੀਆਂ ਨਾਲ ਬਿਤਾਉਣ ਅਤੇ ਬਿਤਾਉਣ ਲਈ। ਅਕਾਦਮਿਕ ਕੈਲੰਡਰ ਸਭ ਤੋਂ ਉੱਚਾ ਹੋ ਗਿਆ ਅਤੇ ਵਿਦਿਆਰਥੀਆਂ ਨੇ ਆਪਣੇ ਆਪ ਨੂੰ ਹਫੜਾ-ਦਫੜੀ ਵਾਲੀ ਸਿੱਖਿਆ ਪ੍ਰਣਾਲੀ ਦੀ ਦਲਦਲ ਵਿਚ ਪਾਇਆ. ਇੱਥੇ ਉਨ੍ਹਾਂ ਚੀਜ਼ਾਂ ਨੂੰ ਯਾਦ ਕਰ ਰਹੇ ਹਾਂ ਜਿਨ੍ਹਾਂ ਨੇ 2020 ਵਿਚ ਭਾਰਤੀ ਸਿੱਖਿਆ ਦੇ ਨਜ਼ਰੀਏ ਨੂੰ ਬਦਲ ਦਿੱਤਾ

**1) ਵਰਚੁਅਲ ਕਲਾਸਰੂਮ**

ਮਾਰਚ ਵਿੱਚ ਤਾਲਾਬੰਦੀ ਦੀ ਸ਼ੁਰੂਆਤ ਤੋਂ ਬਾਅਦ, ਦੇਸ਼ ਭਰ ਦੇ ਕੈਂਪਸਾਂ ਨੂੰ ਬੰਦ ਕਰ ਦਿੱਤਾ ਗਿਆ। ਵਿੱਦਿਅਕ ਸੈਸ਼ਨ ਨੂੰ ਜਾਰੀ ਰੱਖਣ ਲਈ, ਕਿੰਡਰਗਾਰਟਨ ਤੋਂ ਲੈ ਕੇ ਯੂਨੀਵਰਸਟੀਆਂ ਦੇ ਸਾਰੇ ਅਕਾਦਮਿਕ ਸੰਸਥਾਵਾਂ - ਵਰਚੁਅਲ ਕਲਾਸਰੂਮਾਂ ਵਿੱਚ ਤਬਦੀਲ ਹੋ ਗਈਆਂ। ਜ਼ਿਆਦਾਤਰ ਸੰਸਥਾਵਾਂ ਡਿਜੀਟਲ ਕਲਾਸਾਂ ਲਈ ਬੁਨਿਆਦੀ ਢਾਚੇ ਦੀ ਘਾਟ ਸਨ ਜਦੋਂ ਕਿ ਕੁਝ ਸੀ। ਇਸ ਪਲੇਟਫਾਰਮ 'ਤੇ ਪਿਛਲੇ ਤਜਰਬੇ। ਅਧਿਆਪਕਾਂ ਨੇ ਡਿਜੀਟਲ ਪਲੇਟਫਾਰਮ ਤੇ ਭਾਸ਼ਣ ਦੇਣ ਬਾਰੇ ਸਿਖਣ ਲਈ ਸੰਘਰਸ਼ ਕੀਤਾ.

**2) ਡਿਜੀਟਲ-ਅਨੁਕਲ ਪਾਠਕ੍ਰਮ**

ਸਿਲੇਬਸ ਇੱਕ ਸਮੁੰਦਰੀ ਤਬਦੀਲੀ ਵਿੱਚੋਂ ਲੰਘੇ। ਇੱਟ-ਅਤੇ-ਮੋਰਟਾਰ ਕਲਾਸਰੂਮਾਂ ਲਈ ਪਾਠ ਪੁਸਤਕ ਦੀ ਸਿੱਖਿਆ ਨੂੰ ਇੱਕ -ਨਲਾਈਨ-ਦੋਸਤਾਨਾ ਫਾਰਮੈਟ ਵਿੱਚ ਬਦਲਣਾ ਪਿਆ.&; ਹਾਲਾਂਕਿ ਯੂਜੀਸੀ ਨੇ ਸਾਰੀਆਂ 900 ਯੂਨੀਵਰਸਿਟੀਆਂ ਵਿਚ ਆਨਲਾਈਨ ਕਲਾਸਾਂ ਦੀ ਆਗਿਆ ਦਿੱਤੀ ਸੀ, ਇੰਡੀਆ ਨੇ ਈ-ਸਿਖਲਾਈ ਨਾਲ ਸੰਘਰਸ਼ ਕੀਤਾ. ਬਹੁਤ ਸਾਰੇ ਇੰਟਰਨੈੱਟ ਦੀ ਪਹੁੰਚ ਬਗੈਰ ਪਰੇਸ਼ਾਨ ਵਿੱਚ ਛੱਡ ਦਿੱਤਾ

ਇੰਟਰਨੈਟ ਕਨੈਕਟੀਵਿਟੀ ਇਕ ਹੋਰ ਰੁਕਾਵਟ ਸੀ. ਤੇਜ਼ ਰਫਤਾਰ ਇੰਟਰਨੈਟ ਅਤੇ ਡਿਜੀਟਲ ਗੈਜੇਟ ਤੱਕ ਪਹੁੰਚ ਨਾ ਹੋਣ ਦਾ ਅਰਥ ਹੈ ਅਰਧ ਸ਼ਹਿਰੀ ਅਤੇ ਪੇਂਡੂ ਭਾਰਤ ਦੇ ਵੱਡੇ ਹਿੱਸਿਆਂ ਵਿਚ ਵਿਦਿਆਰਥੀ ਹਨੇਰੇ ਵਿਚ ਘੁੰਮ ਰਹੇ ਸਨ। ਮਹਾਂਮਾਰੀ ਤੋਂ ਪਹਿਲਾਂ ਸਕੂਲੀ ਬੱਚਿਆਂ ਵਿਚੋਂ 32 ਮਿਲੀਅਨ ਪਹਿਲਾਂ ਹੀ; ਡਿਜੀਟਲ ਨੇ ਸਿੱਖਿਆ ਅਤੇ ਪੇਂਡੂ ਵਿਦਿਆਰਥੀਆਂ ਵਿੱਚ ਇੱਕ ਹੋਰ ਵੱਡਾ ਪਾੜਾ ਪੈਦਾ ਕਰ ਦਿੱਤਾ।

**4) 2020 ਦਾ ਮੁੱਖ ਸ਼ਬਦ- 'ਵੈਬਿਨਾਰ'**

ਜਿਵੇਂ ਕਿ ਵਿਦਿਆਰਥੀ ਅਤੇ ਅਧਿਆਪਕ ਘਰ ਦੇ ਅੰਦਰ ਹੀ ਰਹੇ। ਹਰ ਕੋਈ ਵੈਬਿਨਾਰ, ਜਾਂ ਆਨਲਾਈਨ ਸੈਮੀਨਾਰ, ਸਕੂਲ, ਕਾਲਜ, ਯੂਨੀਵਰਸਿਟੀ, ਸਿੱਖਣ ਪਲੇਟਫਾਰਮ, ਅਕਾਦਮਿਕ ਵੈਬਸਾਈਟਾਂ, ਸਿੱਖਿਆ ਕੰਪਨੀਆਂ - ਵੱਲ ਬਦਲਿਆ - ਹਰੇਕ ਨੇ ਵੈਬਿਨਾਰ ਕਰਵਾਏ ਤਾਂ ਜੋ ਜੀਵਨ ਦੀਆਂ ਕੁਸ਼ਲਤਾਵਾਂ, ਕਰੀਅਰ ਦੇ ਮਾਰਗਦਰਸ਼ਨ, ਮਾਨਸਿਕ ਸਿਹਤ ਅਤੇ ਇਸ ਤੋਂ ਇਲਾਵਾ ਕਿਸੇ ਵੀ ਚੀਜ਼ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ.

**5) ਬੋਰਡ ਦੀਆਂ ਪ੍ਰੀਖਿਆਵਾਂ ਪਿਛੇ ਹੋ ਗਈਆਂ**

ਬੋਰਡ ਦੀਆਂ ਕਈ ਪ੍ਰੀਖਿਆਵਾਂ ਵਾਪਸ ਧੱਕੀਆਂ ਗਈਆਂ, ਸੀਬੀਐਸਈ ਦੀ ਦਸਵੀਂ ਅਤੇ ਬਾਰ੍ਹਵੀਂ ਜਮਾਤ, ਅਤੇ ਆਈ.ਸੀ.ਐੱਸ.ਈ. ਅਤੇ ਆਈ.ਐੱਸ.ਸੀ. ਦੀਆਂ ਪ੍ਰੀਖਿਆਵਾਂ ਦੁਬਾਰਾ ਤਹਿ ਕੀਤੀਆਂ ਗਈਆਂ ਕਿਉਂਕਿ ਕਈ ਰਾਜ ਬੋਰਡਾਂ ਦੇ ਟੈਸਟ ਸਨ।

ਬਹੁਤ ਸਾਰੇ ਬੋਰਡਾਂ ਨੇ ਜਵਾਬ ਸਕ੍ਰਿਪਟਾਂ ਦੀ ਢਿਲੀ ਚੈਕਿੰਗ ਤੇ ਫੈਸਲਾ ਲਿਆ। ਸੁਪਰੀਮ ਕੋਰਟ ਨੇ ਇਮਤਿਹਾਨਾਂ ਦੇ ਪ੍ਰੀਖਿਆਰਥੀਆਂ ਦੇ ਮੁਲਾਂਕਣ ਦੇ ਫਾਰਮੂਲੇ ਨੂੰ ਮਨਜ਼ੂਰੀ ਦੇ ਦਿੱਤੀ ਸੀ ਜੋ ਸੀਬੀਐਸਆਰ ਨੇ ਰੱਦ ਕਰ ਦਿੱਤੀ ਸੀ। ਪ੍ਰਵੇਸ਼ ਪ੍ਰੀਖਿਆਵਾਂ ਜਿਵੇਂ ਜੇਈਈ ਮੇਨ, ਗੁਜਕੇਟ, ਅਤੇ ਨੀਟ ਬਹੁਤ ਹੀ ਮੁਲਤਵੀ ਕਰ ਦਿੱਤੀਆਂ ਗਈਆਂ ਸਨ।

**6} ਆਨਲਾਈਨ ਪ੍ਰੀਖਿਆਵਾਂ ਅਤੇ ਦਾਖਲੇ**

ਦਰਵਾਜ਼ੇ 'ਤੇ ਅੰਤਮ ਪ੍ਰੀਖਿਆਵਾਂ ਦੇ ਨਾਲ, ਡਿਜੀਟਲ ਫਾਰਮੈਟ ਇਕੋ ਇਕ ਹੱਲ ਸੀ, ਸੰਸਥਾਵਾਂ ਨੇ ਪ੍ਰੀਖਿਆ ਪ੍ਰਣਾਲੀ ਦੀ ਪਵਿੱਤਰਤਾ ਨੂੰ ਯਕੀਨੀ ਬਣਾਉਣ ਅਤੇ ਵਿਦਿਆਰਥੀਆਂ ਨੂੰ ਧੋਖਾ ਕਰਨ ਤੋਂ ਰੋਕਣ ਲਈ ਕਾਬੂ ਪਾਇਆ। ਸਿੱਖਿਆ ਮੰਤਰ-ਾਲੇ ਨੇ ਇੱਕ ਨਿਯਮ, ਨਿਯਮਾਂ ਅਤੇ ਆਨਲਾਈਨ ਟੈਸਟਾਂ ਲਈ ਤਕਨੀਕਾਂ ਦਾ ਸੁਝਾਅ ਦੇਣ ਲਈ ਇੱਕ ਕਮੇਟੀ ਬਣਾਈ। ਕਿੰਡਰਗਾਰਟਨ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਦੇ, 2020-2021 ਦੇ ਅਕਾਦਮਿਕ ਸੈਸ਼ਨ ਲਈ ਦਾਖਲਾ ਵੀ ਆਨਲਾਈਨ ਹੋਇਆ ਸੀ। ਦਾਖਲੇ ਲੈਣ ਲਈ ਕਾਲਜ ਅਤੇ ਯੂਨੀਵਰਸਿਟੀਆਂ ਆਪਣੇ ਡਿਜੀਟਲ ਪ੍ਰਣਾਲੀਆਂ ਨੂੰ ਅਪਗ੍ਰੇਡ ਕਰਨ ਦੀ ਕੋਸਿਸ਼ ਕਰ ਰਹੀਆਂ ਸਨ। ਖੁੰਝੀਆਂ ਤਰੀਕਾਂ ਅਤੇ ਮੁਸ਼ਕਲ ਪ੍ਰਵੇਸ਼ ਪ੍ਰਕਿਰਿਆਵਾਂ ਦੇ ਨਤੀਜੇ ਵਜੋਂ ਵਿਦਿਆਰਥੀ ਅਤੇ ਮਾਪੇ ਵਿਕਲਪ ਦੀ ਚੋਣ ਅਤੇ ਭੁਗਤਾਨ ਨਾਲ ਸੰਘਰਸ਼ ਕਰ ਰਹੇ ਹਨ.

**7) ਵਿਦਿਅਕ ਟੈਕਨੋਲੋਜੀ ਨੇ ਆਸਮਾਨ ਦੀ ਉਚਾਈਆਂ ਤੱਕ ਪਹੁੰਚਾਈਆਂ**

ਆਨਲਾਈਨ ਸਿਖਲਾਈ ਨੇ ਭਾਰਤ ਵਿਚ ਇਕ ਵੱਡੀ ਛਲਾਂਗ ਲਗਾਈ। ਲੰਬੇ ਤਾਲਾਬੰਦੀ ਕਾਰਨ ਕਈਆਂ ਨੂੰ ਵੱਖ-ਵੱਖ ਡਿਜੀਟਲ ਪਲੇਟਫਾਰਮਸ ਦੁਆਰਾ ਪ੍ਰਦਾਨ ਕੀਤੇ ਗਏ ਛੋਟੇ ਆਨਲਾਈਨ ਕੋਰਸਾਂ ਲਈ ਸਾਈਨ ਅਪ ਕਰਨਾ ਪਿਆ. ਉਦਾਹਰਣ ਦੇ ਲਈ, ਕੇਂਦਰੀ ਸਿੱਖਿਆ ਮੰਤਰਾਲੇ ਦੇ ਈ-ਲਰਨਿੰਗ ਪਲੇਟਫਾਰਮਸ ਸਵੈਯਾਮ ਨੇ 2000 ਤੋਂ ਵੱਧ ਮੁਫਤ ਕੋਰਸ ਪੇਸ਼ ਕੀਤੇ ਅਤੇ ਵਿਦਿਆਰਥੀਆਂ ਵਿੱਚ ਬਹੁਤ ਮਸ਼ਹੂਰ ਹੋਏ।


ਇਸਰੋ ਅਤੇ ਆਈਆਈਟੀ ਮਦਰਾਸ ਵਰਗੇ ਪ੍ਰਮੁੱਖ ਅਦਾਰਿਆਂ ਨੇ ਇਸ ਸਾਲ ਪ੍ਰੋਗਰਾਮਿੰਗ ਅਤੇ ਡੇਟਾ ਸਾਇੰਸ ਵਿਚ ਬੀਐਸਸੀ ਦੀ ਪਹਿਲੀ ਡਿਗਰੀ ਅਰੰਭ ਕੀਤੀ।

ਪਲੇਸਮੈਂਟ ਅਤੇ ਇੰਟਰਨਸ਼ਿਪ ਪਰ ਘੱਟ ਗਿਣਤੀ ਵਿੱਚ ਬਹੁਤੇ ਕਾਲਜਾਂ ਅਤੇ ਪੇਸ਼ੇਵਰ ਸਿਖਲਾਈ ਸੰਸਥਾਵਾਂ ਨੇ ਆਪਣੀ ਅੰਤਮ ਪਲੇਸਮੈਂਟ ਅਤੇ ਗਰਮੀਆਂ ਦੀ ਇੰਟਰਨਸ਼ਿਪਿ ਇੰਟਰਵਿ ਆਨਲਾਈਨ ਲਈ. ਮਹਾਂਮਾਰੀ ਦੇ ਕਾਰਨ ਅੰਤਰ-ਰਾਸ਼ਟਰੀ ਪੇਸ਼ਕਸ਼ਾਂ ਬਿਲਕੁਲ ਦਿਖਾਈ ਨਹੀਂ ਦੇ ਰਹੀਆਂ ਸਨ। ਇਹ ਚੋਟੀ ਦੀਆਂ ਭਾਰਤੀ ਕੰਪਨੀਆਂ ਲਈ ਵਰਦਾਨ ਬਣ ਗਈ ਜਿਸ ਨੇ ਕਰੀਮ ਦੇ ਵਿਦਿਆਰਥੀਆਂ ਨੂੰ ਭਰਤੀ ਕੀਤਾ ਜਿਹੜੇ ਵਿਦੇਸ਼ਾਂ ਵਿਚ ਨੌਕਰੀ ਦੀ ਚੋਣ ਕਰਨਗੇ। **- ਵਿਜੈ ਗਰਗ**






# ਪੰਜਾਬੀ ਫਿਲਮ ਖ਼ਬਰਨਾਮਾ - ਅੰਮ੍ਰਿਤ ਪਵਾਰ











### ਕਾਜਲ ਦੀ ਸੁਣੋ

ਮਿਲਖ ਪਿੰਡ ਚੰਗੀਗੜ੍ਹ ਰਹਿ ਰਹੀ ਕਾਜਲ ਅਭਿਨੈ ਦਾ ਸ਼ੌਕ ਬਚਪਨ ਤੋਂ ਰੱਖਦੀ ਸੀ। ਕੁੱਝ ਵੀਡਿਉਜ 'ਚ 'ਐਕਸਟਰਾ'ਕੰਮ ਕਰਦੀ ਉਹ ਹੁਣ ਮੈਂਡੀ ਭੁੱਲਰ ਦੇ ਗਰੁੱਪ 'ਚ ਆਈ ਹੈ। ਮੈਂਡੀ ਕੋਲ ਸਭਰਵਾਲ ਫਿਲਮਜ਼ ਦੀਆਂ ਸ਼ਾਰਟ ਫਿਲਮਾਂ ਦਾ ਕਾਫੀ ਕੰਮ ਹੈ। ਕਾਜਲ ਦੀ ਸੁਣੋ ਕਿ ਮੈਂਡੀ ਭੁੱਲਰ ਉਸਦਾ ਨਾਂਅ ਗਲੈਮਰ ਸੰਸਾਰ 'ਚ ਬਣਾਏਗਾ।

### ਦਿੱਲੀ ਵਾਲਾ ਮੋਰਚਾ - ਵਿਜੈ ਮੱਟੂ

ਫਿਲਮ ਨਿਰਦੇਸ਼ਕ ਵਿਜੈ ਮੱਟੂ ਨੇ ਕਿਸਾਨ-ਮਜ਼ਦੂਰ ਏਕਤਾ ਤੇ ਆਪਣਾ ਗੀਤ 'ਦਿੱਲੀ ਵਾਲਾ ਮੋਰਚਾ' ਰਿਲੀਜ਼ ਕੀਤਾ ਹੈ। ਪਲਵਿੰਦਰ ਚਾਹਲ ਦੇ ਨਿਰਮਾਣ 'ਚ ਆਏ ਇਸ ਗੀਤ 'ਚ ਸਿੰਘਾਂ ਦੀ ਦਲੇਰੀ, ਸਾਂਤੀ ਤੇ ਇਕੱਠ ਦੀ ਗੱਲ ਹੈ। ਵਿਜੈ ਮੱਟੂ ਖੁਦ ਵੀ ਦਿੱਲੀ ਜਾ ਕਿ ਸੰਘਰਸ਼ 'ਚ ਯੋਗਦਾਨ ਦੇ ਰਿਹਾ ਹੈ । ਵਿਜੈ ਮੱਟੂ ਦੇ ਇਸ ਗੀਤ ਨੂੰ ਸਾਰੇ ਹੀ ਸਰਾਹ ਰਹੇ ਹਨ।

### ਕਾਜਲ ਜੈਨ ਦੀ ਖਾਹਿਸ

ਰਾਜਨ ਬੱਤਰਾ ਨੇ 'ਯਾਰ ਅਣਮੁੱਲੇ' ਨਾਲ ਯੂ.ਪੀ ਦੀ ਕਾਜਲ ਜੈਨ ਨੂੰ ਪੰਜਾਬੀ ਫਿਲਮਾਂ ਦੀ ਹੀਰੋਇਨ ਬਣਾਇਆ ਸੀ। ਕਾਜਲ ਜੈਨ ਫਿਰ ਮੁੰਬਈ ਗਈ ਤੇ ਹੁਣੇ ਜਿਹੇ ਹੀ ਉਸਨੇ ਸਬ ਟੀ.ਵੀ ਤੇ 'ਅਲਾਦੀਨ ਨਾਮ ਤੋ ਸੁਨਾ ਹੋਗਾ' ਸੀਰੀਅਲ ਕੀਤਾ।

'ਮਹਿਜ਼ਬੀਨ' ਇਸ ਸੀਰੀਅਲ 'ਚ ਬਣੀ ਕਾਜਲ ਜੈਨ ਫਿਰ ਪਾਲੀਵੁੱਡ 'ਚ ਆਉਣਾ ਚਾਹੁੰਦੀ ਹੈ।

### ਰੰਗ ਬਰਮਗੀ - ਰੈਬੋ ਪ੍ਰੀਤ ਦੀ ਦੁਨੀਆਂ

ਇਸ ਵੇਲੇ ਦੀ ਚਰਚਿਤ ਪੰਜਾਬੀ ਵੈਬ-ਸੀਰੀਜ 'ਰੰਗ ਬਰੰਗੀ' ਸਬੰਧੀ ਇਸਦੇ ਨਿਰਦੇਸ਼ਕ ਪ੍ਰੀਤ ਸਿੱਧੂ ਨੇ ਕਿਹਾ ਕਿ.ਪੀ.ਜੀ 'ਚ ਕੁੜੀਆਂ ਮੁੰਡੇ ਅਸਲ ' ਕਿਵੇਂ ਵਿਰਚਦੇ ਨੇ ਇਸ ਦੀ ਕਹਾਣੀ ਹੈ । ਕੈਮਰਾਮੈਨ ਰੈਂਬੋ ਨੇ ਕਿਹਾ ਕਿ ਇਸ 'ਚ ਵਾਰਿਸ ਅਲੀ ਦੇ ਜਬਰਦਸਤ ਐਕਸ਼ਨ ਕਮਾਲ ਹਨ । ਜਲਦੀ ਆ ਰਹੀ 'ਰੰਗ ਬਰੰਗੀ' 'ਚ ਸੰਦੀਪ ਸਿੰਘ, ਪੂਜਾ ਗੋਦਾਰਾ, ਪ੍ਰੀਤ ਸਿੱਧੂ, ਸੋਨਮ ਕੌਰ, ਗੁਰਵਿੰਦਰ ਲਾਡਾ, ਪੂਨਮ ਕਾਜਲ, ਗੁਰੀ ਸਿੰਘ ਮੁੱਖ ਸਿਤਾਰੇ ਹਨ।

### ਸਰਗੁਨ ਮਹਿਤ 'ਗੋਰੀ ਗੋਰੀ'

ਬਿਨ ਮੇਕਅੱਪ ਵੀ ਸਰਗੁਨ ਮਹਿਤਾ ਗੰਨੇ ਦੀ ਪੋਰੀ ਗੋਰੀ, ਗੋਰੀ ਲੱਗਦੀ ਹੈ । 'ਕਿਸਮਤ -2' ਐਮੀ ਵਿਰਕ ਨਾਲ ਕਰ ਰਹੀ ਸਰਗੁਨ ਮਹਿਤਾ ਰੂਪ ਦੇ ਸਿਰ ਤੇ ਹੀ ਪਾਲੀਵੁੱਡ 'ਚ ਸਭ ਤੋਂ ਹਸੀਨ ਹੀਰੋਇਨ ਹੋਣ ਦਾ ਮਾਣਹਾਸਿਲ ਕਰ ਚੁੱਕੀ ਹੈ।

### ਸ਼ੇਰ ਪੰਜਾਬ ਦੇ - ਯਾਕੂਬ

ਦਲਜੀਤ ਦਾ ਸੰਗੀਤ ਤੇ ਯਾਕੂਬ ਦੀ ਅਵਾਜ, ਕਿਸਾਨ ਸੰਘਰਸ਼ ਦੀ ਕਹਾਣੀ ਪੂਰਾ ਜੋਸ ਹੈ ਯਾਕੂਬ ਦੇ ਨਵੇਂ ਗੀਤ 'ਸ਼ੇਰ ਪੰਜਾਬ ਦੇ' 'ਚ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਦੀ ਰਚਨਾ ਸੋਨੇ ਤੇ ਸੁਹਾਗਾ ਹੈ।

# ਕਿਸਾਨ ਸਾਂਝੇ ਮੋਰਚੇ ਦਾ ਐਲਾਨ ਮੋਰਚਾ ਨਿਰੰਤਰ ਜਾਰੀ ਰਹੇਗਾ

## ਆਗੂ ਜੱਸੀ ਵਲੋਂ ਸਿੰਘੂ ਬਾਰਡਰ ਪਹੁੰਚ ਕੇ ਸਮਰਥਨ ਪੱਤਰ ਤੇ ਵਿਤਕਰਿਆ ਨੂੰ ਖਤਮ ਕਰਨ ਦੀ ਅਪੀਲ

**ਬੰਗਾ (ਬਿਊਰੋ)-** ਦੇਸ਼ ਦੇ ਲੱਖਾਂ ਕਿਸਾਨਾ-ਮਜ਼ਦੂਰਾ ਦੇ ਸੰਯੁਕਤ ਕਿਸਾਨ ਮੋਰਚਾ ਦਿੱਲੀ (ਭਾਰਤ) ਦੀਆਂ 40 ਜਥੇਬੰਦੀਆਂ ਦੇ ਸਿਰਕਢ ਆਗੂ ਸੀਨੀਅਰ ਐਡਵੋਕੇਟ ਸਰਦਾਰ ਪ੍ਰੇਮ ਸਿੰਘ ਭੰਗੂ ਪ੍ਰਧਾਨ ਆਲ ਇੰਡੀਆ ਕਿਸਾਨ ਫੇਡਰੇਸ਼ਨ ਦੇ ਪ੍ਰਧਾਨ ਨੇ ਸਿੰਘੂ ਬਾਰਡਰ ਤੇ ਭਾਰਤ ਦੇ ਵੱਖ-ਵੱਖ ਕੋਨਿਆ ਤੋਂ ਹਜ਼ਾਰਾ ਦੀ ਗਿਣਤੀ ਵਿੱਚ ਪਹੁੰਚੀਆਂ ਸੰਸਥਾਵਾ, ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਅੰਦੋਲਨ ਸਬਰ, ਜਾਬਤੇ ਅਤੇ ਸੰਗਠਨਾਤਮਕ ਤਰੀਕੇ ਨਾਲ ਉਨਾਂ ਚਿਰ ਨਿਰੰਤਰ ਜਾਰੀ ਰਹੇਗਾ ਜਿਨਾਂ ਚਿਰ ਤਿੰਨੇ ਕਾਲੇ ਕਾਨੂੰਨ ਮੋਦੀ ਸਰਕਾਰ ਦੁਆਰਾ ਵਾਪਸ ਨਹੀਂ ਲਏ ਜਾਂਦੇ।ਉਹਨਾਂ ਕਿਹਾ ਕਿ ਇਸ ਰੋਸ ਅਤੇ ਲੋਕਾਂ ਦੇ ਰੋਹ ਅੰਦੋਲਨ ਲਈ ਹਰ ਵਰਗ ਤੇ ਭਾਈਚਾਰੇ ਦਾ ਦੇਸ਼ ਤੇ ਵਿਦੇਸ਼ ਤੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ।

ਮੋਦੀ ਸਰਕਾਰ ਨੂੰ ਅਡਾਨੀ, ਅੰਬਾਨੀ ਜਾਂ ਦੇਸ਼ ਦੇ ਕਿਸਾਨਾ ਵਿੱਚੋਂ ਇੱਕ ਨੂੰ ਚੁਣਨਾ ਹੀ ਪਵੇਗਾ। ਇਸ ਮੌਕੇ ਪੰਚਾਇਤ ਯੂਨੀਅਨ ਬੰਗਾ ਅਤੇ ਬੇਗਮਪੁਰਾ ਫਾਊਡੇਸ਼ਨ ਪੰਜਾਬ ਦੇ ਪ੍ਰਧਾਨ ਸ਼੍ਰੀ ਸੰਤੋਖ ਸਿੰਘ ਜੱਸੀ ਨੇ ਕਿਸਾਨ ਜਥੇਬੰਦੀਆ ਨੂੰ ਭਰੋਸੇ ਦਾ ਦੋ ਪੰਨਿਆ ਦਾ ਪੱਤਰ ਵੀ ਸੋਪਿਆ ਅਤੇ ਜਾਣਕਾਰੀ ਸਾਂਝੀ ਕੀਤੀ ਤੇ ਕਿਹਾ ਕਿ ਉਹਨਾਂ ਨੇ ਕਿਸਾਨੀ ਮੁਦਾ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰੱਖਿਆ ਮੰਤਰੀ, ਮਨੁੱਖੀ ਅਧਿਕਾਰ ਕਮਿਸ਼ਨ, ਯੂ.ਐਨ.ਓ, ਅਮਰੀਕਾ ਦੇ ਰਾਸ਼ਟਪਤੀ ਅਤੇ ਕਨੇਡਾ ਦੇ ਪ੍ਰਧਾਨ ਮੰਤਰੀ ਤੱਕ ਪੱਤਰ ਵਿਹਾਰ ਰਾਹੀਂ ਸਮੇਂ ਅਤੇ ਹਲਾਤਾ ਨੂੰ ਬਿਆਨ ਕਰਦਿਆ ਇਹ ਬਿਲ ਤੁਰੰਤ ਰੱਦ ਕਰਨ ਦੀ ਅਪੀਲ ਕੀਤੀ।

ਉਹਨਾਂ ਯੂਨੀਅਨ ਦੇ ਆਗੂਆ ਦੇ ਨਾਮ ਤੇ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਸਮਾਂ ਆ ਗਿਆ ਹੈ ਕਿ ਸਮਾਜਿਕ, ਅਸਮਾਨਤਾ ਤੇ ਜਾਤਾ-ਪਾਤਾ ਨੂੰ ਖਤਮ ਕਰਨ ਨਾਲ ਸਰਕਾਰ ਤੇ ਹੋਰ ਵੀ ਜੋਰਦਾਰ ਤਰੀਕੇ ਨਾਲ ਪਾਇਆ ਜਾ ਸਕੇਗਾ। ਉਹਨਾਂ ਕਿਸਾਨਾ ਮਜ਼ਦੂਰਾ ਦੀ ਬਣੀ ਇਕ ਜੁਟਤਾ ਦੀ ਜੋਰਦਾਰ ਸ਼ਲਾਘਾ ਵੀ ਕੀਤੀ।

ਇਸ ਮੌਕੇ ਉਹਨਾਂ ਯੂਨੀਅਨ ਦੇ ਆਗੂਆ ਨੂੰ ਭਰੋਸਾ ਦਵਾਇਆ ਕਿ ਜਦੋਂ ਵੀ ਕੁਰਬਾਨੀ ਦੀ ਲੋੜ ਪਵੇ ਉਹ ਸਵੈ ਇੱਛਾ ਨਾਲ ਤਿਆਰ ਹਨ।ਕਿਸਾਨੀ ਆਗੂਆ ਵਲੋਂ ਉਹਨਾਂ ਦੇ ਵਿਚਾਰਾ, ਦਸਤਾਵੇਜਾ ਨੂੰ ਗਹੁ ਨਾਲ ਸੁਣਿਆ, ਸਮਝਿਆ ਅਤੇ ਘੋਖਿਆ ਅਤੇ ਪੜ੍ਹਿਆ।ਕਿਸਾਨੀ ਜਥੇਬੰਦੀਆ ਦੇ ਆਗੂਆ ਨੇ ਉਹਨਾਂ ਦੇ ਇਸ ਨਿਵਕਲੇ ਉਦਮ ਦੀ ਸ਼ਲਾਘਾ ਵੀ ਕੀਤੀ। ਉਹਨਾਂ ਇਸ ਮੌਕੇ ਆਪਣੀ ਪਲੇਠੀ ਤੇ ਚਰਚਿਤ ਪੁਸਤਕ ਸਾਂਝੇ ਮੋਰਚੇ ਦੇ ਆਗੂਆ ਨੂੰ 'ਯੂ.ਐਨ.ਓ ਤੱਕੜ' ਵੀ ਭੇਂਟ ਕੀਤੀ ਗਈ।ਇਸ ਮੌਕੇ ਸੰਤੋਖ ਸਿੰਘ ਸੰਧੂ, ਕੁਲਦੀਪ ਸਿੰਘ ਭੰਗੂ, ਜਤਿੰਦਰ ਸਿੰਘ ਭੰਗੂ, ਅਮਰੀਕ ਸਿੰਘ ਆਗੂਆ ਸਮੇਤ ਪੂਰੀ ਕਿਸਾਨੀ ਟੀਮ ਹਾਜ਼ਰ ਸੀ।



ਦਿੱਲੀ ਦੇ ਸਿੰਘੂ ਬਾਰਡਰ ਸਥਿਤ ਕਿਸਾਨ ਐਡਵੋਕੇਟ ਪ੍ਰੇਮ ਸਿੰਘ ਭੰਗੂ ਪ੍ਰਮੁੱਖ ਆਗੂ ਸੰਯੁਕਤ ਕਿਸਾਨ ਮੋਰਚਾ ਦਿਲੀ (ਭਾਰਤ) ਨੂੰ ਸ਼੍ਰੀ ਸੰਤੋਖ ਸਿੰਘ ਜੱਸੀ ਸਮਰਥਨ ਦੇ ਪੱਤਰ ਅਤੇ ਪੁਸਤਕ ਯੂ.ਐਨ.ਓ ਤੱਕ.. ਭੇਂਟ ਕਰਦੇ ਸਮੇਂ ਦਾ ਦ੍ਰਿਸ਼।





























# ਸ਼ੁਕਰਗੁਜ਼ਾਰੀ ਦਾ ਰੱਖ ਭਾਵ ਮਨ 'ਚ- ਦੇਖੀ ਕਿੱਦਾਂ ਆਉਂਦੀ ਚੁਸਤੀ ਤੇ ਫੁਰਤੀ ਤਨ 'ਚ

ਹਰ ਇਨਸਾਨ ਲਈ ਜ਼ਿੰਦਗੀ ਦੇ ਪੈਮਾਨੇ , ਜ਼ੰਦਿਗੀ ਦੇ ਮਤਲਬ ਵੱਖੋ ਵੱਖਰੇ ਨੇ। ਕਿਸੇ ਲਈ ਜ਼ਿੰਦਗੀ ਖੁਸ਼ੀਆਂ ਦੀ ਸੌਗਾਤ ਹੈ , ਕਿਸੇ ਲਈ ਸੰਘਰਸ਼ ਹੈ ਅਤੇ ਕਿਸੇ ਲਈ ਕੇਵਲ ਦੁੱਖ। ਪਰ ਜ਼ਿੰਦਗੀ ਚਾਹੇ ਕਿਵੇਂ ਦੀ ਵੀ ਹੋਵੇ ਸਾਨੂੰ ਹਮੇਸ਼ਾ ਆਪਣਾ ਰਵੱਈਆ ਸਕਾਰਾਤਮਕ ਰੱਖਣਾ ਚਾਹੀਦਾ ਹੈ। ਜ਼ਿੰਦਗੀ ਨੇ ਸਾਨੂੰ ਅੱਜ ਤੱਕ ਜੋ ਵੀ ਦਿੱਤਾ ਹੈ ਉਸ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਇਸ ਨਾਲ ਤੁਹਾਡਾ ਮਨ ਹਮੇਸ਼ਾ ਸ਼ਾਂਤ ਅਤੇ ਸਕਾਰਾਤਮਕ ਬਣਿਆ ਰਹੇਗਾ। ਇਹ ਸਾਨੂੰ ਸਭ ਨੂੰ ਪਤਾ ਹੈ ਕਿ ਪ੍ਰੇਸ਼ਾਨੀ , ਚਿੰਤਾ ਵਿੱਚ ਅਸੀਂ ਕੋਈ ਵੀ ਚੀਜ਼ ਚੰਗੀ ਤਰ੍ਹਾਂ ਨਹੀਂ ਕਰ ਪਾਉਂਦੇ । ਇਸ ਲਈ ਮਨ ਦਾ ਸ਼ਾਂਤ ਹੋਣਾ ਬਹੁਤ ਜ਼ਰੂਰੀ ਹੈ।

ਇਸ ਮਨ ਨੂੰ ਸ਼ਾਂਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ, ਜ਼ਿੰਦਗੀ ਚ ਉਨ੍ਹਾਂ ਚੀਜ਼ਾਂ ਬਾਰੇ ਸੋਚਣਾ, ਜੋ ਤੁਹਾਨੂੰ ਮਿਲੀਆਂ ਹਨ, ਨਾ ਕਿ ਉਸ ਬਾਰੇ ਸੋਚਣਾ ਜੋ ਤੁਹਾਨੂੰ ਨਹੀਂ ਮਿ-ਲਿਆ । ਮਿਲੀਆਂ ਚੀਜ਼ਾਂ ਪ੍ਰਤੀ ਜਦੋਂ ਸਾਡੇ ਮਨ 'ਚ ਸ਼ੁਕਰਾਨੇ ਦੀ ਭਾਵਨਾ ਆਉਂਦੀ ਹੈ ਤਾਂ ਅਸੀਂ ਆਪਣੇ ਆਪ ਵਿੱਚ ਚੰਗਾ ਮਹਿਸੂਸ ਕਰਨ ਲੱਗਦੇ ਹਾਂ। ਇਹ ਚੰਗਾ ਮਹਿਸੂਸ ਕਰਨਾ ਹੀ ਸਭ ਤੋਂ ਜ਼ਰੂਰੀ ਹੈ ਕਿਉਂਕਿ ਇਹ ਸਾਨੂੰ ਆਸ , ਤਾਕਤ ਤੇ ਹਿੰਮਤ ਦੇਵੇਗਾ ਸਾਡੀ ਆਉਣ ਵਾਲੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ , ਤੁਹਾਡੀ ਅੱਜ ਦੀ ਪ੍ਰੇਸ਼ਾਨੀ ਨੂੰ ਦੂਰ ਕਰਨ ਦੀ। ਇਹ ਤੁਹਾਡੇ ਮਨ ਚ ਹੀ ਨਹੀਂ ਬਲਕਿ ਤਨ ਚ ਇੱਕ ਚੁਸਤੀ ਫੁਰਤੀ ਭਰ ਦੇਵੇਗਾ।

ਹੋ ਸਕਦਾ ਹੈ ਕਿ ਤੁਹਾਡੀ ਜ਼ਿੰਦਗੀ ਚ ਅੱਜ ਤਕ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਆਈਆਂ ਹੋਣ। ਪਰ ਉਨ੍ਹਾਂ ਪ੍ਰੇਸ਼ਾ-ਨੀਆਂ ਬਾਰੇ ਸੋਚ ਸੋਚ ਅਸੀਂ ਹੋਰ ਮੁਸੀਬਤ ਤੇ ਦੁੱਖਾਂ ਨੂੰ ਨਿਉਤਾ ਦਿੰਦੇ ਹਾਂ। ਜਦਕਿ ਸਾਨੂੰ ਆਪਣੀ ਜ਼ੰਦਿਗੀ ਚ ਹਰ ਪਲ ਕੁਦਰਤ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ।

ਅਗਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਕੋਲ ਕੁਝ ਨਹੀਂ ਹੈ ਜਿਸ ਲਈ ਤੁਸੀਂ ਸ਼ੁਕਰਗੁਜ਼ਾਰ ਹੋ ਸਕੋ ਤਾਂ ਇਕ ਮਿੰਟ ਲਈ ਆਪਣੇ ਆਪ ਵੱਲ ਨਜ਼ਰ ਮਾਰੋ। ਕੁਦਰਤ ਨੇ ਤੁਹਾਨੂੰ ਬਹੁਤ ਹੀ ਖੂਬਸੂਰਤ ਦੋ ਅੱਖਾਂ ਦਿੱਤੀਆਂ ਨੇ ਜਿਸ ਨਾਲ ਤੁਸੀਂ ਇਸ ਜਹਾਨ ਨੂੰ ਦੇਖ ਸਕਦੇ ਹੋ। ਤੁਹਾਡੇ ਕੋਲ ਸਹੀ ਸਲਾਮਤ ਹੱਥ ਪੈਰ ਨੇ ਜਿਨ੍ਹਾਂ ਨਾਲ ਤੁਸੀਂ ਕਿਰਤ ਕਰ ਸਕਦੇ ਹੋ। ਇੰਨਾ ਹੀ ਨਹੀਂ ਤੁਹਾਡੇ ਸਿਰ ਤੇ ਇਕ ਛੱਤ ਹੈ ਤੇ ਤੁਹਾਨੂੰ ਦੋ ਟਾਈਮ ਦੀ ਰੋਟੀ ਮਿਲਦੀ ਹੈ।

ਇਹ ਸਭ ਚੀਜ਼ਾਂ ਲਈ ਸ਼ੁਕਰਗੁਜ਼ਾਰ ਹੁੰਦੇ ਰਹੋ। ਪਰ ਸਾਡੀ ਆਦਤ ਬਣ ਗਈ ਹੈ ਕਿ ਅਸੀਂ ਉਹ ਦੇਖਦੇ ਹਾਂ, ਜੋ ਸਾਡੇ ਕੋਲ ਨਹੀਂ ਹੈ ਤੇ ਆਪਣੇ ਮਨ ਦੀ ਸ਼ਾਂਤੀ ਨੂੰ ਭੰਗ ਕਰ ਆਪਣੇ ਆਪ ਨੂੰ ਕਈ ਤਰ੍ਹਾਂ ਦੇ ਮਾਨਸਿਕ ਰੋਗਾਂ ਵਿੱਚ ਲਪੇਟ ਲੈਂਦੇ ਹਾਂ।

ਅਸੀਂ ਅਕਸਰ ਇਹ ਆਖਦੇ ਹਾਂ ਕਿ ਪਹਿਲੇ ਸਮੇਂ ਚੰਗੇ ਸਨ ਉਦੋਂ ਲੋਕ ਜ਼ਿਆਦਾ ਖੁਸ਼ਹਾਲ ਤੇ ਸੁਖੀ ਸਨ। ਪਰ ਆਧੁਨਿਕ ਯੁੱਗ ਵਿੱਚ ਬੇਸ਼ੱਕ ਅਸੀਂ ਬਹੁਤ ਤਰੱਕੀ ਕਰ ਲਈ ਹੈ ਪਰ ਅਸੀਂ ਪਹਿਲਾਂ ਨਾਲੋਂ ਵਧੇਰੇ ਪ੍ਰੇਸ਼ਾਨ ਹੋ ਗਏ ਹਾਂ , ਕਈ ਤਰ੍ਹਾਂ ਦੇ ਮਾਨਸਿਕ ਅਤੇ ਸਰੀਰਿਕ ਰੋਗ ਸਾਨੂੰ ਲੱਗ ਗਏ ਨੇ।ਇਸ ਦਾ ਇੱਕ ਸਭ ਤੋਂ ਵੱਡਾ ਕਾਰਨ ਸਾਡੀ ਜੀਵਨ ਸ਼ੈਲੀ ਵਿੱਚ ਆਇਆ ਬਦਲਾਅ ਹੈ। ਸਾਡੇ ਬਜ਼ੁਰਗ ਪ੍ਰਸ਼ਾਦਾ (ਰੋਟੀ) ਛਕਣ ਸਮੇਂ ਪਹਿਲਾਂ ਉਸ ਪਰਮਾਤਮਾ ਦਾ ਸ਼ੁਕਰੀਆ ਕਰਦੇ ਸਨ ।ਕੋਈ ਵੀ ਚੀਜ਼ ਘਰ ਵਿਚ ਨਵੀਂ ਖਰੀਦੀ ਜਾਂਦੀ ਸੀ ਤਾਂ ਸਾਰਾ ਪਰਿਵਾਰ ਗੁਰੂ ਘਰ ਜਾ ਮੱਥਾ ਟੇਕਦਾ ਸੀ। ਉਹ ਹਮੇਸ਼ਾ ਹਰ ਚੀਜ਼ ਲਈ ਸ਼ੁਕਰਗੁਜ਼ਾਰ ਹੁੰਦੇ ਸਨ। ਇਸ ਨਾਲ ਹਮੇਸ਼ਾਂ ਉਨ੍ਹਾਂ ਨੂੰ ਇੰਜ ਲੱਗਦਾ ਸੀ ਕਿ ਉਨ੍ਹਾਂ ਕੋਲ ਬਹੁਤ ਕੁਝ ਹੈ। ਉਨ੍ਹਾਂ ਨੇ ਬਹੁਤ ਕੁਝ ਹਾਸਿਲ ਕੀਤਾ ਹੈ, ਕਰ ਰਹੇ ਨੇ ਅਤੇ ਆਉਣ ਵਾਲੀ ਕੱਲ੍ਹ ਲਈ ਵੀ ਇਕ ਆਸ ਜੁੜ ਜਾਂਦੀ ਸੀ।ਇਸ ਨਾਲ ਮਨ ਵਿੱਚ ਸੰਤੁਸ਼ਟੀ ਪੈਦਾ ਹੁੰਦੀ ਸੀ। ਉਹ ਮਾਨਸਿਕ ਪ੍ਰੇਸ਼ਾਨੀਆਂ ਤੋਂ ਦੂਰ ਸ਼ਾਂਤੀ ਨਾਲ ਆਪਣਾ ਜੀਵਨ ਬਿਤਾਉਂਦੇ ਸਨ।



ਕਿਰਨ ਕੌਰ
+43 68864 013133

ਪਰ ਅਸੀਂ ਲੋਕ ਨਾਸ਼ੁਕਰੇ ਹੋ ਗਏ ਹਾਂ । ਸਾਡੇ ਦਿਮਾਗ ਚ ਹਮੇਸ਼ਾਂ ਉਹ ਚੀਜ਼ ਚਲਦੀ ਹੈ ਜੋ ਸਾਨੂੰ ਨਹੀਂ ਮਿਲੀ। ਜੋ ਅਧੂਰਾ ਹੈ ਇਸ ਲਈ ਮਨ ਵਿਆਕੁਲ ਹੁੰਦਾ ਹੈ ਅਤੇ ਗੁੱਸਾ, ਚਿੰਤਾ, ਬੇਚੈਨੀ ਵਰਗੇ ਦੂਤ ਸਾਨੂੰ ਆ ਚਿੰਬੜਦੇ ਹਨ।

ਅੰਤ ਮੈਂ ਇਹੀ ਕਹਿਣਾ ਚਾਹਾਂਗੀ ਕਿ ਜ਼ਿੰਦਗੀ ਦੇ ਹਰ ਪਲ ਨੂੰ ਮਾਣੋ। ਹਮੇਸ਼ਾ ਸ਼ੁਕਰਗੁਜ਼ਾਰ ਦੀ ਭਾਵਨਾ ਆਪਣੇ ਅੰਦਰ ਰੱਖੋ। ਜੇ ਸਾਰਾ ਦਿਨ ਵਿਅਸਤ ਵੀ ਰਹਿੰਦੇ ਹੋ ਤਾਂ ਸਿਰਫ਼ ਸਵੇਰੇ ਉੱਠ ਕੇ ਹੀ ਸ਼ੁਕਰੀਆ ਕਰੋ। ਇਹ ਸੋਚੋ ਕਿ ਜ਼ਿੰਦਗੀ ਖੂਬਸੂਰਤ ਹੈ ਅਤੇ ਅੱਜ ਦੇ ਦਿਨ ਦੀ ਬਿਹਤਰ ਆਸ ਕਰ ਆਪਣੇ ਕੰਮਕਾਰ ਕਰਨ ਲੱਗ ਜਾਓ। ਮਾਨਸਿਕ ਸ਼ਾਂਤੀ ਨਾਲ ਤੁਸੀਂ ਆਪਣੀ ਜ਼ੰਦਿਗੀ ਵਿੱਚ ਇੱਕ ਨਵੀ ਕਿਰਨ ਪਾਓਗੇ।

# ਕਾਂਗਰਸ ਅੰਤਿਮ ਸਾਹ ਤੱਕ ਕਿਸਾਨਾਂ ਦੇ ਹਿਤ ਵਿਚ ਖੜੀ, ਅੰਦੋਲਨ ਦੌਰਾਨ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇ-ਬਲਵਿੰਦਰ ਸਿੰਘ ਧਾਲੀਵਾਲ

**ਫਗਵਾੜਾ (ਬੀ.ਕੇ.ਰੱਤੂ)** ਪੰਜਾਬ ਦੇ ਕਿਸਾਨਾਂ ਦਾ ਸੰਘਰਸ਼ ਇੱਕ ਹੱਕੀ ਸੰਘਰਸ਼ ਹੈ ਅਤੇ ਕਾਂਗਰਸ ਨੈਤਿਕ ਤੌਰ ਤੇ ਇਨ੍ਹਾਂ ਦਾ ਸਮਰਥਨ ਕਰਦੀ ਹੈ। ਪ੍ਰਦੇਸ਼ ਕਾਂਗਰਸ ਅੰਤਿਮ ਸਾਹ ਤੱਕ ਕਿਸਾਨਾਂ ਦੇ ਹੱਕ ਵਿਚ ਖੜੀ ਹੈ। ਇਨ੍ਹਾਂ ਵਿਚਾਰਾ ਦਾ ਪ੍ਰਕਟਾਵਾ ਕਿਸਾਨ ਅੰਦੋਲਨ ਦੀ ਚੜ੍ਹਦੀ ਕਲਾਂ ਅਤੇ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ&; ਆਤਮਿਕ ਸ਼ਾਂਤੀ ਲਈ ਰਖਵਾਏ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨ ਦੇਸ਼ ਦਾ ਅੰਨ ਦਾਤਾ ਹੈ ਅਤੇ ਮੋਦੀ ਸਰਕਾਰ ਉਨ੍ਹਾਂ ਦੀ ਜ਼ਮੀਨਾਂ ਦੇ ਵੱਧ ਰਹੇ ਭਾਅ ਨੂੰ ਦੇਖਦੇ ਹੋਏ ਕਿਸੇ ਨਾ ਕਿਸੇ ਕਾਨੂੰਨੀ ਪਚੜੇ ਵਿਚ ਫਸਾਂ ਕੇ ਇਨ੍ਹਾਂ ਦੀ ਜ਼ਮੀਨ ਆਪਣੇ ਪੂੰਜੀਪਤੀ ਦੋਸਤਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ। ਮੋਦੀ ਸਾਹਿਬ ਅਤੇ ਭਾਜਪਾ ਨੂੰ ਦੇਸ਼ ਅਤੇ ਆਪਣੇ ਕਿਸਾਨਾਂ ਦੀ ਵਜਾਏ ਸਿਰਫ਼ ਆਪਣੇ ਦੋਸਤਾ ਦੀ ਚਿੰਤਾ ਹੈ। ਧਾਲੀਵਾਲ ਨੇ ਕਿਹਾ ਕਿ ਖੇਤੀ ਅਤੇ ਕਿਸਾਨ ਤੋਂ ਬਿਨਾਂ ਦੇਸ਼ ਦੀ ਹੋਂਦ ਨਾਂ ਦੇ ਬਰਾਬਰ ਹੈ। ਕੇਂਦਰ ਸਰਕਾਰ ਹਮੇਸ਼ਾ ਡਰਾਮਾ ਕਰਦੀ ਹੈ ਕਿ ਕਿਸਾਨਾਂ ਨੂੰ ਵਿਰੋਧੀ ਭੜਕਾ ਰਹੇ ਹਨ,ਪਰ ਸਰਕਾਰ ਇਹ ਦੱਸੇ ਕਿ ਬਿੱਲਾਂ ਤੇ ਅੜੇ ਰਹਿਣ ਲਈ ਉਨ੍ਹਾਂ ਨੂੰ ਕੌਣ ਭੜਕਾ ਰਿਹਾ ਹੈ। ਉਹ ਕਿੰਨਾ ਦੇ ਹੱਥਾ ਵਿਚ ਕਠਪੁਤਲੀ ਡਾਂਸ ਕਰ ਰਹੇ ਹਨ। ਪੰਜਾਬ ਵਿਚ ਕਿਸਾਨ ਭਾਜਪਾਈਆਂ ਨੂੰ ਸਮਾਗਮ ਚੋਂ ਖੇਤਾਂ ਵਿਚੋਂ ਭਜਾ ਰਿਹਾ ਹੈ ਅਤੇ ਇਨ੍ਹਾਂ ਦੇ ਬਾਈਕਾਟ ਦੇ ਐਲਾਨ ਹੋ ਰਹੇ ਹਨ। ਜੇ ਇਹੀ ਹਾਲਤ ਰਹੇਂ ਤਾਂ ਉਹ ਦਿਨ ਦੂਰ ਨਹੀਂ ਜਦੋਂ



ਕਿਸਾਨ ਪੂਰੇ ਦੇਸ਼ ਵਿਚੋਂ ਭਾਜਪਾ ਨੂੰ ਭਜਾ ਦੇਣਗੇ। ਇਸ ਤੋਂ ਚੰਗਾ ਹੈ ਕਿ ਕੋਈ ਰਸਤਾ ਕੱਢ ਕੇ ਕਾਲੇ ਕਾਨੂੰਨ ਵਾਪਸ ਲੈਣ ਤਾਂ ਕਿ ਕਿਸਾਨ ਆਪਣੇ ਘਰਾਂ ਨੂੰ ਵਾਪਸ ਆਉਣ। ਉਨ੍ਹਾਂ ਕਿਹਾ ਅੱਜ ਉਨ੍ਹਾਂ ਦੇ ਗੁਰੂ ਮਹਾਰਾਜ ਅੱਗੇ ਕਿਸਾਨੀ ਸੰਘਰਸ਼ ਲੜ ਰਹੇ ਯੋਧਿਆਂ ਦੀ ਚੜ੍ਹਦੀ ਕਲਾਂ ਦੀ ਅਰਦਾਸ ਕੀਤੀ ਹੈ। ਇਸ ਮੌਕੇ ਬੀਬੀ ਸਰਬਜੀਤ ਕੌਰ, ਹਨੀ ਧਾਲੀਵਾਲ,ਕਮਲ ਧਾਲੀਵਾਲ, ਮਾਰਕੀਟ ਕਮੇਟੀ ਚੇਅਰਮੈਨ ਨਰੇਸ਼ ਭਾਰਦਵਾਜ, ਪੀਪੀਸੀਸੀ ਦੇ ਸਾਬਕਾ ਸਕੱਤਰ ਮਨੀਸ਼ ਭਾਰਦਵਾਜ, ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਸੰਜੀਵ ਬੁੱਗਾ, ਜ਼ਿਲ੍ਹਾ ਮਹਿਲਾ ਕਾਂਗਰਸ ਪ੍ਰਧਾਨ ਸਰਜੀਵਨ ਲਤਾ, ਵਿਧਾਇਕ ਦੇ ਮੀਡੀਆ ਐਡਵਾਈਜ਼ਰ ਗੁਰਜੀਤ ਪਾਲ ਵਾਲੀਆ, ਸੁਸ਼ੀਲ ਮੈਣੀ, ਸਾਬਕਾ ਕੌਂਸਲਰ ਰਾਮ ਪਾਲ ਉੱਪ.ਲ, ਪਦਮ ਦੇਵ ਸੁਧੀਰ, ਵਿਕੀ ਸੂਦ,ਓਮ ਪਰਕਾਸ਼ ਬਿੱਟੂ, ਦਵਿੰਦਰ ਸਪਰਾ, ਦਰਸ਼ਨ ਧਰਮਸੋਤ, ਬੰਟੀ ਵਾਲੀਆ, ਗੁਰਦੀਪ ਦੀਪਾ, ਅਵਿਨਾਸ਼ ਗੁਪਤਾ, ਜ਼ਿਲ੍ਹਾ ਯੂਥ ਕਾਂਗਰਸ ਪ੍ਰਧਾਨ ਸੌਰਭ ਖੁੱਲਰ, ਫਗਵਾੜਾ ਪ੍ਰਧਾਨ ਕਰਮਬੀਰ ਸਿੰਘ ਕੰਮਾਂ, ਜਗਜੀਤ ਬਿੱਟੂ, ਸੌਰਭ ਜੋਸ਼ੀ, ਗੁਰਮੀਤ ਬੇਦੀ, ਰਵਿੰਦਰ ਭੱਲਾ, ਗੁਰਸ਼ਿੰਦਰ ਸਿੰਘ, ਪ੍ਰਮੋਦ ਜੋਸ਼ੀ, ਸੁਖਪਾਲ ਸਿੰਘ ਬਿ-ਨਿੰਗ, ਬੌਬੀ ਵੋਹਰਾ, ਰਾਹੁਲ ਕਰਵਲ, ਉਦੇ ਖੁੱਲਰ, ਅਰਜਨ ਸੁਧੀਰ, ਰਾਜਨ ਸ਼ਰਮਾ ਆਦਿ ਮੌਜੂਦ ਸਨ।

**********




# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ





ਜਸਵੰਤ ਸਿੰਘ 'ਅਜੀਤ'
91 9 827-19890

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਕੇਵਲ ਸਿੱਖ ਜਾਂ ਭਾਰਤ ਦੇ ਇਤਿਹਾਸ ਦੀ ਹੀ ਅਦੁੱਤੀ ਘਟਨਾ ਨਹੀਂ ਹੈ, ਸਗੋਂ ਸਮੂਚੇ ਸੰਸਾਰ ਦੇ ਇਤਿਹਾਸ ਦੀ ਵੀ ਇੱਕ ਅਦੁੱਤੀ ਘਟਨਾ ਹੈ। ਜਿਸਦੀ ਮਿਸਾਲ ਦੁਨੀਆਂ ਦੇ ਸਮੂਚੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਇੱਕ ਪਾਸੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਸ਼ਮਣ ਦੀ ਟਿੱਡੀ-ਦਲ ਫੌਜ ਨਾਲ ਘਿਰੀ ਚਮਕੌਰ ਦੀ ਗੜ੍ਹੀ ਵਿਚੋਂ ਇੱਕ-ਇੱਕ ਕਰ ਦੋਹਾਂ ਵੱਡੇ ਮੱਸ-ਫੁਟ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੂੰ ਆਪਣੇ ਹਥੀਂ ਸ਼ਸਤਰ ਸੱਜਾ ਅਤੇ ਆਸ਼ੀਰਵਾਦ ਦੇ, ਦੁਸ਼ਮਣ ਦੀ ਭਾਰੀ ਫੌਜ ਦਾ ਟਾਕਰਾ ਕਰਨ ਲਈ ਬਾਹਰ ਜੰਗ ਦੇ ਮੈਦਾਨ ਵਿੱਚ ਭੇਜਦੇ ਹਨ, ਜਦਕਿ ਉਹ ਜਾਣਦੇ ਹਨ ਕਿ ਗੜ੍ਹੀ ਵਿਚੋਂ ਬਾਹਰ ਨਿਕਲੇ ਸਾਹਿਬਜ਼ਾਦੇ ਮੁੜ ਜੀਂਦਿਆਂ-ਜੀਅ ਵਾਪਸ ਨਹੀਂ ਆਉਣਗੇ, ਦੁਸ਼ਮਣ ਦੀ ਟਿੱਡੀ ਦਲ ਫੌਜ ਦਾ ਸਾਹਮਣਾ ਕਰਦਿਆਂ ਸ਼ਹਾਦਤ ਪ੍ਰਾਪਤ ਕਰ ਜਾਣਗੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਵੀ ਆਪਣੇ ਪਿਤਾ-ਗੁਰੂ ਵਲੋਂ ਆਪਣੇ ਪੁਰ ਪ੍ਰਗਟਾਏ ਵਿਸ਼ਵਾਸ ਨੂੰ ਟੁਟਣ ਨਹੀਂ ਦਿੱਤਾ। ਉਹ ਵੀ ਜਾਣਦੇ ਸਨ ਕਿ ਜੋ ਜੰਗ ਲੜਨ ਲਈ ਉਹ ਜਾ ਰਹੇ ਹਨ, ਉਸ ਵਿਚੋਂ ਉਹ ਜੀਉਂਦੇ-ਜੀਅ ਵਾਪਸ ਆਉਣ ਵਾਲੇ ਨਹੀਂ। ਫਿਰ ਵੀ ਉਹ ਪਿਤਾ-ਗੁਰੂ ਪਾਸੋਂ ਦੁਸ਼ਮਣ ਨਾਲ ਜੂਝਣ ਲਈ ਜਾਣ ਦੀ ਆਗਿਆ ਮੰਗਦੇ ਹਨ। ਪਿਤਾ-ਗੁਰੂ ਉਨ੍ਹਾਂ ਨੂੰ ਆਗਿਆ ਹੀ ਨਹੀਂ ਦਿੰਦੇ, ਸਗੋਂ ਆਪਣੇ ਹਥੀਂ ਉਨ੍ਹਾਂ ਦੇ ਕਮਰ-ਕੱਸੇ ਅਤੇ ਸ਼ਸਤਾਰ ਸਜਾ, ਅਸਾਵੀਂ ਜੰਗ ਲੜਨ ਲਈ ਮੈਦਾਨ ਵਿੱਚ ਭੇਜਦੇ ਹਨ। ਪਿਤਾ-ਗੁਰੂ ਆਪਣੇ ਸਾਹਿਜ਼ਾਦਿਆਂ ਨੂੰ ਮੈਦਾਨੇ-ਜੰਗ ਵਿੱਚ ਸ਼ਹੀਦ ਹੋਣ ਲਈ ਭੇਜਦਿਆਂ ਕਿਸੇ ਵੀ ਤਰ੍ਹਾਂ ਦਾ ਪੁਤਰ-ਮੋਹ ਨਹੀਂ ਵਿਖਾਂਦੇ ਅਤੇ ਨਾ ਹੀ ਸਾਹਿਬਜ਼ਾਦੇ ਹੋਰ ਸਿੱਖਾਂ ਦੀ ਮੌਜੂਦਗੀ ਵਿੱਚ ਆਪਣੇ-ਆਪਨੂੰ ਲੜਨ ਤੇ ਸ਼ਹੀਦ ਹੋਣ ਲਈ ਭੇਜੇ ਜਾਣ ਤੇ ਕਿਸੇ ਤਰ੍ਹਾਂ ਦਾ ਇਤਰਾਜ਼ ਕਰਦੇ ਹਨ।

ਸਤਿਗੁਰੂ ਸਿੱਖਾਂ ਦੀ ਇਸ ਬੇਨਤੀ ਨੂੰ ਵੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੰਦੇ ਹਨ ਕਿ ਗੜ੍ਹੀ ਵਿੱਚ ਹੋਰ ਸਿੱਖਾਂ ਦੇ ਰਹਿੰਦਿਆਂ ਸਾਹਿਬਜ਼ਾਦਿਆਂ ਨੂੰ ਮੈਦਾਨ-ਏ-ਜੰਗ ਵਿੱਚ ਭੇਜਣ ਦੀ ਕੀ ਲੋੜ ਹੈ? ਉਹ ਸਾਹਿਜ਼ਾਦਿਆਂ ਨੂੰ ਨਾਲ ਲੈਕੇ ਰਾਤ ਦੇ ਹਨੇਰੇ ਵਿੱਚ ਗੜ੍ਹੀ ਵਿਚੋਂ ਨਿਕਲ ਜਾਣ। ਉਨ੍ਹਾਂ ਸਿੱਖਾਂ ਨੂੰ ਸਪਸ਼ਟ ਕਰ ਦਿੰਦੇ ਹਨ ਕਿ ਉਨ੍ਹਾਂ ਦੇ ਸਾਹਿਬਜ਼ਾਦੇ ਕੇਵਲ ਇਹ ਦੋ ਹੀ ਨਹੀਂ, ਸਗੋਂ ਸਾਰੇ ਸਿੱਖ ਹੀ ਉਨ੍ਹਾਂ ਦੇ ਸਾਹਿਬਜ਼ਾਦੇ ਹਨ। ਦੋਵੇਂ ਸਾਹਿਬਜ਼ਾਦੇ ਇੱਕ-ਇੱਕ ਕਰ ਕੇ ਮੈਦਾਨੇ-ਜੰਗ ਵਿੱਚ ਉਤਰਦੇ ਹਨ। ਮੈਦਾਨ-ਏ-ਜੰਗ ਵਿੱਚ ਉਤਰਦਿਆਂ ਹੀ ਉਹ ਆਪਣੀ ਸ਼ਹਾਦਤ ਨੂੰ ਸਾਹਮਣੇ ਵੇਖਦੇ ਹਨ, ਫਿਰ ਵੀ ਉਹ ਕਿਸੇ ਵੀ ਤਰ੍ਹਾਂ ਦਾ ਡਰ ਮਹਿਸੂਸ ਨਹੀਂ ਕਰਦੇ ਤੇ ਨਾ ਹੀ ਹਿਚਕਿਚਾਹਟ ਵਿਖਾਉਂਦੇ ਹਨ। ਉਹ ਪੂਰੀ ਦ੍ਰਿੜ੍ਹਤਾ ਨਾਲ ਮੈਦਾਨੇ-ਜੰਗ ਵਿੱਚ ਜੂਝਦੇ ਅਤੇ ਦੁਸ਼ਮਣ ਦੇ ਆਹੂ ਲਾਹੁੰਦੇ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਗੜ੍ਹੀ ਵਿੱਚ ਬੈਠੇ ਸਤਿਗੁਰੂ ਆਪਣੀਆਂ ਅੱਖਾਂ ਨਾਲ ਇੱਕ ਤੋਂ ਬਾਅਦ ਇੱਕ, ਦੋਹਾਂ ਸਾਹਿਬਜ਼ਾਦਿਆਂ ਨੂੰ ਦੁਸ਼ਮਣ ਫੌਜ ਨਾਲ ਜੂਝਦਿਆਂ ਅਤੇ ਦੁਸ਼ਮਣਾਂ ਦੇ ਆਹੂ ਲਾਹੁੰਦਿਆਂ ਸ਼ਹੀਦ ਹੁੰਦਿਆਂ ਵੇਖਦੇ ਹਨ।

ਦੂਜੇ ਪਾਸੇ ਦਾਦੀ, ਮਾਤਾ ਗੁਜਰੀ ਜੀ ਆਪਣੇ ਸੱਤ ਅਤੇ ਨੌਂ ਸਾਲ ਦੇ ਪੋਤਰਿਆਂ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹ ਸਿੰਘ ਨੂੰ ਤਿਆਰ ਕਰ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਯਾਦ ਕਰਵਾ, ਆਪਣੇ ਧਾਰਮਕ ਵਿਸ਼ਵਾਸ ਪੁਰ ਅਟੱਲ ਰਹਿਣ ਦੀ ਸਿਖਿਆ ਦੇ, ਸ਼ਹਾਦਤ ਪ੍ਰਾਪਤ ਕਰਨ ਲਈ ਭੇਜਦੇ ਹਨ। ਦਾਦੀ ਮਾਂ ਦੀ ਸਿਖਿਆ ਪ੍ਰਾਪਤ ਕਰ, ਦਾਦਾ ਸਤਿਗੁਰ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਦਿਲ ਵਿੱਚ ਵਸਾਈ ਮਾਸੂਮ ਬੱਚੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਦਾ ਜੈਕਾਰਾ ਗਜਾਂਦੇ ਜ਼ਾਲਮ ਹਾਕਮਾਂ ਦੀ ਕਚਹਿਰੀ ਵਿੱਚ ਪੁਜਦੇ ਹਨ। ਜੈਕਾਰਾ ਸੁਣ ਤੜਪੇ ਜ਼ਾਲਮ ਹਾਕਮ ਆਪਣੇ ਗੁੱਸੇ ਪੁਰ ਕਾਬੂ ਪਾ ਮਾਸੂਮ ਬੱਚੱਆਂ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਇਸਲਾਮ ਕਬੂਲ ਕਰਨ ਦੀ ਪ੍ਰੇਰਨਾ ਕਰਦੇ ਹਨ। ਪਰ ਮਾਸੂਮ ਬੱਚੇ ਆਪਣੇ ਦਾਦਾ ਸਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਅਤੇ ਦਾਦੀ ਮਾਂ ਦੀ ਸਿਖਿਆ ਪੁਰ ਪਹਿਰਾ ਦਿੰਦਿਆਂ ਸਾਰੇ ਲਾਲਚਾਂ ਨੂੰ ਠੁਕਰਾ ਦਿੰਦੇ ਹਨ। ਜਦੋਂ ਜ਼ਾਲਮ ਹਾਕਮ, ਆਪਣੇ ਵਲੋਂ ਦਿੱਤੇ ਗਏ ਲਾਲਚਾਂ ਨਾਲ ਗਲ ਬਣਦੀ ਨਹੀਂ ਵੇਖਦੇ ਤਾਂ ਧਮਕੀਆਂ ਤੇ ਮੌਤ ਡਰਾਵੇ ਦੇ ਕੇ, ਗਲ ਬਣਾਉਣ 'ਤੇ ਉਤਰ ਆਉਂਦੇ ਹਨ। ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਕੜ ਪੋਤਰੇ ਕਿਵੇਂ ਦਾਦੀ ਮਾਂ ਦੀ ਸਿਖਿਆ ਨੂੰ ਵਿਸਾਰ ਡਰ ਜਾਂਦੇ? ਉਹ ਹਰ ਧਮਕੀ ਅਤੇ ਡਰਾਵੇ ਦੇ ਸਾਹਮਣੇ ਅਡੋਲ ਰਹੇ। ਆਖਰ ਹਾਰ-ਹੁਟ ਜ਼ਾਲਮਾਂ ਨੇ ਮਾਸੂਮ ਬੱਚਿਆਂ ਨੂੰ ਦੀਵਾਰ ਦੀਆਂ ਨੀਂਹਾਂ ਵਿੱਚ ਚਿਣ ਸ਼ਹੀਦ ਕਰ ਦੇਣ ਦਾ ਫਤਵਾ ਜਾਰੀ ਕਰ ਦਿੱਤਾ। ਮਾਸੂਮ ਬੱਚੇ ਦੀਵਾਰ ਦੀਆਂ ਨੀਂਹਾਂ ਵਿੱਚ ਚਿਣ ਸ਼ਹੀਦ ਕਰ ਦਿੱਤੇ ਗਏ ਅਤੇ ਸਾਹਿਬ ਸ੍ਰੀ ਗੁਰੂ ਗਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਸਿੱਖੀ-ਸਿਦਕ ਪੁਰ ਅਡੋਲ ਰਹਿੰਦਿਆਂ ਸ਼ਹਾਦਤ ਦੇ ਗਏ।

ਜਦੋਂ ਇਹ ਖਬਰ ਮਾਸੂਮ ਬੱਚਿਆਂ ਦੀ ਦਾਦੀ ਮਾਂ ਪਾਸ ਪੁਜੀ ਤਾਂ ਉਨ੍ਹਾਂ ਕੋਈ ਦੁਖ ਜਾਂ ਅਫਸੋਸ ਪ੍ਰਗਟ ਨਹੀਂ ਕੀਤਾ, ਸਗੋਂ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਉਨ੍ਹਾਂ ਦੇ ਪੋਤਰੇ ਆਪਣੇ ਦਾਦਾ ਅਤੇ ਨਕੜ ਦਾਦਾ ਦੇ ਪਦ-ਚਿਨ੍ਹਾਂ ਪੁਰ ਚਲਦਿਆਂ ਸ਼ਹਾਦਤ ਦਾ ਜਾਮ ਪੀ ਗਏ, ਪਰ ਆਪਣੇ ਸਿੱਖੀ-ਸਿਦਕ ਪੁਰ ਆਂਚ ਨਹੀਂ ਆਉਣ ਦਿੱਤੀ। ਉਨ੍ਹਾਂ ਅਕਾਲ ਪੁਰਖ ਦਾ ਧੰਨਵਾਦ ਕੀਤਾ, ਸਿਰ ਝੁਕ-ਾਦਿਆਂ ਅਤੇ ਇਹ ਆਖਦਿਆਂ, 'ਉਨ੍ਹਾਂ ਦਾ ਫਰਜ਼ ਪੂਰਾ ਹੋ ਗਿਐ' ਪ੍ਰਾਣ ਤਿਆਗ ਦਿੱਤੇ।

ਜਦੋਂ ਛੋਟੇ ਸ਼ਾਹਿਜ਼ਾਦਿਆਂ ਦੇ ਸ਼ਹੀਦ ਹੋਣ ਦੀ ਵੀ ਖਬਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪੁਜਦੀ ਹੈ ਤਾਂ ਉਹ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ ਕਿ ਉਸਦੀ ਅਮਾਨਤ ਉਸਨੂੰ ਸੁਖੀ-ਸਾਂਦੀ ਪੁਜਦੀ ਹੋ ਗਈ ਹੈ।

ਸੋਚਣ ਤੇ ਵਿਚਾਰਨ ਵਾਲ਼ੀ ਗਲ ਹੈ ਕਿ ਉਨ੍ਹਾਂ ਦਾ ਇਹ ਕਥਨ ਕਿਤਨਾ ਮਹੱਤਵਪੂਰਣ ਹੈ, ਜਦੋਂ ਸਾਹਿਬਜ਼ਾਦਿਆਂ ਦੇ ਸੰਬੰਧ ਵਿੱਚ ਉਨ੍ਹਾਂ ਪਾਸੋਂ ਪੁਛ ਕੀਤੀ ਜਾਂਦੀ ਹੈ ਤਾਂ ਉਹ ਦੀਵਾਨ ਵਿੱਚ ਸਜੇ ਸਿੱਖਾਂ ਵਲ ਇਸ਼ਾਰਾ ਕਰ ਫੁਰਮਾਂਦੇ ਹਨ: 'ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ'।

# ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਪਾਤਸਾਹੀ ਦਸਵੀਂ, ਪਿੰਡ ਕਨੇਚ (ਲੁਧਿਆਣਾ)





ਤਸਵਿੰਦਰ ਸਿੰਘ ਬੜੈਚ
91-98763-22677

ਇਸ ਪਾਵਨ-ਪਵਿੱਤਰ ਅਸਥਾਨ ਦਾ ਇਤਿਹਾਸ ਖਾਲਸਾ ਪੰਥ ਦੇ ਸਿਰਜਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਸਾਹਿਬ ਛੱਡਣ ਤੋਂ ਮੁਕਤਸਰ ਸਾਹਿਬ (ਖਿਦਰਾਣੇ ਦੀ ਢਾਬ) ਦੇ ਸਫਰ ਨਾਲ ਜੁੜਿਆ ਹੋਇਆ ਹੈ। ਗੁਰੂ ਜੀ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ ਤੋ ਹੁੰਦੇ ਹੋਏ 12-13 ਪੋਹ ਦੀ ਠੰਢੀ-ਠਾਰ ਰਾਤ ਨੂੰ ਕਟਾਣਾ ਸਾਹਿਬ (ਦੇਗਸਰ ਸਾਹਿਬ) ਪਹੁੰਚੇ। ਇਥੇ ਹੀ ਰਾਤ ਕੱਟਕੇ ਗੁਰੂ ਜੀ ਸਵੇਰੇ ਪਿੰਡ ਰਾਮਪੁਰ ਤੋ ਪਿੰਡ ਕਨੇਚ 13 ਪੋਹ 1761 ਸੰਮਤ (27 ਦਸੰਬਰ 1704 ਸੰਨ) ਨੂੰ 'ਉੱਚ ਦਾ ਪੀਰ' ਬਣ ਕੇ ਪਲੰਘ ਉੱਤੇ ਬਿਰਾਜਮਾਨ ਹੋ ਕੇ ਪਹੁੰਚੇ, ਜਿਸਦਾ ਇਤਿਹਾਸ ਇਸ ਪ੍ਰਕਾਰ ਹੈ। ਪਿੰਡ ਕਨੇਚ, ਜਿਲ੍ਹਾ ਲੁਧਿਆਣਾ ਦਾ ਮਸਹੂਰ ਕਸਬਾ ਹੈ। ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਲੰਘ ਉੱਤੇ ਸਵਾਰ ਹੋ ਕੇ ਜਦੋ ਇਥੇ ਆਏ, ਉਸ ਸਮੇ ਭਾਈ ਨਵੀ ਖਾਂ ਗਨੀ ਖਾਂ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਗੁਰੂ ਸਾਹਿਬ ਦੇ ਨਾਲ ਸਨ। ਭਾਈ ਦਿਆ ਸਿੰਘ ਚਾਉਰ ਦੀ ਸੇਵਾ ਕਰ ਰਹੇ ਸਨ। ਆਪ ਜੀ ਦਾ ਇੱਕ ਸਿੱਖ ਫੱਤਾ ਜੱਟ ਇੱਥੇ ਵਸਦਾ ਸੀ। ਇਸ ਨੇ ਗੁਰੂ ਜੀ ਨੂੰ ਪਹਿਚਾਣ ਕੇ ਬੇਨਤੀ ਕੀਤੀ, ਪਾਤਸਾਹ ਕੋਈ ਸੇਵਾ ਕਰਨ ਦੀ ਆਗਿਆ ਕਰੀਏ। ਗੁਰੂ ਜੀ ਨੂੰ ਪਤਾ ਸੀ ਕਿ ਇਸ ਕੋਲ ਚੰਗੀ ਘੋੜੀ ਹੈ, ਜਿਸ'ਤੇ ਸਵਾਰ ਹੋ ਕੇ ਕਦੀ ਇਹ ਅਨੰਦਪੁਰ ਜਾਦਾ ਸੀ। ਗੁਰੂ ਜੀ ਨੇ ਘੋੜੀ ਦੀ ਮੰਗ ਕੀਤੀ। ਸੁਣਦੇ ਹੀ ਫੱਤੇ ਨੂੰ ਮਾਨੋ ਤਾਪ ਚੜ੍ਹ ਗਿਆ, ਮਨ ਡੋਲ ਗਿਆ ਕਿ ਜੇ ਹਾਕਮਾਂ ਨੂੰ ਪਤਾ ਲੱਗ ਗਿਆ,ਤਾਂ ਸਾਹੀ ਬਾਗੀ ਦੀ ਮਦਦ ਬਦਲੇ ਬੰਨਿਆ ਜਾਵਾਂਗਾ। ਜੇ ਘੋੜੀ ਲੈ ਗਏ ਮੋੜਕੇ ਨਹੀ ਦੇਣਗੇ। ਐਸਾ ਸੋਚ ਕੇ ਫੱਤੇ ਨੇ ਘਰ ਆ ਕੇ ਇੱਕ ਛੋਟੀ ਘੋੜੀ (ਟੱਟਵਾਣੀ) ਨੂੰ ਪੀੜ ਲਿਆਦਾ ਤੇ ਪੇਸ਼ ਕੀਤੀ , ਪਰ ਦਸਮ ਪਿਤਾ, ਚੋਟੀ ਦੇ ਘੋੜਿਆ ਦੇ ਸਾਹ ਅਸਵਾਰ ਸਨ, ਦੇਖਦੇ ਹੀ ਫਰਮਾਇਆ ਕਿ ਅਸੀ ਟੱਟਵਾਣੀ ਉੱਤੇ ਕਦੀ ਸਵਾਰੀ ਨਹੀ ਕੀਤੀ। ਸੂਰਜ ਪ੍ਰਕਾਸ ਰਿਤੂ 6 ਅੱਸੂ 41 ਵਿੱਚ ਐਸਾ ਲਿਖਿਆ ਹੈ÷

ਸੁਣ ਫੱਤਾ ਇਹ ਲੰਘੁ ਟੱਟਵਾਣੀ। ਨਾਹਿ ਅਰੁਦਬੇ ਲਾਇਕ ਜਾਣੀ।।
ਨਹ ਅਸਵਾਰੀ ਹਮ ਕੀਯ ਐਸੀ। ਲਿਆਇ ਦਿਖਾਈ ਤੈ ਅਬ ਜੈਸੀ।।

ਗੁਰੂ ਜੀ ਨੇ ਫੇਰ ਕਿਹਾ ' ਵੱਡੀ ਘੋੜੀ ਲਿਆ ਦਿਉ, ਅਸੀ ਅੱਗੇ ਤੋ ਹੋਰ ਬੰਦੋਬਸਤ ਕਰਕੇ ਛੇਤੀ ਮੋੜ ਭੇਜਾਗੇ।' ਪਰ ਫੱਤੇ ਨੇ ਫੇਰ ਝੂਠ ਬੋਲਿਆ 'ਕਿ ਵੱਡੀ ਘੋੜੀ ਮੇਰਾ ਜਵਾਈ ਲੈ ਗਿਆ ਘਰ ਨਹੀ ਹੈ। ਤਾਂ ਇਸਦੇ ਐਸੇ ਝੂਠ ਨੂੰ ਸੁਣ ਕੇ ਗੁਰੂ ਜੀ ਸਹਿਜੇ ਫਰਮਾਇਆ, ਨਾ ਤੇਰੀ ਘੋੜੀ ਇਥੇ ਨਾ ਤੂੰ ਰਿਹਾ, ਜਾਹ ਚਲਾ ਜਾਹ। ਐਸਾ ਸੁਣ ਕੇ ਇਹ ਸਿਰ ਸੁੱਟੇ ਘਰ ਨੂੰ ਆਇਆ। ਅੱਗੇ ਅੰਧੇਰੀ ਕੋਠੀ ਵਿੱਚ ਸੱਪ ਦੇ ਡੱਸਣ ਨਾਲ ਘੋੜੀ ਮਰੀ ਪਈ ਸੀ। ਇਸਨੇ ਸੁੱਤੀ ਜਾਣਕੇ ਪੈਰ ਦੇ ਠੇਡੇ ਨਾਲ ਜਗਾਣਾ ਕੀਤਾ ਕਿ ਲਿਆ ਕੇ ਬਾਹਰ ਬੰਨ੍ਹ ਦੇਵਾਂਗਾ। ਪਰ ਪਾਸ ਬੈਠੇ ਕਾਲੇ ਨਾਗ ਨੇ ਇਹਨੂੰ ਵੀ ਡੰਗਿਆ ਤੇ ਥਾਂਈ ਰੱਖਿਆ। ਕਨੇਚ ਤੋ 13 ਪੋਹ ਨੂੰ ਗੁਰੂ ਮਹਾਰਾਜ ਜੀ ਨੇ ਸਾਹਨੇਵਾਲ, ਨੰਦਪੁਰ (ਰੇਰੂ ਸਾਹਿਬ) ਨੂੰ ਚਾਲੇ ਪਾ ਦਿਤੇ। ਜਿਸ ਅਸਥਾਨ 'ਤੇ ਗੁਰੂ ਜੀ ਠਹਿਰੇ ਸਨ, ਉਸ ਅਸਥਾਨ 'ਤੇ ਅੱਜ ਗੁਰਦੁਆਰਾ ਸਾਹਿਬ ਸੁਸੋਭਿਤ ਹੈ। ਅੱਜ ਕੱਲ੍ਹ ਗੁਰਦੁਆਰਾ ਮੰਜੀ ਸਾਹਿਬ ਕਨੇਚ ਦੀ ਸੇਵਾ ਬਾਬਾ ਨਿਧਾਨ ਸਿੰਘ ਜੀ ਲੰਗਰ ਸਾਹਿਬ, ਸੰਤ ਬਾਬਾ ਸ਼ੀਸਾ ਸਿੰਘ ਜੀ ਕਾਰ ਸੇਵਾ ਵਾਲੇ ਸੰਗਤਾਂ ਦੇ ਸਹਿਯੋਗ ਨਾਲ ਕਰਵਾ ਰਹੇ ਹਨ।

# ਇਤਿਹਾਸਕ ਗੁਰਦੁਆਰਾ ਫਲਾਹੀ ਸਾਹਿਬ ਪਾਤਸ਼ਾਹੀ ਦਸਵੀਂ, ਪਿੰਡ ਦੂਲੇਅ (ਲੁਧਿਆਣਾ)



ਜਿਲ੍ਹਾ ਲੁਧਿਆਣਾ ਦੀ ਧਰਤੀ ਨੂੰ ਗੁਰੂਆਂ-ਪੀਰਾਂ , ਸੰਤਾਂ, ਭਗਤਾਂ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਮਾਣ ਹਾਸਲ ਹੈ। ਇਸੇ ਜਿਲ੍ਹੇ ਦੇ ਮਸਹੂਰ ਪਿੰਡ ਦੂਲੇਅ ਨੂੰ ਖਾਲਸਾ ਪੰਥ ਸਾਜਣ ਵਾਲੇ ਦਸਮੇਸ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਪਿੰਡ ਦਾ ਇਤਿਹਾਸਕ ਪੱਖ ਇਹ ਹੈ ਕਿ ਜਦੋਂ ਪਰਿਵਾਰ ਵਿਛੋੜੇ ਦੀ ਦਰਦਨਾਕ ਘਟਨਾ ਵਾਪਰੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਰੋਪੜ ਤੋਂ ਚੱਲ ਕੇ ਚਮਕੌਰ ਸਾਹਿਬ ਪਹੁੰਚੇ ਜਿੱਥੇ ਮੁਗਲਾਂ ਦੇ ਟਿੱਡੀ ਦਲ ਲਸ਼ਕਰ ਦਾ ਮੁਕਾਬਲਾ, ਮੁੱਠੀ ਭਰ ਸਿੰਘਾਂ ਨੇ ਕੀਤਾ। ਦੁਸ਼ਮਣ ਦੇ ਦੰਦ ਖੱਟੇ ਕੀਤੇ। ਇਥੋਂ ਚਲ ਕੇ ਦਸਮੇਸ਼ ਪਾਤਸਾਹ ਨੇ ਝਾੜ ਸਾਹਿਬ, ਮਾਛੀਵਾੜਾ, ਲੱਲਾ, ਰਾਮਪੁਰ, ਕਨੇਚ ਤੇ ਆਲਮਗੀਰ ਆਦਿ ਪਿੰਡਾਂ ਵਿਚੀ ਹੁੰਦੇ ਹੋਏ 17 ਪੋਹ ਸੰਮਤ 1761 (1704 ਈਸਵੀ) ਨੂੰ ਏਥੇ ਚਰਨ ਪਾਏ ਸਨ ਅਤੇ ਇਕ ਰਾਤ ਵਿਸ਼ਰਾਮ ਕੀਤਾ। ਦਸਮੇਸ਼ ਗੁਰੂ ਜੀ ਨੇ ਭਾਈ ਮਾਨ ਸਿੰਘ ਰਾਹੀਂ ਕਿਲਾ ਰਾਏਪੁਰ ਦੇ ਦੋ ਸਿੱਖ ਸਰਦਾਰਾਂ ਭਾਈ ਜੱਟੂ ਤੇ ਭਾਈ ਸਵਾਈ ਨੂੰ ਇਥੇ ਹਾਜ਼ਰ ਹੋਣ ਲਈ ਸੁਨੇਹਾ ਭੇਜਿਆ, ਪਰ ਉਹ ਨਾ ਆਏ। ਗੁਰੂ ਜੀ ਇਥੋਂ ਚਲ ਕੇ ਪਿੰਡ ਰਤਨ (ਟਾਹਲੀ ਸਾਹਿਬ) ਚਲੇ ਗਏ। ਜਦੋਂ ਰਾਇਪੁਰ ਦੀਆਂ ਸਰਧਾਲੂ ਮਾਈਆਂ ਨੂੰ ਗੁਰੂ ਜੀ ਦੇ ਹੁਕਮ ਨੂੰ ਨਾ ਮੰਨਣ ਦੀ ਬੇਅਦਬੀ ਦਾ ਪਤਾ ਲੱਗਿਆ ਤਾਂ ਉਹ ਪਸਚਾਤਾਪ ਕਰਨ ਲਈ ਤੇ ਮਾਫੀ ਮੰਗਣ ਲਈ, ਮਾਈ ਸੁਲੱਖਣੀ ਦੀ ਅਗਵਾਈ ਵਿਚ ਦੁਸ਼ਾਲਾ ਅਤੇ ਪ੍ਰਸ਼ਾਦਾ ਲੈ ਕੇ ਪਿੰਡ ਰਤਨ ਜਾ ਪਹੁੰਚੀਆਂ। ਗੁਰੂ ਜੀ ਨੇ ਇਨ੍ਹਾਂ ਦੀ ਸਰਧਾ ਤੋਂ ਖੁਸ਼ ਹੋ ਕੇ ਵਰਦਾਨ ਦਿੱਤਾ ਸੀ "ਤੁਸੀਂ ਰਾਜ ਕਰੋਗੇ। ਸਰਦਾਰੀਆਂ ਕਾਇਮ ਹੋਣਗੀਆਂ।" ਜਿਸ ਫਲਾਹੀ ਨਾਲ ਹਜੂਰ ਨੇ ਆਪਣਾ ਨੀਲਾ ਘੋੜਾ ਬੰਨ੍ਹਿਆ ਸੀ ਉਹ ਫਲਾਹੀ ਸੰਨ 1970-71 ਤੋਂ ਇਹ ਇਤਿਹਾਸਕ ਫਲਾਹੀ ਸਾਹਿਬ ਦਾ ਦਰੱਖਤ ਟੁੱਟਦਾ ਗਿਆ। ਜੱਥੇਦਾਰ ਸੰਤੋਖ ਸਿੰਘ ਜੀ ਨੇ ਇਹ ਦਰੱਖਤ ਦੇ ਹਿੱਸੇ ਸੰਭਾਲ ਕੇ ਰੱਖਵਾ ਦਿੱਤੇ ਤਾਂ ਜੋ ਸੰਗਤਾਂ ਦਰਸ਼ਨ ਕਰ ਸਕਣ। ਮਹਾਰਾਜ ਦੀ ਅਸਚਰਜ ਲੀਲਾ ਹੈ ਕਿ ਇਸ ਮੁੱਢ ਵਿਚੋਂ ਫਲਾਹੀ ਸਾਹਿਬ ਦਾ ਨਵਾਂ ਰੁੱਖ ਆਪਣੇ ਆਪ ਪੈਦਾ ਹੋਇਆ ਹੈ। ਇਥੇ ਨੇੜਿਓ ਹੀ ਉੱਚੇ ਟਿੱਬੇ ਦੀ ਖੁਦਾਈ ਕਰਦਿਆ ਪੁਰਾਤਨ ਸ਼ਸਤਰ ਪ੍ਰਾਪਤ ਹੋਏ ਹਨ। ਇਨ੍ਹਾਂ ਦੇ ਦਰਸ਼ਨ ਕਰਕੇ ਵਡਭਾਗੀ ਬਣੋ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਅਸਥਾਨ 'ਤੇ ਆਉਣ ਦੀ ਯਾਦ ਵਿਚ ਹਰ ਸਾਲ 17-18 ਪੋਹ ਨੂੰ ਬੜਾ ਭਾਰੀ ਦੀਵਾਨ ਸਜਦਾ ਹੈ। ਜਿਸ ਵਿਚ ਵੱਡੀ ਗਿਣਤੀ ਵਿਚ ਸਰਧਾਲੂ ਪਹੁੰਚਦੇ ਹਨ। ਹਰ ਦਸਵੀਂ ਤੇ ਹਰ ਐਤਵਾਰ ਨੂੰ ਵੀ ਸੰਗਤਾਂ ਇਕੱਠੀਆਂ ਹੋ ਕੇ ਗੁਰੂ-ਜਸ ਕਰਦੀਆਂ ਹਨ।

-ਤਸਵਿੰਦਰ ਸਿੰਘ ਬੜੈਚ

# ਸੰਯੁਕਤ ਕਿਸਾਨ ਮੋਰਚਾ ਸਬਰ, ਜਾਬਤੇ ਤੇ ਸੰਗਠਨਾਤਮਕ ਢਾਂਚੇ ਤੇ ਕੰਮ ਕਰ ਰਿਹਾ ਹੈ

ਭਾਰਤੀ ਸੰਵਿਧਾਨ ਦੇ ਨਿਰਮਾਤਾ, ਮੁਖ ਲੇਖਕ ਤੇ ਆਧੁਨਿਕ ਭਾਰਤ ਦੇ ਪਿਤਾਮਾ ਡਾ. ਅੰਬੇਡਕਰ ਨੇ ਬੜੀ ਦੂਰ ਦ੍ਰਿਸ਼ਟੀ ਨਾਲ ਸਾਥੀਆਂ ਦੇ ਲੰਮੇ ਸਲਾਹ ਮਸ਼ਵਰੇ ਤਹਿਤ ਸੰਵਿਧਾਨ ਭਾਰਤ ਦੇ ਸਮੁੱਚੇ ਲੋਕਾਂ ਨੂੰ ਸਮਰਪਿਤ ਕੀਤਾ ਹੋਇਆ ਹੈ।ਸੰਵਿਧਾਨ ਦੀ ਮੂਲ ਭਾਵਨਾ ਹੈ ਕਿ 'ਅਸੀਂ ਭਾਰਤ ਦੇ ਲੋਕ' । ਕਾਨੂੰਨਾ ਦਾ ਬਣਨਾ ਤੇ ਰੱਦ ਕਰਨਾ, ਮੁਲਤਵੀ ਕਰਨਾ ਲੋਕਤੰਤਰ ਦੀ ਖੂਬਸੂਰਤੀ ਮੰਨਿਆਂ ਜਾਂਦਾ ਹੈ। ਅਜਿਹਾ ਇਤਿਹਾਸ ਵਿਚ ਹੁੰਦਾ ਆਇਆ ਹੈ। ਪਰ ਪੂਰਨ ਬਹੁਮਤ ਨਾਲ ਬਣੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਲੋਂ ਕਿਸਾਨ ਮਜ਼ਦੂਰ ਰੋਸ ਪ੍ਰਦਰਸ਼ਨਾ ਨੂੰ ਢੀਠ ਦਰਜੇ ਨਾਲ ਬਦਨਾਮ ਕਰਨ ਤੇ ਤਾਰਪੀੜ ਕਰਨ ਦੀ ਲਗਾਤਾਰ ਕੋਸ਼ਿਸ਼ ਵਿੱਚ ਹੈ। ਜਿਸ ਤੋਂ ਇਹ ਕਿਸੇ ਤਾਨਾਸ਼ਾਹੀ ਵਿਵਸਥਾ ਦਾ ਵਰਤਾਰਾ ਲੱਗਦਾ ਹੈ।ਇਸ ਵਰਤਾਰੇ ਵਿੱਚ ਮਨੂੰ ਸਿਮਰਤੀ ਦੇ ਨਵੇਂ ਢੰਗ ਤਰੀਕੇ ਨਜ਼ਰ ਆਉਂਦੇ ਹਨ। ਜਿਸ ਮੁਤਾਬਕ ਮੁੜ ਧੋਖੇ ਕੀਤੇ ਜਾਣ ਦੀ ਅਤੇ ਇਹ ਨਵੇਂ-ਨਕੋਰ ਸ਼ਬਦਾ ਦਾ ਜਾਲ ਬੁਣ ਕੇ ਮੁੜ ਦੇਸ਼ ਨੂੰ ਟੋਟੇ-ਟੋਟੇ ਕਾਰਨ ਦੀ, ਅੰਨਦਾਤਾ ਨੂੰ ਸਨਮਾਨ ਦੇਣ ਦੀ ਥਾਂ ਬਦਨਾਮ ਕਰਨ ਦੀ ਕੋਸ਼ਿਸ਼ ਜਿਆਦਾ ਲੱਗਦੀ ਹੈ। ਜਿਸ ਵਿਵਸਥਾ ਵਿੱਚ 'ਸੋਨੇ ਦੀ ਚਿੜੀ' ਵਾਲੀ ਮਜ਼ਬੂਤ ਆਰਥਿਕ ਵਿਵਸਥਾ ਨੂੰ ਢਾਹ ਲਗਾਉਣ ਦੀ ਗਹਿਰੀ ਸਾਜਿਸ਼ ਦੀ ਬੋਅ ਆਉਂਦੀ ਹੈ। ਜਿਹੜੀ ਗੈਰ ਮਾਨਵੀ, ਗੈਰ-ਬਰਾਬਰੀ ਵਾਲੀ ਵਿਵਸਥਾ ਮੁਖ ਤੌਰ ਤੇ ਹਜ਼ਾਰਾ ਸਾਲਾਂ ਦੀ ਬਰਬਾਦੀ ਲਈ ਮੁਖ ਜੁਮੇਵਾਰ ਮੰਨੀ ਜਾਂਦੀ ਹੈ। ਅਸਲ ਵਿੱਚ ਸੱਚ ਤਾਂ ਇਹ ਹੈ ਕਿ ਮੋਦੀ ਸਰਕਾਰ ਨੂੰ ਮਜਬੂਤੀ ਮਿਲੀ ਹੋਈ ਹੈ। ਵਿਸ਼ੇਸ਼ ਵਰਗਾਂ ਦੀ ਮਜ਼ਬੂਤੀ ਤੇ ਵਿਚਾਰਧਾਰਾ ਨੂੰ ਲਾਗੂ ਕਰਨ ਦੀ ਵਿਉਤਬੰਦੀ ਤੋਂ ਲੱਗਦਾ ਹੈ ਕਿ ਦੇਸ਼ ਤੇ ਰਾਜ ਹੁਣ ਹਮੇਸ਼ਾ ਲਈ ਭਾਰਤੀ ਜਨਤਾ ਪਾਰਟੀ ਦਾ ਰਹੇਗਾ। ਪਰ ਇਤਹਾਸ ਅਤੇ ਲੋਕਤੰਤਰ ਦੱਸਦਾ ਹੈ ਅਜਿਹਾ ਅਸੰਭਵ ਹੈ। ਭਾਵੇਂ ਸਰਕਾਰ ਕੋਲ ਪੂਰਨ ਬਹੁਮਤ ਹੈ। ਇਹ ਅੱਜ ਅਨੇਕਾ ਵਿਰੋਧਭਾਸ਼ ਦੇ ਬਾਵਜੂਦ ਸਭ ਸਿਆਸੀ ਤੇ ਭਾਈਚਾਰਿਆਂ ਨੂੰ ਇਸ ਬਾਰੇ ਖੁਲੇ ਮਨ ਨਾਲ ਮਤਭੇਦਾ ਅਤੇ ਮਨ ਮਟਾਵਾ ਨੂੰ ਦੂਰ ਕਰਕੇ ਇਕਮੁੱਠ ਹੋਣ ਦੀ ਲੋੜ ਹੈ। ਸਾਰੀਆ ਵੱਡੀਆਂ ਛੋਟੀਆ ਪਾਰਟੀਆਂ ਨੂੰ ਵੀ ਸਬਕ ਲੈਣਾ ਚਾਹੀਦਾ ਹੈ।

ਸਿਆਸਤ ਸੰਭਾਨਾਵਾ ਦੀ ਖੇਡ ਮੰਨੀ ਗਈ ਹੈ। ਜਿਨ੍ਹਾ ਵਧੀਆਂ ਮੌਕਾ ਵਿਰੋਧੀ ਧਿਰ ਨੂੰ ਹੁਣ ਮਿਲਿਆ ਹੈ।ਇਸਦਾ ਸੱਦ ਉਪਯੋਗ, ਆਪੋ ਆਪਣੀ ਡਫਲੀ ਤੇ ਆਪੋ ਆਪਣਾ ਸਾਂਝਾ ਦਾ ਸੰਗੀਤ ਇਕ ਸੁਰ, ਇਕ ਧੁਨਾ ਕਰ ਲੈਣ ਚਾਹੀਦਾ ਹੈ। ਤੁਸੀ ਤੀਲਾ-ਤੀਲਾ ਹੋ ਕੇ ਹਾਸ਼ੀਏ ਤੇ ਹੋ ਜੇਕਰ ਪਹਿਲ-ਕਦਮੀ ਕੀਤੀ ਜਾਵੇ ਕਿ 'ਸਾਰੇ ਇਕ ਮੁੱਠ ਹੋਈਏ, ਆਓ ਕਿਸਾਨਾਂ ਵਿਰੋਧੀ, ਲੋਕ ਵਿਰੋਧੀ, ਮੁਸਲਮਾਨ ਵਿਰੋਧੀ, ਦਲਿਤ ਵਿਰੋਧੀ, ਨੋਟ ਬੰਦੀ ਅਤੇ ਜੀ. ਐਸ. ਟੀ ਦੇ ਮੁਦੇ ਤੇ ਸਰਕਾਰ ਨੂੰ ਪੜ੍ਹਨਾ ਪਾਈਏ। ਪਰ ਅਜੇ ਤੱਕ ਫਿਰਾਕਦਿਲੀ ਦੀ ਘਾਟ ਕਾਰਨ ਇਹਨਾਂ ਸਿਆਸੀ ਧਿਰਾ ਲਈ 'ਦਿਲੀ ਦੂਰ ਹੋਣ ਦਾ ਇਕ ਵੱਡਾ ਕਾਰਨ ਮੰਨਿਆ ਜਾਂਦਾ ਹੈ।

ਦੂਜੇ ਪਾਸੇ ਪੰਜਾਬ ਦੇ ਨਿਰੋਲ਼ ਕਿਸਾਨ ਮਜ਼ਦੂਰ ਜਥੇਬੰਦੀਆ ਦੇ ਸਹਿਯੋਗੀ ਜਿਸ ਤਰ੍ਹਾਂ ਆਪਣੇ ਆਪ ਨੂੰ ਮਜ਼ਬੂਤੀ ਦੇਣ ਵਿਚ ਇਕ ਮਿਸਾਲ ਬਣ ਗਏ ਹਨ ਕਿ ਬਿੱਲ ਰੱਦ ਕਰਵਾਉਣ ਲਈ ਲੋਕ ਪਿੱਛੇ ਹਟਣ ਲਈ ਬਿਲਕੁਲ ਤਿਆਰ ਨਜ਼ਰ ਨਹੀਂ ਆਉਂਦੇ। ਇਹਨਾਂ ਆਗੂਆ ਦੀ ਏਕਤਾ ਨੇ ਹੁਣ ਤੱਕ ਭਾਰਤ ਦੀ ਸਰਕਾਰ ਅਤੇ ਵਿਰੋਧੀ ਧਿਰਾ ਨੂੰ ਮੁੜ ਸੋਚਣ, ਸਮਝਣ ਲਈ ਮਜ਼ਬੂਰ ਕਰ ਦਿੱਤਾ ਤੇ ਦੁਨੀਆਂ ਨੂੰ ਸੁਨੇਹਾ ਦੇਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ ਕਿ ਲੋਕਾਂ ਖਿਲਾਫ ਜਾਂ ਉਹਨਾਂ ਦੇ ਹੱਕਾਂ ਵਿਚ ਕਾਨੂੰਨ ਬਣਾਉਣ ਤੋਂ ਪਹਿਲਾ ਸਬੰਧਿਤ ਧਿਰਾਂ ਨੂੰ ਗੱਲਬਾਤ ਕਰਕੇ ਹੀ ਨਵੇਂ ਕਾਨੂੰਨਾ ਨੂੰ ਜਨਮ ਦਿੱਤਾ ਜਾ ਸਕਦਾ ਹੈ।

ਸਾਨੂੰ ਲੋਕਤੰਤਰ ਜ਼ਿੰਦਾਬਾਦ ਕਹਿਣਾ ਹੀ ਪਵੇਗਾ ਪਰ ਤਾਨਾਸ਼ਾਹੀ ਰਵੱਈਆ ਮੋਜ਼ੂਦਾ ਹੁਕਮਰਾਨ ਸਰਕਾਰ ਲਈ ਭਵਿੱਖ ਵਿੱਚ ਖਤਰੇ ਦੀ ਘੰਟੀ ਵੀ ਬਣ ਸਕਦੀ ਹੈ।

ਲੰਮੇ ਸਮੇਂ ਤੋਂ ਵਿਰੋਧ ਪ੍ਰਦਰਸ਼ਨ 'ਚ ਜਿਸ ਤਰ੍ਹਾਂ ਇਕਮੁੱਠਤਾ ਤੇ ਤਿਣਕਾ-ਤਿਣਕਾ ਸਹਿਯੋਗ ਨਾਲ ਸਰਬਤ ਦੇ ਭਲੇ ਦੀ ਮਹਾਨ ਪਰਮਪਰਾ ਚਲਦਿਆ ਜਿਨ੍ਹਾਂ ਸਹਿਯੋਗ ਸੁਚੱਜੇ ਤੌਰ ਹਰ ਇਕ ਅੰਦੋਲਨਕਾਰੀ ਲਈ ਕਹਿਣਾ ਬਣਦਾ ਹੈ ਕਿ ਪੰਜਾਬ ਵਸਦਾ ਹੀ ਗੁਰਾ ਦੇ ਨਾਮ ਤੇ ਹੈ।ਸ਼ਬਦ ਮਿਲਦਾ ਹੈ ਕਿ ਵੰਡ ਛਕੋ ਦੇ ਮਹਾਨ ਫਲਸਫੇ ਰਾਹੀਂ ਭਾਰਤ ਨੂੰ ਦਿਸ਼ਾ ਦਿੱਤੀ ਜਾ ਰਹੀ ਹੈ।ਲੋੜ ਹੈ ਕਿ ਸਾਨੂੰ ਇਤਿਹਾਸ ਵਰਤਮਾਨ ਸਥਿਤੀਆ, ਪ੍ਰਸਿਥੀਆ ਨੂੰ ਸਮਝਦੇ ਹੋਏ ਪੰਜਾਬ, ਦੇਸ਼ ਦੇ ਲੋਕਾਂ ਨੂੰ ਸਮਝਣਾ ਹੀ ਪਵੇਗਾ ਕਿਉਂਕਿ ਪਿਆਰ ਨਾਲ ਜਾਨ ਲਈ ਜਾ ਸਕਦੀ ਹੈ ਪਰ ਮੋਦੀ ਦੀ ਟੇਅ ਮੰਨਣਾ,ਪਿੱਧੇ ਮੁੜਨਾ ਹੁਣ ਬਹੁਤ ਮੁਸ਼ਕਲ ਹੈ।

ਕਿਸਾਨ ਮਜ਼ਦੂਰਾਂ, ਸਮੇਤ ਸਾਰੇ ਭਾਈਚਾਰਿਆ ਨੇ ਜਿਸ ਤਰ੍ਹਾਂ ਦਿੱਲੀ ਨਾਲ ਆਡਾ ਲਿਆ ਹੈ, ਜਿਸ ਤਰ੍ਹਾਂ ਦਾ ਸਟੇਜ ਤੋਂ ਵਿਰੋਧ ਪ੍ਰਦਰਸ਼ਨ ਹੋ ਰਿਹਾ ਹੈ।ਇੰਨੀ ਕਿਰਕਰੀ ਕਿਹੜੀ ਸਰਕਾਰ ਦੀ ਹੋਈ ਹੋਵੇਗੀ? ਗਾਲਾਂ, ਲਗਾਤਾਰ ਵਿਰੋਧ, ਚੀਰਦੀ ਠੰਡ ਵਿਰੋਧ ਦਾ ਪੇਟੰਟ ਸਾਲ 2020 ਵਿੱਚ ਵੀ ਆਪਣੇ ਨਾਮ ਤੇ ਕਰਵਾ ਲਿਆ ਲਗਦਾ ਹੈ। ਗੈਰ ਸਿਆਸੀ ਸੰਗਠਨਾ ਕੋਹ ਕੇ ਮੋਦੀ ਸਰਕਾਰ ਨੂੰ ਪਿਆਜ ਦੇ ਸ਼ਿਲਕੇ ਵਾਂਗ ਛਿਲ ਰਹੇ ਹਨ।

ਮੋਦੀ ਸਰਕਾਰ ਦੇ ਸਮਰਥਕੋ, ਤਾਨਾਸ਼ਾਹੀ ਰਾਜ ਕਦੋਂ ਦਾ ਖਤਮ ਹੋ ਚੁੱਕਿਆ ਹੈ।ਮਿਠੀਆ ਗੋਲੀਆਂ ਖਾਣ ਵਾਲੇ ਲੁੱਛੇਦਾਰ ਭਾਸ਼ਨ, ਪੱਤਰ ਵਿਵਹਾਰ 'ਚ ਖੁਲੇ-ਪਣ ਸ਼ਬਦਾ ਦੀ ਘਾੜਤਾ ਨਾਲ ਗੱਲ ਹੁਣ ਬਣਦੀ ਨਹੀਂ ਲੱਗਦੀ। ਦੁਨੀਆਂ ਵਿੱਚ ਸਭ ਤੋਂ ਵੱਡੀ ਪਾਰਟੀ ਵਲੋਂ ਪ੍ਰਚਾਰਨਾ ਗਲਤ ਨਹੀਂ ਪਰ ਨੀਤੀ ਵਿੱਚ ਤਬਦੀਲੀ 'ਚ ਲਿਆਉਣੀ ਹੀ ਪਵੇਗੀ।

ਪੰਜਾਬੀਆਂ ਦੇ ਸੁਭਾਅ, ਵਿਵਹਾਰਾ ਤੇ ਵਿਰਾਸਤ ਤੇ ਕੁਰਬਾਨੀਆ ਭਰੇ ਇਤਿਹਾਸ ਤੋਂ ਬਾਅਦ ਹੁਣ ਪੜ੍ਹੇ-ਲਿਖੇ ਬੁੱਧੀਮਾਨ ਸੰਸਾਰ ਪੱਖੀ ਸੁਖਮਈ ਸੋਚ ਸਮਝਣ ਦੇ ਲਾਇਕ ਸਾਬਿਤ ਹੋ ਚੁਕੇ ਹਨ। ਇਹ ਕੁਰਬਾਨੀਆਂ ਤੋਂ ਪਿੱਛੇ ਹਟਣ ਵਾਲੇ ਨਹੀਂ ਹਨ ਖਬਰਾ ਤੇ ਇਹ ਵੀ ਹਨ ਕਿ ਜੇਕਰ ਸਰਕਾਰ ਨੇ ਤੁਰੰਤ ਬਿੱਲ ਵਾਪਸ ਨਾ ਲਏ ਤਾਂ ਸਿੰਘੂ ਇੱਕ ਦਿਨ ਸਿੰਘੂ ਬਾਰਡਰ ਬਣ ਜਾਵੇਗਾ।

ਸਮੂਹ ਕਿਸਾਨ ਜਥੇਬੰਦੀਆ ਅਤੇ ਲੋਕਾਂ ਲਈ ਹਰ ਪ੍ਰਕਾਰ ਦੀ ਮਦਦ ਲਈ ਜਿਹੜੇ ਠੰਡੇ ਮੌਸਮ ਵਿਚ ਮਦਦ ਲਈ ਮਨੁੱਖਤਾ ਪ੍ਰਤੀ ਫਰਜਾਂ ਨੂੰ ਬਾਖੂਬੀ ਢੰਗ ਨਾਲ ਆਪਣਾ ਦਸਬੰਦ ਕੱਢ ਕੇ ਖੁਲੇ ਮੰਨ ਨਾਲ ਅੱਗੇ ਆਏ ਹਨ। ਉਹ ਸਚੁਮੱਚ ਕੁਦਰਤ ਜਾ ਰੱਬ ਦਾ ਕ੍ਰਿਸ਼ਮਾ ਹੀ ਹਨ।ਹਰ ਪੰਜਾਬ ਭਾਰਤ ਦੇ ਲੋਕੀ ਇਹਨਾਂ ਧਰਨਿਆ ਪ੍ਰਦਰਸ਼ਨਾਂ 'ਚ ਸ਼ਾਮਿਲ ਹੋਣ ਲਈ ਤੱਤਪਾਰ ਹਨ।

ਸਰਕਾਰ ਜੀ, ਗਲਤੀਆ ਨੂੰ ਤੁਰੰਤ ਸੁਧਾਰ ਲਵੋ, ਭਾਰਤ ਸਮੇਤ ਦੁਨੀਆਂ 'ਚ ਹੋ ਰਹੀ ਬਦਨਾਮੀ ਨੂੰ ਰੋਕ ਲਵੋ, ਵਰਨਾ ਪੁਤਲੇ ਫੂਕਣੇ ਸਿਆਸਤ ਨਹੀਂ ਸਗੋਂ ਕਿਸਾਨਾ ਮਜ਼ਦੂਰਾ ਦਾ ਰੋਹ ਹੈ।ਸਵਿਧਾਨਕ ਹੱਕ ਹੈ, ਸੁਪਰੀਮ ਕੋਰਟ ਨੇ ਵੀ ਮੰਨ ਲਿਆ।

ਅੰਦੋਲਨ ਨੇ ਆਪਣੀ ਜਗੀਰ ਨੂੰ ਜਾਗਦਾ ਰੱਖਿਆ।ਪੰਜਾਬੀ ਦੇ ਉਘੇ ਲੇਖਕ ਨੇ ਇਕ ਲੇਖ ਵਿੱਚ ਲਿਖਿਆ ਕਿ ਕੋਈ ਚੈਨਲ ਵਾਲੇ ਨੇ ਇਕ ਮਾਤਾ ਨੂੰ ਕਿਹਾ ਮਾਤਾ ਜੀ ਲੰਗਰ ਆਪਦਾ ਹੈ ਤਾਂ ਮਾਤਾ ਰੋਟੀ ਲੋਹ ਤੇ ਸੁਟਦੀ ਹੋਈ ਸਹਿਜ ਸਭਾ ਨਾਲ ਜਵਾਬ ਦਿੰਦੀ ਹੈ, ਇਹ ਬਾਬੇ ਨਾਨਕ ਦਾ ਲੰਗਰ ਹੈ। ਇਕ ਥਾਂ ਹਵਾਲੇ ਰਾਹੀ ਪੰਜਾਬ ਬਾਰੇ ਲਿਖਿਆ ਅਸੀਂ ਕਿੰਨੀ ਦੁਨੀਆਂ ਦੇਖੀ, ਕਿੰਨੇ ਯੁੱਗ-ਕਿੰਨੇ ਦੇਸ਼.. ਪਰ ਇਹ ਧਰਤੀ ਤੇ ਇਕ ਦੇਸ਼ ਐਸਾ ਹੈ। ਪੰਜਾਬੀ ਚਿੰਤਕ ਗੁਰਚਰਨ ਨੇ ਤਾਂ ਪੰਜਾਬੀ ਯੋਧਿਆ ਬਾਬਤ ਗੱਲ ਦਾ ਨਵੇੜਾ ਕਰਦਿਆ ਕਿਹਾ ਕਿ 'ਪੰਜਾਬ ਦੇ ਬੁਨਿਆਦੀ ਹੱਕਾ' ਦੀ ਰਾਖੀ ਕਰਨ ਦਾ ਸਾਹਸ ਸਿਆਸੀ ਸਿਰਾ ਪਾਸ ਨਹੀਂ ਹੈ।

ਅੰਦੋਲਨ ਵਾਰੇ ਇੱਥੇ ਇਹ ਲਿਖਣਾ ਬੜਾ ਵਾਜਬ ਹੈ ਕਿ ਇਹ ਹੁਣ ਪੰਜਾਬ, ਹਰਿਆਣਾ, ਉਤਰਾਖੰਡ, ਉਤਰਪ੍ਰਦੇਸ਼ ਦਾ ਨਹੀਂ ਰਿਹਾ ਪਰ ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ, ਬਿਹਾਰ ਤੇ ਅਨੇਕਾਂ ਅੰਦੋਲਨਾਂ ਦਾ ਅਸਰ ਜਾਗਰੂਕਤਾਂ ਦਾ ਫੈਲਾਅ ਕਰਦਾ ਹੈ।

ਲੋਕਤੰਤਰ ਤੇ ਸੰਵਿਧਾਨਕ ਹੱਕਾਂ ਲਈ ਬਰਾਬਰਤਾ ਤੇ ਇਨਸਾਫ ਨੂੰ ਤਰਜੀਹ ਦੇਣ ਵਾਲੇ ਅੰਬੇਡਕਰ ਨੂੰ ਭੁਲਾ ਦੇਣਾ ਆਪਣੇ ਆਪ ਨਾਲ ਧੋਖਾ ਕਰਨਾ ਹੈ। ਤੁਹਾਡਾ ਛੋਟਾਪਣ ਤੰਗ ਦਿੱਲੀ ਤੇ ਨੀਚ ਸੋਚ ਦਾ ਪ੍ਰਗਟਾਵਾ ਹੈ। ਖੁਲੀ ਫਿਜਾ ਵਿੱਚ ਸਾਹ ਲੈਣ ਦਾ ਹੋਕਾ ਲੈ ਕੇ ਅੱਗੇ ਵਧਣ ਵਾਲੀ ਗੱਲ ਵਿਸ਼ਾਲ ਸੋਚ ਦਾ ਪ੍ਰਗਟਾਵਾ ਦਰਸਾਉਂਦੀ ਹੈ ਪਰ ਕਿੰਨੇ ਮਹਾਨ ਮਨੁੱਖ ਨੂੰ ਸੰਵਿਧਾਨ ਪ੍ਰਤੀ ਕਰੋੜਾ ਲੋਕਾਂ ਦੀ ਵਫਾਦਰੀ ਤੁਹਾਨੂੰ ਅੱਜ ਕੱਲ ਪਰਸੋ ਵੀ ਲਾਹਨਤਾ ਪਾਵੇਗੀ। ਸਮਝਣ ਦੀ ਲੋੜ ਹੈ ਕਿ ਵਿਰੋਧ ਪ੍ਰਦਰਸ਼ਨ ਰੋਸ ਮੁਜਾਹਰ ਕਰਨੇ ਸੰਵਿਧਾਨ ਕਰਕੇ ਹੀ ਸੰਭਵ ਹਨ ਸੰਵਿਧਾਨ ਮੁਤਾਬਕ ਲੋਕ ਰੋਹ ਨੂੰ ਧੱਕੇ ਨਾਲ ਰੋਕਿਆ ਨਹੀਂ ਜਾ ਸਕਦਾ ਤੇ ਸੁਪਰੀਮ ਕੋਰਟ ਮੋ-ਜੂਦਾ ਅੰਦੋਲਨ ਦੇ ਫੇਸਲੇ ਨੂੰ ਸਮਣ- ਪੜਚੋਲਣ ਵਾਲੇ ਤਾਂ ਸਮਝ ਗਏ ਹਨ ਕਿ ਇਹ ਮੇਹਰਬਾਨੀਆ ਦਾ ਬਹੁਤਾ ਸਿਹਰਾ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸਿਰ ਹੀ ਬੱਝਦਾ ਹੈ।



ਸੰਤੋਖ ਜੱਸੀ (ਸਰਪੰਚ)
91-98766-58364



ਆਓ ਜਗਦੀਆ ਜ਼ਮੀਰਾ ਵਾਲਿਓ ਮਨੁੱਖਤਾ ਪ੍ਰਤੀ ਸੱਚੋ ਦਿਲੋ ਅੰਦੋਲਨ ਦਾ ਲੋਹੜੇ ਦੀ ਸਰਦੀ 'ਚ ਸ਼ਾਮਲ ਹੋ ਕੇ ਉਹਨਾਂ ਦਾ ਸਮਰਥਨ ਕਰੀਏ। ਆਓ ਸਾਰੇ ਇੱਕਮੁੱਠ ਹੋਈਏ ਤੇ ਦਿਲੀ ਮੁੜ ਜਿਤੀਏ ਤੇ ਇਤਿਹਾਸ ਦੇ ਪੰਨੇ ਕੁੱਝ ਆਪਣੇ ਨਾਮ ਮੁੜ ਲਿਖ ਲਈਏ। ਇਹ ਸਿਰੜ ਸਿਦਕ ਤੁਹਾਡੀਆ ਭਵਿੱਖ ਦੀਆਂ ਪੀੜੀਆ ਦਾ ਰਾਹ ਖੋਲੇਗਾ। ਦੁਨੀਆਂ ਬਾਹਾ ਖੋਲ ਕੇ ਤੁਹਾਡਾ ਸਵਾਗਤ ਕਰੇਗੀ।

ਪੰਜਾਬੀ ਦੇ ਸਭ ਤੋਂ ਵੱਧ ਪ੍ਰਵਾਨਤ ਕਵੀ ਸ਼ਾਇਰ ਡਾ:ਸੁਰਜੀਤ ਦੀ ਲੇਖ ਦਾ ਸਿਰਲੇਖ, 'ਟੁੱਟੀ ਛੰਨ ਨੂੰ ਸੀਸ ਕਹਿਣ ਕਹਿਣ ਵਾਲੇ ਧਰਤੀ ਦੇ ਜਾਏ' ਤਹਿਤ ਕਹਿੰਦੇ ਹਨ ਕਿ ਇਸ ਅਕੂਠੇ ਅੰਦੋਲਨ ਤੋਂ ਬਾਅਦ ਦਾ ਪੰਜਾਬ ਇੱਕ ਵੱਖਰਾ ਪੰਜਾਬ ਹੋਵੇਗਾ। ਸ਼ਾਇਦ ਇਹ ਗੁਰੂ ਨਾਨਕ ਬਾਣੀ ਦੇ ਵਧੇਰੇ ਕਰੀਬ ਹੋ ਜਾਵੇ।ਅਸੀਂ ਸਦਾ ਪਿਆਰ ਭਰੀ, ਦਇਆ ਭਰੀ, ਨਿਆਸ਼ੀਲ ਜ਼ਿੰਦਗੀ ਜੀਓ ਕੇ, ਖੇਤੀ ਦਾ ਕੋਈ ਨਵਾਂ ਮਾਡਲ ਲੱਭ ਕੇ ਪੰਜਾਬ ਦੀ ਪੁਨਰ ਸਿਰਜਣਾ ਕਰ ਸਕੀਏ।

ਵਰਾ 2022 ਵੀ ਹੁਣ ਬਹੁਤਾ ਦੂਰ ਨਹੀਂ ਲੱਗਦਾ। ਗੁਰੂ ਗੋਬਿੰਦ ਸਿੰਘ ਦੀ ਬਾਣੀ ਵੀ ਚਿਤਿਆ ਵਿੱਚ ਹੋਈ ਹੈ ਜਿਸ ਦੇ ਭਾਵ ਅਰਥ ਪਤਾ ਤਾਂ ਕਰੀਬ ਸਭ ਨੂੰ ਹੋਣਗੇ ਪਰ ਗਰੀਬ ਸਿੱਖਾਂ ਨੂੰ ਪਤਾਸ਼ਾਹੀ (ਰਾਜਭਾਗ) ਦੇਣੀ ਪੈਣੀ ਹੈ ਪਰ ਇਹ ਕਦੋਂ ਸੰਭਵ ਹੋ ਸਕੇਗਾ? ਪਰ ਗੁਰਬਾਣੀ ਦਾ ਇਕ ਸ਼ਬਦ ਬੇਗਮਪੁਰੇ ਵਾਰੇ ਵੀ ਵਿਚਾਰਿਓ, ਕੁਝ ਪਲ ਕੱਢ ਕੇ ਸਮਝਿਓ ਕਿ ਇਕ ਸੱਚੇ-ਸੰਸਕਾਰੀ ਵਿਰਾਸਤੀ ਤੇ ਸੁਪਰ ਕੰਟਰੀ (ਵਿਕਸਿਤ ਦੇਸ਼/ ਵਿਕਸਤ ਸੋਚ) ਦੇ ਧਾਰਨੀ ਲੋਕਾਂ ਲਈ ਖੁਲੇ ਮਨ ਨਾਲ ਪੁਣ ਛਾਣ ਕਰਨੀ ਬਣਦੀ ਹੈ ਕਿ ਸਰਬੱਤ ਵਾਲੀ ਸੋਚ ਦਾ ਨਾਮ ਵੀ ਬੇਗਮਪੁਰਾ ਕਹਾਉਦਾ ਹੈ।

ਬਹੁਗਿਣਤੀ ਲੋਕਾਂ ਲਈ ਲੋਕਤੰਤਰੀ ਸਰਕਾਰ ਤਾਕਤ ਦਿੰਦੀ ਹੈ।ਜਿੱਥੇ ਰਾਜਭਾਗ ਪ੍ਰਾਪਤ ਸਮਾਜ ਨੂੰ ਧਰਨੇ ਪ੍ਰਦਰਸ਼ਨਾ ਦੀ ਲੋੜ ਹੀ ਨਹੀਂ ਪੈਦੀ। ਉਦੋਂ ਸੱਚਮੁੱਚ ਲੋਕਤੰਤਰ ਦੇਸ਼ ਸਮੁੱਚੇ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਦੁਆਰਾ ਹੁੰਦਾ ਹੈ। ਇਹ ਹੀ ਫਲਸਫਾ ਹਰ ਪੰਜਾਬੀ , ਭਾਰਤੀ ਦਿਲ ਦਿਮਾਗ ਵਿੱਚ ਉੱਤਰ ਜਾਣਾ ਸਮੇਂ ਦੀ ਅਤਿਅੰਤ ਲੋੜ ਹੈ ।

ਆਓ ਅਨੇਕਤਾ 'ਚ ਏਕਤਾ ਦਾ ਪਾਠ ਪੜ੍ਹੀਏ, ਜਾਣੀਏ, ਸਮਝੀਏ ਕਿ ਦੁਨੀਆਂ ਭਰ ਦੇ ਪੰਜਾਬੀਓ ਇਕੱਠ ਹੋ ਜਾਵੋ। ਆਓ ਹੋਈਆ ਭੁਲਾ ਨੂੰ ਭੁਲਾ ਕੇ ਆਤਮ ਮੰਥਨ ਕਰਦਿਆ ਵਿਖਰਵਿਆ ਵਾਲੀ ਸੋਚ ਨੂੰ ਤਿਲਾਜਲ਼ੀ ਦਿੰਦੇ ਹੋਏ ਦੁਨੀਆਂ ਭਰ ਸਾਲ 2021 ਲਈ ਦੁਨੀਆਂ ਭਰ 'ਚ ਵਸਦੇ 7 ਅਰਬ 20 ਕਰੋੜ ਲੋਕਾਂ ਲਈ ਚੜ੍ਹਦੀ ਕਲਾਂ ਮੰਗਦੇ।

## ਸਿੰਘੂ ਬਾਰਡਰ ਤੇ ਇਕ ਦਿਨ

# ਦਿਲ ਦਰਿਆ ਅਤੇ ਮਨੁੱਖਤਾ ਦੇ ਪਹਿਰੇਦਾਰ ਬਣਨਗੇ ਇਤਿਹਾਸ ਦੇ ਨਾਇਕ

**ਸੰਤੋਖ ਜੱਸੀ (ਸਰਪੰਚ)**

ਇਕ ਸਵਾਲ ਵਾਰ-ਵਾਰ ਪੁੱਛ ਰਿਹਾ ਸੀ ਕਿ ਕੁਦਰਤ ਦੇ ਬੰਦਿਆਂ ਤੂੰ ਕਦੋਂ ਦਿੱਲੀ ਜਾਣਾ, ਕਿ ਗੱਲਾਂ ਹੀ ਕਰਦੇ ਰਹਿਣਾ, ਕਿ ਸੰਘਰਸ਼ ਦਾ ਹਿੱਸਾ ਵੀ ਬਣਨਾ। ਤੈਹ ਕੀਤਾ ਹੈ ਕਿ ਜਾਣਾ ਜ਼ਰੂਰੀ ਹੈ, ਭਾਵੇਂ ਹੱਥ ਕੜੀਆ ਲੱਗ ਜਾਣ, ਮੈਂ ਜਾਣਾ ਵੀ ਹੈ, ਮੋਹਰੀ ਆਗੂਆ ਨਾਲ ਸੰਵਾਦ ਵੀ ਕਰਨਾ ਤੇ ਆਪਣੇ ਲਿਖਤੀ ਦਸਤਾਵੇਜ ਵੀ ਪੇਸ਼ ਕਰਨੇ ਹਨ। ਭਾਵੇਂ ਮੈਂ ਕਿਸਾਨ ਨਹੀਂ ਪਰ ਜ਼ਮੀਰ ਅਜੇ ਵੀ ਜ਼ਿੰਦਾ ਹੈ।ਇਸੇ ਭਾਵਨਾ ਤਹਿਤ ਮੈਂ ਆਪਣੇ ਆਪ ਨੂੰ ਕਿਸਾਨ ਮਜ਼ਦੂਰ ਅੰਦੋਲਨ ਨੂੰ ਸਮਰਪਿਤ ਕੀਤਾ।ਮੇਰਾ ਪੂਰਾ ਦਿਨ ਘੁੰਮਦਿਆ, ਵਿਚਾਰਦਿਆਂ, ਦੇਖਦਿਆਂ, ਸੁਣਦਿਆਂ, ਕਾਰਜਸ਼ੀਲ ਬਹੁਪੱਖੀ ਸਖਸ਼ੀਅਤਾ ਨੂੰ ਨੇੜੇ ਤੋਂ ਸਮਝਣ, ਜਾਨਣ ਦੀ ਇੱਛਾ ਪੂਰੀ ਹੋਈ।ਸੁਣਿਆ ਸੀ, ਪੰਜਾਬੀ ਜਿੱਥੇ ਜਾਂਦੇ ਆਪਣਾ ਪੰਜਾਬ ਵਸਾ ਲੈਂਦੇ ਹਨ।ਇਹ ਗੱਲ ਮੈਂਨੂੰ ਤਾਂ ਸੱਚੀ ਲੱਗੀ। ਭਾਵੇਂ ਕਿਹਾ ਤਾਂ ਸਿੰਘੂ ਬਾਰਡਰ ਜਾਂਦਾ ਹੋਵੇ ਪਰ ਹੁਣ ਸਿੱਖ ਬਾਰਡਰ ਵੀ ਕਹਿ ਲਿਆ ਜਾਵੇ ਤਾਂ ਸ਼ਾਇਦ 'ਅੱਜ ਦੀ ਖਬਰ' ਬਣਦੀ ਹੈ।ਹਰ ਲੋੜ ਪੂਰੀ ਕਰਨ ਦੀ ਵਿਵਸਥਾ ਨੇ ਕਈ ਭੁੱਲ-ਭੁਲੇਖਿਆ ਨੂੰ ਦੂਰ ਕੀਤੇ।ਪਰ ਜਿਹੜਾ ਗੁੱਸਾ-ਪੀੜਾ, ਤਾਨੇ-ਮੇਣੇ ਮੋਦੀ ਤੇ ਮੋਦੀ ਭਗਤਾਂ ਨੂੰ ਵੱਜਦੇ ਰਹੇ, ਲੋਕੀ ਰੋਲਾ ਹੀ ਨਹੀਂ ਪਾ ਰਹੇ ਸਨ ਸਗੋਂ ਸੁਚੇਤ ਤੇ ਜੁੜੀ ਸੰਗਤ ਅੰਦਰੋ ਚੀਸਾ ਮਾਰ ਰਹੀ ਸੀ।ਇਕ ਬਜ਼ੁਰਗ ਦਾ ਇਹ ਕਹਿਣਾ ਮੈਂਨੂੰ ਰਾਤੀ ਘਰ ਪੁੱਜ ਕਿ ਦੇਸ਼ ਕਿਧਰ ਨੂੰ ਜਾ ਰਿਹਾ ਨੇ ਸੋਣ ਨਹੀਂ ਦਿੱਤਾ। ਉਸ ਨੇ ਭਰੀਏ ਅੱਖਾਂ ਨਾਲ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੋਦੀ ਨੇ ਲੁਧਿਆਣਾ / ਮੋਗੇ ਵਾਲੀ ਵਿਸ਼ਾਲ ਰੈਲੀ 'ਚ ਕਿਹਾ ਸੀ ਕਿ ਕਿਸੇ ਨੇ ਸਿੱਖਾ ਦੀ ਪੱਗ ਦੀ ਇੱਜ਼ਤ ਰੱਖੀ ਹੋ ਜਾਂ ਨਹੀਂ ਪਰ ਮੈਂ ਪੱਗ ਦੀ ਇੱਜ਼ਤ ਰੋਲਣ ਨਹੀਂ ਦੇਵਾਗਾ।ਪਰ ਫਿਰ ਬਾਬਾ ਭੁੱਬਾਂ ਮਾਰ ਕੇ ਰੋ ਪਿਆ।ਬਾਬੇ ਨੂੰ ਸੰਭਾਲਿਆ ਤੇ ਆਖਰ ਲੰਮੇ ਸਮੇਂ ਉਪਰੰਤ ਬਾਬਾ ਬੋਲਿਆ ਕਿ ਕੁੱਝ ਲਾਲਚਾ, ਸਵਾਰਥਾ ਨੇ ਪੰਜਾਬ ਵਿੱਚ ਇਹਨਾਂ ਨੂੰ ਸਿਰ ਤੇ ਬਠਾਇਆ ।ਕਿੰਨਾਂ ਚਿਰ ਇਹ ਜ਼ਹਿਰ ਅਜੇ ਹੋਰ ਪੀਣੀ ਪੈਣੀ ਹੈ, ਫਿਰ ਇਹ ਲੀਡਰ ਨਵੇਂ ਨਕੋਰ ਕੱਪੜੇ ਪਹਿਨੀ ਨਾਹਰੇ ਮਾਰਦੇ, ਠੰਡੇ ਮਿਠੇ ਬਣ-ਬਣ ਆਉਣਗੇ, ਭੁਲਾ ਬਖਸ਼-ਾਉਣਗੇ। ਸਾਡੇ ਭੋਲੇ-ਭਾਲੇ ਲੋਕਾਂ ਤੋਂ ਹੁਣ ਹੋਰ ਮੂਰਖ ਨਹੀਂ ਬਣਿਆ ਜਾਣਾ।ਸਾਡੇ ਸਬਰ ਦਾ ਪਿਆਲਾ ਹੁਣ ਭਰ ਚੁੱਕਾ ਹੈ।ਇਹ ਕਹਿੰਦਿਆਂ ਉਹ ਪੂਰੇ ਪੰਜਾਬ ਨਹੀਂ ਸਗੋਂ ਭਾਰਤ ਦੇ ਸਿਆਸੀ ਅਕਾਵਾਂ ਦੇ ਅਲਜ਼ਵਰਿਆਂ ਨੂੰ ਉਜਾਗਰ ਕਰਨ ਦਾ ਜੇਰ੍ਹਾ ਕਰ ਹੀ ਗਿਆ।




ਸੇਵਾ ਭਾਵਨਾ ਨੂੰ ਸਮਝਿਆਂ ਹੀ ਜਾ ਸਕਦਾ।ਬਿਆਨ ਕਰਨਾ ਔਖਾ, ਪਰ ਤਸਵੀਰਾਂ ਬਿਨ ਬੋਲਿਆ ਬੋਲਦੀਆਂ ਹਨ।ਸਾਰਾ ਪੰਜਾਬ ਕਿਸਾਨ ਹਮਾਇਤੀ ਮਨੁੱਖੀ ਕਦਰਾਂ ਕੀਮਤਾਂ ਵਾਲਾ ਮੀਡੀਆ ਨੇ ਬੜੀ ਨੱਠ ਭੱਜ ਕੀਤੀ।ਉਹ ਹਰ ਸਾਹ ਨੂੰ ਕਵਰ ਕਰਨ 'ਚ ਲੱਗਾ ਹੋਇਆ ਸੀ।ਜਿਓ-ਜਿਓ ਸ਼ਾਮਾਂ ਪੈ ਰਹੀਆ ਸਨ।ਕਾਫਲੇ ਹੋਰ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਪੁੱਜ ਰਹੇ ਸਨ।ਮੈਂ ਪੁੱਛਿਆ ਤੇ ਮੈਂਨੂੰ ਜਵਾਬ ਮਿਲਿਆ।ਇੱਥੇ ਅਸੀਂ ਆਪਣੀ ਮਰਜ਼ੀ ਨਾਲ ਇਸ ਅੰਦੋਲਨ 'ਚ ਭਾਈਚਾਰੇ ਦੇ ਭਾਗੀਦਾਰ ਬਣ ਕੇ ਸਿਆਸਤ ਦੇ ਸ਼ਿਕਾਰ ਹੋਣ ਨਹੀਂ ਆਏ।ਪੰਜਾਬ, ਨਵੇਂ ਪੰਜਾਬ ਦਾ ਰੂਪ ਧਾਰੇਗਾ।ਅਸੀਂ ਜਾਗਦੀਆਂ ਜ਼ਮੀਰਾਂ ਵਾਲੇ ਹਾਂ।ਆਪਣੇ ਟਰੈਕਰ, ਟਰਾਲੀਆ ਆਪਣੇ ਸਾਧਨ ਤੇ ਆਏ ਹਨ।ਭਾੜੇ ਤੇ ਲਿਆਂਦੇ ਸਿਆਸੀ ਪਾਰਟੀਆਂ ਦੇ ਬੰਦੇ ਨਹੀਂ ਹਾਂ।ਪੰਜਾਬੀ ਹਾਂ ਭਾਰਤੀ ਹਾਂ, ਅੰਨਦਾਤਾ ਹਾਂ, ਭਾਵੇਂ ਕਈ ਅੰਨਦਾਤੇ ਨਹੀਂ ਸਨ। ਪਰ ਉਹ ਕਹਿੰਦੇ ਅਸੀਂ ਅੰਨ ਤਾਂ ਖਾਂਦੇ ਹਨ।ਸਿਆਣਿਆ ਨੇ ਕਿਹਾ ਕਿ ਜੇ ਕਿਸੇ ਦਾ ਲੂਣ ਵੀ ਖਾਦਾ ਹੋਵੇ ਤਾਂ ਹਰਾਮ ਨਹੀਂ ਕਰੀਦਾ।ਪਰ ਮੋਦੀ ਸ਼ਾਇਦ ਅਡਾਨੀ ਤੇ ਆਬਾਨੀ ਦੇ ਸੋਨੇ ਦੇ ਪਕਵਾਨ ਖਾਣ ਵਾਲਾ ਨਵਾਂ ਮਨੁੱਖ ਹੋਵੇਗਾ? ਭਾਸ਼ਨ ਤਾਂ ਇਹੋ ਕਰਦਾ ਕਿ ਧਰਤੀ ਦੇ ਪੁੱਤ ਹਾਂ। ਪਰ ਉਹਦੇ ਕੰਮ ਨੋਟ ਬੰਦੀ ਵੇਖ ਲਵੋ, ਜੀ.ਐਸ.ਟੀ, ਮੁਸਲਮ ਵਿਰੋਧੀ ਕਾਨੂੰਨ, ਧਾਰਾ 370, ਦਿੱਲੀ ਗੁਰੂ ਰਵਿਦਾਸ ਮੰਦਰ ਮਾਮਲਾ, ਐਸ ਸੀ ਐਕਟ ਸਮੇਤ ਅਨੇਕਾਂ

(ਬਾਕੀ ਅਗਲੇ ਸਫੇ 'ਤੇ)

### 'ਭੀਮਾ ਕੋਰੇਂ ਗਾਉਂ ਵਿਜੈ ਦਿਵਸ' 1 ਜਨਵਰੀ 'ਤੇ ਵਿਸ਼ੇਸ਼

# ਭੀਮਾ ਕੋਰੇਂ ਗਾਉਂ ਯੁੱਧ - ਦਲਿਤਾਂ ਦਾ ਸ਼ਾਨਾਮੱਤੇ ਇਤਿਹਾਸ

ਇਤਿਹਾਸ ਦੀਆਂ ਕਿਤਾਬਾਂ ਵਿੱਚ ਭੀਮਾ-ਕੋਰੇਗਾਂਵ ਯੁੱਧ ਦਾ ਵਰਨਣ 'ਅੰਗਰੇਜ਼-ਮਰਾਠਾ' ਵਿਚਕਾਰ ਲੜਾਈ ਦੇ ਰੂਪ ਵਿੱਚ ਹੀ ਕੀਤਾ ਜਾਂਦਾ ਹੈ। ਕੁੱਝ ਇਤਿਹਾਸਕਾਰ ਇਸ ਯੁੱਧ ਨੂੰ ਬ੍ਰਿਟਿਸ਼ ਸਾਮਰਾਜਵਾਦ ਅਤੇ ਹਿੰਦੂ ਰਾਸ਼ਟਰਵਾਦ ਦੇ ਵਿਚਕਾਰ ਹੋਈ ਲੜਾਈ ਦੇ ਰੂਪ ਵਿੱਚ ਦੇਖਦੇ ਹਨ। ਪਰ ਦਲਿਤ ਮਹਾਰ ਇਸ ਯੁੱਧ ਨੂੰ ਜਾਤੀਵਾਦੀ ਪੇਸ਼ਵਾਵਾਂ 'ਤੇ ਜਿੱਤ ਨੂੰ ਭੀਮਾ ਕੋਰੇਗਾਂਵ 'ਵਿਜੈ ਦਿਵਸ' ਦੇ ਤੌਰ ਤੇ ਹਰ ਸਾਲ ਇਕ ਜਨਵਰੀ ਨੂੰ ਮਨਾਉਂਦੇ ਹਨ। ਹੁਣ ਇਹ ਭੀਮਾ-ਕੋਰੇਗਾਂਵ ਦੀ ਲੜਾਈ ਸਿਰਫ ਅੰਗਰੇਜ਼ਾਂ ਵੱਲੋਂ ਪੇਸ਼ਵਾਵਾਂ ਨੂੰ ਹਰਾਉਣ ਦੀ ਲੜਾਈ ਹੀ ਨਹੀਂ ਰਹਿ ਗਈ, ਬਲਕਿ ਦਲਿਤਾਂ ਦੀ ਬਹਾਦਰੀ ਅਤੇ ਸਵੈਮਾਨ ਦੀ ਬਣ ਗਈ ਹੈ। ਪਿੱਛਲੇ ਦੋ ਸਾਲ ਤੋਂ ਭੀਮਾ ਕੋਰੇਗਾਂਵ ਜੇਤੂ ਸਮਾਰਕ ਦਲਿਤਾਂ ਵਿਚ ਚੇਤਨਾ ਜਗਾਉਣ ਅਤੇ ਪੀੜਤ ਲੋਕਾਂ ਵਿਚ ਭਾਈਚਾਰਾ ਵਧਾਉਣ ਵਾਲਾ ਸਮਾਰਕ ਬਣ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਦਲਿਤਾਂ ਦੀਆਂ ਬਹਾਦਰੀਆਂ ਜਾਂ ਕੁਬਾਨੀਆਂ ਨੂੰ ਇਤਿਹਾਸਕਾਰਾਂ ਨੇ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ ਹੈ।

ਭੀਮਾ-ਕੋਰੇਗਾਂਵ 1818 ਦੀ ਘਟਨਾ ਹੈ। ਇਸ ਯੁੱਧ ਦਾ ਸੰਖੇਪ ਇਤਿਹਾਸ ਇਹ ਹੈ ਕਿ ਸ਼ਿਵਾ ਜੀ ਦੇ ਪੁੱਤਰ ਸੰਭਾ ਜੀ ਨੂੰ ਉਸ ਦੀਆਂ ਅੱਖਾਂ ਕੱਢ ਕੇ ਹਿੰਦੂ ਸਰਦਾਰਾਂ ਨੇ ਮਾਰ ਦਿੱਤਾ ਅਤੇ ਸ਼ਿਵਾ ਜੀ ਦੀ ਗੱਦੀ 'ਤੇ ਮਨੂੰਵਾਦੀ ਪੇਸ਼ਵਾ ਰਾਜੇ ਕਾਬਜ਼ ਹੋ ਗਏ ਅਤੇ ਫਿਰ ਇਹ ਮਨੂੰਵਾਦੀ ਆਪਣੀਆ ਮਨ ਆਈਆ ਕਰਨ ਲੱਗੇ। ਜਦੋਂ ਪੇਸ਼ਵਾਵਾਂ ਅਤੇ ਅੰਗਰੇਜ਼ਾਂ ਵਿਚਕਾਰ ਸਬੰਧ ਬੁਰੀ ਤਰ੍ਹਾਂ ਵਿਗੜ ਗਏ ਤਾਂ ਬਾਜ਼ੀ ਰਾਓ ਪੇਸ਼ਵਾ ਅਤੇ ਅੰਗਰੇਜ਼ਾਂ ਵਿਚਕਾਰ ਯੁੱਧ ਤੋਂ ਬਿਨਾਂ ਕੋਈ ਦੂਜਾ ਚਾਰਾ ਨਾ ਰਿਹਾ। ਉਸ ਵੇਲੇ ਫੌਜ਼ੀ ਬਟਾਲੀਅਨਾਂ ਦੇ ਨਾਮ ਜਾਤਾਂ 'ਤੇ ਸਨ। ਦਲਿਤਾਂ ਦੀ ਵੀ ਮਹਾਰ ਬਟਾਲੀਅਨ ਸੀ ਜਿਸ ਦਾ ਕਮਾਂਡਰ ਸੈਨਾਕ ਸੀ, ਜਿਸ ਕੋਲ ਮਹਾਰ ਬਟਾਲੀਅਨ ਦੇ ਬਹਾਦਰ ਲੜਾਕੂ 500 ਸੈਨਿਕ ਸਨ। ਅੰਗਰੇਜ਼ਾਂ ਨੇ ਬੰਬੇ ਵਿੱਚ ਮਹਾਰ ਬਟਾਲੀਅਨ' ਨੂੰ ਸਹਾਇਤਾ ਲਈ ਬੇਨਤੀ ਕੀਤੀ। ਕਮਾਂਡਰ ਸੈਨਾਕ ਲਈ ਇਹ ਬੜੀ ਖਤਰਨਾਖ ਸਥਿਤੀ ਸੀ। ਸਥਿਤੀ ਨੂੰ ਸਮਝਦਿਆਂ ਕਮਾਂਡਰ ਸੈਨਾਕ ਪੂਨੇ ਵਿਖੇ ਪੇਸ਼ਵਾ ਬਾਜੀ ਰਾਓ ਨੂੰ ਮਿਲਿਆ ਤੇ ਕਿਹਾ ਕਿ ਉਹ ਨਹੀਂ ਚਾਹੁੰਦਾ ਕਿ ਉਹ ਅੰਗਰੇਜ਼ਾਂ ਨਾਲ ਰਲ ਕੇ ਆਪਣੇ ਦੇਸ਼ ਦੇ ਰਾਜ਼ੇ ਖਿਲਾਫ ਲੜੇ। ਇਸ ਲਈ ਜੇ ਮਹਾਰ ਬਟਾਲੀਅਨ ਅੰਗਰੇਜ਼ਾਂ ਖਿਲਾਫ਼, ਤੁਹਾਡੇ ਹੱਕ ਵਿਚ ਲੜੇ ਅਤੇ ਲੜਾਈ ਜਿੱਤੀ ਜਾਵੇ ਤਾਂ ਫਿਰ ਦਲਿਤ ਲੋਕਾਂ ਦੀ ਤੁਹਾਡੇ ਪੇਸ਼ਵਾ ਰਾਜ ਵਿੱਚ ਅਤੇ ਫੌਜ ਵਿੱਚ ਕੀ ਸਥਿਤੀ ਹੋਵੇਗੀ? ਤਾਂ ਪੇਸ਼ਵਾ ਨੇ ਸਪੱਸ਼ਟ ਕਿਹਾ, "ਜੋ ਤੁਹਾਡੇ ਬਾਰੇ ਸ਼ਾਸ਼ਤਰਾਂ ਤੇ ਮਨੂੰ ਸਿਮਰਤੀ ਵਿੱਚ ਲਿਖਿਆ ਗਿਆ ਹੈ ਉਹੀ ਕਨੂੰਨ ਲਾਗੂ ਹੋਵੇਗਾ।''

ਕਮਾਂਡਰ ਸੈਨਾਕ ਨੇ ਇਹ ਸੁਣਦਿਆਂ ਹੀ ਗੁਸੇ 'ਚ ਉਠਦਿਆ ਕਿਹਾ," ਤੁਸੀ ਮਨੂੰਵਾਦੀ ਲੋਕ ਅੰਗਰੇਜਾਂ ਦੀ ਗੁਲਾਮੀ ਤਾਂ ਸਵਿਕਾਰ ਕਰ ਸਕਦੇ ਹੋ, ਪਰ ਆਪਣੇ ਹੀ ਭਰਾਵਾਂ ਨੂੰ ਬਰਾਬਰ ਦੇ ਹੱਕ ਦੇਣ ਲਈ ਤਿਆਰ ਨਹੀ ਹੋ। ਕਮਾਂਡਰ ਸੈਨਾਕ ਨੇ ਫੈਸਲਾ ਲਿਆ ਕਿ ਦਲਿਤ ਲੋਕਾਂ ਦੇ ਮਨੂੰ ਸਿਮਰਤੀ ਰਾਹੀਂ ਜੋ ਅਧਿਕਾਰ ਖਤਮ ਕੀਤੇ ਗਏ ਸਨ, ਉਹਨਾਂ ਨੂੰ ਪ੍ਰਾਪਤ ਕਰਨ ਵਾਸਤੇ ਉਹਨਾਂ ਨੂੰ ਪੇਸ਼ਵਾਵਾਂ ਨਾਲ ਯੁੱਧ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ। ਇਸ ਤਰਾਂ ਪੇਸ਼ਵਾਵਾਂ ਨੇ ਦਲਿਤਾਂ ਨੂੰ ਸਨਮਾਨ ਤੇ ਬਰਾਬਰੀ ਦੇਣ ਦੀ ਥਾਂ, ਅੰਗਰੇਜ਼ਾਂ ਵੱਲ੍ਹ ਧੱਕ ਦਿੱਤਾ, ਸਿੱਟੇ ਵਜ਼ੋਂ ਦਲਿਤ ਮਹਾਰ ਬਟਾਲੀਅਨ ਦੇ ਸੈਨਿਕ ਅੰਗਰੇਜ਼ਾਂ ਵਲ੍ਹੋਂ ਲੜੇ। ਸੈਨਾਕ ਦੀ ਮਹਾਰ ਬਟਾਲੀਅਨ ਦੇ 500 ਅਤੇ 300 ਹੋਰ ਸਿਪਾਹੀਆਂ ਨੇ ਪੇਸ਼ਵਾ ਰਾਜ ਦੇ 28000 ਸਿਪਾਹੀਆਂ ਵਿਰੁੱਧ ਭਿਅੰਕਰ ਯੁੱਧ ਕੀਤਾ। ਮਹਾਰ ਬਟਾਲੀਅਨ ਨੇ ਪੇਸ਼ਵਾ ਰਾਜ ਦਾ ਮਲੀਆਮੇਟ ਕਰ ਦਿੱਤਾ। ਪੇਸ਼ਵਾਵਾਂ ਦੀ ਬਹੁਤ ਬੁਰੀ ਤਰਾਂ ਹਾਰ ਹੋਈ।

ਲੋਕਹਿੱਤਵਾਦੀ ਨਾਂਅ ਨਾਲ ਜਾਣੇ ਜਾਂਦੇ 19ਵੀਂ ਸਦੀ ਦੇ ਮਹਾਰਾਸ਼ਟਰ ਦੇ ਸੁਧਾਰਕ ਗੋਪਾਲ ਹਰੀ ਦੇਸ਼ਮੁੱਖ ਨੇ ਆਪਣੀ ਰਚਨਾ 'ਸ਼ਤਪੱਤਰ' ਵਿੱਚ ਸਿੱਖਿਆ ਹੈ, "ਅਛੂਤ ਸਿਪਾਹੀ ਬਿਨਾਂ ਖਾਧੇ-ਪੀਤੇ, ਭੁੱਖਣ-ਭਾਣੇ ਲੜੇ ਅਤੇ ਉਹਨਾਂ ਨੇ ਪੇਸ਼ਵਾਵਾਂ ਨੂੰ ਕਰਾਰੀ ਹਾਰ ਦਿੱਤੀ। ਪੇਸ਼ਵਾਵਾਂ ਦਾ ਖਾਤਮਾ ਹੁੰਦਿਆਂ ਹੀ ਪੂਣੇ ਦੀਆਂ ਔਰਤਾਂ ਨੇ ਜਸ਼ਨ ਮਨਾਇਆ ਸੀ। ਹੇਠਲੀ ਜਾਤੀ ਦੇ ਲੋਕਾਂ 'ਤੇ ਪੇਸ਼ਵਾਵਾਂ ਦੇ ਅੱਤਿਆਚਾਰ ਲੋਕ ਯਾਦਾਂ ਵਿੱਚ ਅੱਜ ਵੀ ਜਿਊਂਦੇ ਹਨ।''

ਉਹਨਾਂ ਲਿੱਖਿਆ, "ਜਦੋਂ ਈਸਟ ਇੰਡੀਆ ਕੰਪਨੀ ਨੇ 'ਬੰਬਈ ਆਰਮੀ' ਦੇ ਲਈ ਫੌਜੀਆਂ ਦੀ ਭਰਤੀ ਸ਼ੁਰੂ ਕੀਤੀ ਤਾਂ ਉਦੋਂ ਅਛੂਤ ਦਲਿਤਾਂ ਨੇ ਇਸ ਮੌਕੇ ਦਾ ਪੂਰਾ ਲਾਭ ਉਠਾਇਆ ਕਿਉਕਿ ਉਦੋ ਸਮਾਜਿਕ ਤੇ ਆਰਥਿਕ ਮੁਕਤੀ ਲਈ ਫੌਜ ਵਿਚ ਭਰਤੀ ਇਕ ਕ੍ਰਾਂਤੀ ਸੀ। ਨਹੀ ਤਾਂ ਪਿੰਡਾਂ ਵਿੱਚ ਜਿਊਂਦੇ ਰਹਿਣ ਲਈ ਦਲਿਤਾਂ ਨੂੰ ਮਰੇ ਹੋਏ ਜਾਨਵਰਾਂ ਦਾ ਮਾਸ ਖਾਣ ਦੀ ਹੀ ਅਜ਼ਾਦੀ ਸੀ। ਫੌਜੀ ਭਰਤੀ ਨਾਲ ਦਲਿਤਾਂ ਨੂੰ ਵੀ ਜਿੱਥੇ ਮਨੁੱਖੀ ਸਨਮਾਨ ਵਾਲਾ ਜੀਵਨ ਮਿਲਿਆ, ਉਥੇ ਨਾਲ ਹੀ ਚੰਗੇ ਪੈਸੇ ਹਰ ਮਹੀਨੇ ਤਨਖਾਹ ਵੀ ਮਿਲਣ ਲੱਗੀ। ਇਨ੍ਹਾਂ ਸਹੂਲਤਾਂ ਦੇ ਸਾਹਮਣੇ ਅਛੂਤ ਦਲਿਤਾਂ ਲਈ ਰਾਜਨੀਤਕ ਅਜ਼ਾਦੀ ਅਤੇ ਰਾਸ਼ਟਰਵਾਦ ਬੇਕਾਰ ਦੀਆਂ ਗੱਲਾਂ ਹਨ। ਅੰਗਰੇਜ਼ਾਂ ਦਾ ਰਾਜ ਆਉਣ ਕਾਰਨ ਦਲਿਤਾਂ ਨੂੰ ਬਹੁਤ ਸਾਰੇ ਫਾਇਦੇ ਹੋਏ। ਉਹ ਜਾਤੀਆਂ ਦੇ ਵਾੜਿਆਂ 'ਚੋਂ ਅਜ਼ਾਦ ਹੋ ਕੇ ਬਾਹਰ ਨਿਕਲੇ, ਪੜ੍ਹਾਈ, ਨੌਕਰੀ ਇਹ ਸਭ ਕੁਝ ਅੰਗਰੇਜ਼ਾਂ ਦੀ ਵਜ੍ਹਾ ਨਾਲ ਹੀ ਤਾਂ ਉਹਨਾਂ ਨੂੰ ਪ੍ਰਾਪਤ ਹੋਇਆ ਤੇ ਇਸ ਰਾਹ 'ਤੇ ਚੱਲਦਿਆਂ ਹੀ ਦਲਿਤ ਅੰਦੋਲਨ ਦੇ ਨਿਰਮਾਣ ਨੂੰ ਬਲ ਮਿਲਿਆ ਹੈ।''

ਇੱਥੇ ਇਹ ਵੀ ਜਿਕਰਯੋਗ ਹੈ ਕਿ ਪੇਸ਼ਵਾ ਰਾਜ 'ਚ ਦਲਿਤਾਂ ਦੇ ਆਮ ਰਾਹਾਂ ਤੇ ਚੱਲਣ ਦੀ ਪਾਬੰਦੀ ਸੀ ਜਿਨ੍ਹਾਂ ਤੇ ਉੱਚ ਜਾਤੀ ਲੋਕ ਚੱਲਦੇ ਸਨ। ਦਲਿਤਾਂ ਨੂੰ ਆਪਣੀ ਪਹਿਚਾਣ ਲਈ ਗੱਲ ਵਿਚ ਕਾਲਾ ਡੋਰਾ ਬੰਨਣਾ ਪੈਂਦਾ ਸੀ ਤਾਂ ਕਿ ਸਵਰਨ ਹਿੰਦੂ ਗਲਤੀ ਨਾਲ ਉਨ੍ਹਾਂ ਨੂੰ ਛੂਹ ਕੇ ਭ੍ਰਿਸ਼ਟ ਨਾ ਹੋ ਜਾਣ। ਦਲਿਤਾਂ ਨੂੰ ਲੱਕ ਨਾਲ ਝਾੜੂ ਬੰਨ੍ਹਕੇ ਚੱਲਣਾ ਪੈਂਦਾ ਸੀ ਤਾਂ ਕਿ ਉਨ੍ਹਾਂ ਦੀ ਪੈੜ ਮਿਟਦੀ ਜਾਵੇ ਤੇ ਸਵਰਨ ਉਸ ਦੇ ਚਲਦੇ ਸਮੇਂ ਭਿੱਟ ਤੋਂ ਬਚ ਸਕਣ। ਦਲਿਤਾਂ ਨੂੰ ਗਲ ਵਿਚ ਕੁੱਜਾ ਬੰਨ੍ਹਣਾ ਪੈਂਦਾ ਸੀ ਤਾਂ ਕਿ ਜੇਕਰ ਉਨ੍ਹਾਂ ਨੂੰ ਥੁੱਕ ਆਵੇ ਤਾਂ ਉਹ ਕੁੱਜੇ ਵਿਚ ਹੀ ਥੁੱਕਣ ਕਿਉਂਕਿ ਧਰਤੀ ਉਤੇ ਥੁੱਕਣ ਨਾਲ ਉਸ ਉਪਰ ਉਚ ਜਾਤੀ ਦੇ ਆਦਮੀ ਦਾ ਪੈਰ ਪੈਣ ਤੇ ਉਹ ਭਿੱਟਿਆ ਜਾ ਸਕਦਾ ਸੀ। ਪੇਸ਼ਵਾਵਾਂ ਦੇ ਰਾਜ ਵਿਚ ਔਰਤਾਂ ਦੀ ਹਾਲਤ ਬਹੁਤ ਨਾਜ਼ਕ ਸੀ। ਔਰਤਾਂ ਨੂੰ ਖਰੀਦਣ, ਵੇਚਣ ਦੇ ਬਾਜ਼ਾਰ ਲੱਗਦੇ ਸਨ। ਸਤੀ ਦੇ ਨਾਮ ਤੇ ਔਰਤਾਂ ਨੂੰ ਜਿੰਦੇ ਜਲਾ ਦਿੱਤਾ ਜਾਂਦਾ ਸੀ। ਪੇਸ਼ਵਾਈ ਸ਼ਾਸ਼ਕਾਂ ਵਿੱਚ ਅਯਾਸ਼ੀ ਸਿਖਰਾਂ ਉਤੇ ਸੀ, ਪੇਸ਼ਵਾ ਰਾਜਾ ਨਾਨਾ ਫੜਨਵੀਸ ਦੀਆਂ ਨੌਂ ਪਤਨੀਆਂ ਸਨ। ਮਰਨ ਸਮੇਂ ਉਸ ਦੀ ਉਮਰ 59 ਸਾਲ ਤੇ ਜਿਊਬਾਈ ਦੀ 9 ਸਾਲ ਸੀ। ਮਨੂੰਵਾਦ ਅਨੁਸਾਰ ਉਸ ਸਮੇਂ ਇਹ ਵਿਸ਼ਵਾਸ਼ ਪ੍ਰਚਲਿਤ ਸੀ ਕਿ ਜਿੰਨੀ ਘੱਟ ਉਮਰ ਦੀ ਲੜਕੀ ਨਾਲ ਸੰਭੋਗ ਕੀਤਾ ਜਾਵੇਗਾ, ਮਨੁੱਖ ਉਨੀ ਹੀ ਲੰਮੀ ਉਮਰ ਭੋਗੇਗਾ ਅਤੇ ਹਮੇਸ਼ਾਂ ਜਵਾਨ ਰਹੇਗਾ। ਮਨੂੰਵਾਦੀ ਬੁੱਢੇ ਰਈਸ 5 ਸਾਲ ਦੀਆਂ ਕੰਨਿਆਵਾਂ ਨਾਲ ਵਿਆਹ ਕਰਕੇ ਸੰਭੋਗ ਕਰਦੇ ਸੀ। ਜੇਦ ਉਹ ਬੱਚੀ ਦੇ ਜਵਾਨ ਹੁੰਦੇ-ਹੁੰਦੇ ਹੀ ਮਰ ਜਾਂਦੇ ਸੀ ਤਾਂ ਫਿਰ ਇਹਨਾਂ ਬਾਲ ਵਿਧਵਾਵਾਂ ਨੂੰ ਉਹਨਾਂ ਦੇ ਨੌਕਰ-ਚਾਕਰ ਵਰਗਲਾਉਂਦੇਂਤੇ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ। ਸਿੱਟੇ ਵਜੋਂ ਉਹ ਗਰਭਵਤੀ ਹੋ ਜਾਂਦੀਆਂ ਸਨ। ਫਿਰ ਉਹ ਬਾਲ ਵਿਧਵਾਵਾਂ ਜਾਂ ਤਾਂ ਕਾਂਸ਼ੀ ਜਾਂ ਮਥੁਰਾ ਵਿੱਚ ਛੱਡ ਦਿੱਤੀਆਂ ਜਾਂਦੀਆਂ ਸਨ ਜਾਂ ਫਿਰ ਦੇਸ਼ ਦੀਆਂ ਮਸ਼ਹੂਰ ਵੇਸ਼ਵਾਵਾਂ, ਸਜਾ ਕੇ ਆਪਣੇ ਕੋਠਿਆਂ ਤੇ ਬਿਠਾ ਲੈਂਦੀਆਂ ਸਨ ਅਤੇ ਉਹਨਾਂ ਦੇ ਦੇਹ ਵਪਾਰ ਤੋਂ ਧੰਨ ਇਕੱਠਾ ਕਰਦੀਆਂ ਹਨ। ਅੱਜ ਦੇ ਬਾਬਿਆਂ ਦੀਆਂ ਜੋ ਕਰਤੂਤਾਂ ਸਾਹਮਣੇ ਆ ਰਹੀਆਂ ਹਨ ਉਸ ਪਿੱਛੇ ਵੀ ਇਹੀ ਰਾਜ ਹੈ।

ਮਹਾਤਮਾ ਜੋਤੀ ਰਾਓ ਫੂਲੇ ਦੇ ਸਕੂਲ ਵਿਚ ਪੜ੍ਹ ਰਹੀ ਮਾਂਗ ਜਾਤੀ ਦੀ ਇਕ ਦਲਿਤ ਕੁੜੀ 1885 ਵਿੱਚ ਆਪਣੀ ਜਾਤੀ ਨੂੰ ਸਹਿਣ ਕਰਨ ਵਾਲੇ ਵੱਖ-ਵੱਖ ਕਰੂਰ ਅੱਤਿਆਚਾਰਾਂ ਬਾਰੇ ਲਿੱਖਦੀ ਹੈ, "ਸਾਨੂੰ ਗਰੀਬ ਮਾਂਗ-ਮਹਾਰਾਂ ਨੂੰ ਉਜਾੜ ਕੇ ਪਾਸ਼ਵਾ ਲੋਕ ਖੁਦ ਵੱਡੇ ਵੱਡੇ ਮਹਿਲ ਉਸਾਰ ਕੇ ਬਹਿ ਗਏ, ਐਨਾ ਹੀ ਨਹੀਂ, ਇਹਨਾਂ ਸਾਨੂੰ ਤੇਲ, ਸੰਦੂਰ, ਇੱਕ ਜ਼ਹਿਰਨੁਮਾ ਤਰਲ ਪਿਆ ਕੇ ਕੋਠੀ ਦੀ ਨੀਂਹ ਵਿੱਚ ਨਿਰਵਸਤਰ ਕਰਕੇ ਗੱਡਣ ਦਾ ਕੁਕਰਮ ਵੀ ਕੀਤਾ। ਪੇਸ਼ਵਾ ਬਾਜੀਰਾਵ ਦਾ ਜਦੋਂ ਰਾਜ ਸੀ, ਉਸ ਸਮੇਂ ਮਾਂਗ ਜਾਂ ਮਹਾਰ ਇਹਨਾਂ ਵਿੱਚੋਂ ਕੋਈ ਵੀ ਜੇ ਸਕੂਲ ਦੇ ਮੂਹਰਿਉਂ ਦੀ ਵੀ ਲੰਘ ਜਾਂਦਾ ਤਾਂ ਗੁਲਟੇਕੜੀ ਦੇ ਮੈਦਾਨ ਵਿੱਚ ਉਹ ਦੇ ਸਿਰ ਨੂੰ ਤਲਵਾਰ ਦਾ ਬੈਟ-ਬੱਲਾ ਬਣਾ ਕੇ ਖੇਡਿਆ ਜਾਂਦਾ ਸੀ।''

ਡਾ. ਅੰਬੇਡਕਰ ਹਰ ਸਾਲ ਪਹਿਲੀ ਜਨਵਰੀ ਨੂੰ ਕੋਰੇਂ ਗਾਉ ਵਿਖੇ ਮਹਾਰ ਦਲਿਤ ਸ਼ਹੀਦਾਂ ਨੂੰ ਸਿਜਦਾ ਕਰਨ ਜਾਇਆ ਕਰਦੇ ਸੀ। ਹੁਣ ਯਾਦ ਦੇ ਤੌਰ 'ਤੇ ਉਹਨਾਂ ਦੇ ਲੱਖਾਂ ਪੈਰੋਕਾਰ ਹਰ ਸਾਲ ਇਕ ਜਨਵਰੀ ਨੂੰ ਭੀਮਾ-ਕੋਰੇਗਾਂਵ ਵਲ੍ਹ ਵਹੀਰਾਂ ਘੱਤਦੇ ਹਨ। ਦਲਿਤ ਵਰਗ ਹੁਣ ਇਸ ਸਮਾਰਕ ਨੂੰ ਉਚ ਜਾਤੀਆਂ ਦੇ ਦਮਨ ਨੂੰ ਉਖਾੜ ਸੁੱਟਣ ਦੀ ਸਮਰੱਥਾ ਦੇ ਪ੍ਰਤੀਕ ਵਜੋਂ ਵੇਖਦਾ ਹੈ। ਇਹ ਭੀਮਾ ਕੋਰੇਗਾਂਵ ਦੀ ਦੂਸਰੀ ਸ਼ਤਾਬਦੀ ਦੇ ਸਮਾਰੋਹ ਮੌਕੇ ਲੱਖਾਂ ਦਲਿਤਾਂ ਅਤੇ ਪ੍ਰਗਤੀਵਾਦੀ ਲੋਕਾਂ ਦੀ ਸ਼ਮੂਲੀਅਤ ਤੋਂ ਸਪੱਸ਼ਟ ਹੋ ਗਿਆ ਹੈ। ਭੀਮਾ-ਕੋਰੇਗਾਂਵ ਯੁੱਧ ਤੋਂ ਇਹ ਵੀ ਪ੍ਰਮਾਣ ਮਿਲਦਾ ਹੈ ਕਿ ਅਛੂਤ ਮਹਾਰ ਤੇ ਦਲਿਤ ਸਮਾਜ ਦੇ ਲੋਕ ਕਿੰਨੇ ਦਲੇਰ, ਸਾਹਸੀ ਅਤੇ ਉਹ ਦਲਿਤ ਕਮਾਂਡਰ ਸੈਨਾਕ ਵਰਗੇ 'ਨਾਇਕ' ਵੀ ਹੋ ਸਕਦੇ ਹਨ। ਅਸਲੀਅਤ ਵਿੱਚ ਹਿੰਦੂ ਇਤਿਹਾਸਕਾਰਾਂ ਨੇ ਨਿਰਪੱਖ ਤੌਰ ਤੇ ਇਤਿਹਾਸ ਲਿਖਿਆ ਹੀ ਨਹੀਂ। ਹਿੰਦੂ ਇਤਿਹਾਸ/ਮਿਥਿਹਾਸ 'ਚ ਚਾਰ ਯੁੱਗਾਂ ਦੀ, ਭੀਮ ਦੇ ਪੂਛੋਂ ਫੜਕੇ ਹਾਥੀ ਅਕਾਸ਼ 'ਚ ਮਾਰਨ ਦੀ, ਕਕਈ ਦੇ ਚਲਦੇ ਰੱਥ ਦੇ ਧੁਰੇ 'ਚ ਬਾਂਹ ਦੇਣ ਦੀ, ਧਰਤੀ ਦੇ ਬਲਦ ਦੇ ਸਿੰਗ 'ਤੇ ਖੜ੍ਹਨ ਦੀ, ਕੁੰਤੀ ਨੂੰ ਹਵਾ 'ਚ ਗਰਭ ਹੋਣ ਦੀ, ਪਰਾਸ਼ਾ ਦੇ ਆਪਣੀ ਮਾਂ ਦੇ ਗਰਭ ਵਿੱਚ 12 ਸਾਲ ਰਹਿਣ ਦੇ ਮਿਥਿਹਾਸ ਦੀ ਗੱਲ ਤਾਂ ਹੈ, ਪਰ ਪ੍ਰਾਚੀਨ ਕਾਲ ਵਿੱਚ ਆਰੀਆਂ ਅਤੇ ਆਦਿਨਿਵਾਸੀਆਂ ਵਿਚਕਾਰ ਹੋਏ ਘਮਸਾਨ ਯੁੱਧਾਂ, ਫਿਰ ਬੁੱਧਾਂ ਅਤੇ ਬ੍ਰਾਹਮਣਾਂ ਵਿਚਕਾਰ ਹੋਈ ਕ੍ਰਾਂਤੀ ਅਤੇ ਉਲਟ ਕ੍ਰਾਂਤੀ ਦਾ ਹਿੰਦੂ ਇਤਿਹਾਸਕਾਰਾ ਨੇ ਕਿਧਰੇ ਵੀ ਵਰਨਣ ਨਹੀਂ ਕੀਤਾ ਹੈ। ਬੋਧਾਂ ਦੇ ਰਾਜ ਸਮੇਂ ਬੁੱਧ ਧੱਮ ਕੇਵਲ ਭਾਰਤ ਵਿਚ ਹੀ ਨਹੀ ਬਲਕਿ ਏਸ਼ੀਆ ਦਾ ਚਾਨਣ ਅਤੇ ਭਾਰਤ ਦੇਸ਼ ਸੋਨੇ ਦੀ ਚਿੜੀ ਬਣਿਆ। ਕਦੇ ਇਨ੍ਹਾਂ ਘੂੰਏ ਇਤਿਹਾਸਕਾਰਾ ਨੇ ਕਿਧਰੇ ਵੀ ਇਹਨਾਂ ਦਾ ਜ਼ਿਕਰ ਨਹੀਂ ਕੀਤਾ?

ਸ਼ੰਭੂਕ, ਬਬਰੀਕ, ਕਪਸ਼-ਕੁੰਜਲੀ, ਸੰਤ ਚੱਕਰਧਰ, ਸੰਤ ਤੁੱਕਾ ਰਾਮ ਨੂੰ ਧੋਖੇ ਨਾਲ ਕਤਲ ਕੀਤਾ ਗਿਆ। ਸੰਤ ਨੰਤ ਨਾਰ ਨੂੰ ਚਿੰਦਬਰਨ ਮੰਦਰ ਸਾਹਮਣੇ ਜਿੰਦਾ ਜਲਾਇਆ ਗਿਆ। ਸੰਤ ਚੋਖਾ ਮੈਲਾ ਨੂੰ ਪੰਡਰਪੁਰ ਦੀਆਂ ਗਲੀਆਂ ਵਿੱਚ ਗੱਡੇ ਪਿੱਛੇ ਬੰਨ ਕੇ ਸ਼ਹੀਦ ਕੀਤਾ ਗਿਆ। ਰਜ਼ੀਆ ਬੰਬੀ ਜੋਧਪੁਰ ਦੇ ਕਿਲੇ ਦੀਆਂ ਨੀਹਾਂ ਵਿਚ ਜਿੰਦਾ ਚੁਣਵਾਈ ਗਈ। ਇਕਲੱਭਿਆ ਨੂੰ ਧੋਖੇ ਨਾਲ ਅੰਗਹੀਣ ਕੀਤਾ ਗਿਆ, ਸੰਤ ਨਾਮ ਦੇਵ ਨੂੰ ਬਾਰ-ਬਾਰ ਅੱਤਿਆਚਾਰ ਕਰਕੇ ਮਹਾਰਾਸ਼ਟਰ ਛੱਡਣ ਲਈ ਮਜ਼ਬੂਰ ਕੀਤਾ ਗਿਆ। ਆਦਿ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਦੀ ਇਸ ਸਥਾਪਤ ਸਾਹਿਤ/ਇਤਿਹਾਸ ਵਿਚ ਸੂਹ ਵੀ ਨਹੀ ਮਿਲਦੀ।



ਐਸ ਐਲ ਵਿਰਦੀ

ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਤੋਂ ਸੀਸ ਚੁੱਕ ਕੇ ਲਿਆਉਣ ਵਾਲੇ ਭਾਈ ਜੈਤਾ ਦੀ ਬਹਾਦਰੀ, ਭਾਈ ਸਦਾ ਨੰਦ ਦਾ ਬਲੀਦਾਨ, ਪੰਜ ਪਿਆਰੇ ਭਾਈ ਧਰਮ ਦਾਸ ਜਾਟ, ਭਾਈ ਮੋਹਕਮ ਚੰਦ ਛੀਂਬਾ, ਭਾਈ ਸਾਹਿਬ ਚੰਦ ਨਾਈ, ਭਾਈ ਹਿੰਮਤ ਰਾਏ ਝਿਉਰ, ਭਾਈ ਦਇਆ ਰਾਮ, ਵੀਰ ਸਿੰਘ ਤੇ ਹਮੀਰ ਸਿੰਘ, ਸੰਗਤ ਸਿੰਘ, ਚਮਕੌਰ ਦੀ ਗੜ੍ਹੀ ਦੇ ਸ਼ਹੀਦ, ਰੰਗਰੇਟੇ ਸ਼ਹੀਦ, ਮੱਸਾ ਰੰਗੜ ਦਾ ਸਿਰ ਵੱਢਣ ਵਾਲੇ, ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਨੂੰ ਮਨੂੰਵਾਦੀਆਂ ਤੋਂ ਅਜ਼ਾਦ ਕਰਵਾਉਣ ਵਾਲੇ ਦਲਿਤ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਦਬਾਇਆ ਗਿਆ ਹੈ।

1857 ਦੇ ਅਜ਼ਾਦੀ ਅੰਦੋਲਨ ਦੇ ਮੋਢੀ ਮਾਤਾ ਦੀਨ ਭੰਗੀ, ਮਰਦਾਨੀ ਝਲਕਾਰੀ ਬਾਈ, ਵਿਰਸਾ ਮੁੰਡਾ, ਮਹਾਂਵੀਰੀ ਦੇਵੀ, ਬੰਕੇ ਚਮਾਰ, ਵੀਰਾ ਪਾਸੀ, ਕੇਸ਼ਵ ਪਿਲਈ, ਰਾਮ ਚੰਦਰ ਭੰਗੀ, ਜਲਿਆਂ ਵਾਲੇ ਬਾਗ ਦੇ ਸ਼ਹੀਦ ਦੁਲੀਆ ਤੇ ਨੱਥੂ ਧੋਬੀ, ਗਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ, ਰਾਮਪਤੀ ਤੇ ਸਮਪਤੀ, ਨਰਾਇਣਾ ਗੁਰੂ, ਸਵਾਮੀ ਨਾਇਕਰ, ਅਛੂਤਾ ਨੰਦ, ਦੇਸ਼ ਦੀ ਪਹਿਲੀ ਅਧਿਆਪਕਾ ਸਵਿਤਰੀ ਬਾਈ ਫੂਲੇ, ਸਤਨਾਮੀ ਸੰਗਰਾਮ, ਆਦਿ ਧਰਮ ਅੰਦੋਲਨ, ਚੌਦਾਰ ਤਲਾਬ ਮੋਰਚਾ, ਕਾਲਾ ਨਾਸਿਕ ਮੰਦਰ ਮੋਰਚਾ, ਸਾਇਮਨ ਕਮਿਸ਼ਨ ਮੋਰਚੇ ਦਲਿਤਾਂ ਦੀ ਗਵਾਹੀ, ਲੰਡਨ ਗੋਲਮੇਜ਼ ਕਾਨਫਰੰਸਾਂ, ਕਮਿਊਨਲ ਐਵਾਰਡ, ਪੂਨਾ ਪੈਕਟ, ਹਿੰਦੂ ਕੋਡ ਬਿਲ, ਆਦਿ ਮਹਾਂਪੁਰਸ਼ਾਂ, ਵਿਦਵਾਨਾ ਤੇ ਯੋਧਿਆ ਦੇ ਸੰਘਰਸ਼ਾਂ ਤੇ ਕੁਰਬਾਨੀਆਂ ਨੂੰ ਛੁਪਾਇਆ ਗਿਆ ਹੈ।

ਇੰਨਾ ਹੀ ਨਹੀ ਉਨ੍ਹਾਂ ਅਣਗਿਣਤ ਮਨੁੱਖਾਂ, ਜਿਨ੍ਹਾਂ ਆਪਣੇ ਖੂਨ ਪਸੀਨੇ ਨਾਲ ਤਾਜ ਮਹੱਲ ਤੇ ਪਿਰਾਮਿਡ ਬਣਾਏ, ਜਿਨ੍ਹਾਂ ਨੇ ਆਪਣੀਆਂ ਹੱਡੀਆਂ ਦੀ ਮਿੱਝ ਨਾਲ ਨੂਰਜਹਾਂ ਨੂੰ ਇਸ਼ਨਾਨ ਕਰਾਇਆ, ਜਿਨ੍ਹਾਂ ਆਪਣੀਆ ਗਰਦਨਾਂ ਕਟਾ ਕੇ ਪ੍ਰਿਥਵੀਰਾਜ ਦੇ ਮਹੱਲ ਵਿੱਚ ਸੰਜੋਗਤਾਂ ਨੂੰ ਪਹੁੰਚਾਇਆ?

ਸ਼ਵਾ ਜੀ ਨੂੰ ਕੈਦ ਵਿਚੋਂ ਛੁਡਾ ਕੇ ਲਿਆਉਣ ਵਾਲੇ ਮੇਹਤਰ ਭੰਗੀ, ਲਾਲ ਕਿਲਾ, ਜੈਪੁਰ ਦਾ ਹਵਾ ਮਹਿਲ, ਹਾਵੜਾ ਬਰਿਜ, ਕੁੱਤਬ ਮਿਨਾਰ ਅਤੇ ਢਾਕੇ ਦੀ ਮਲ ਮਲ ਬਣਾਉਣ ਵਾਲੇ ਦਲਿਤ ਮਜ਼ਦੂਰਾਂ ਤੇ ਕਾਰੀਗਰਾਂ, ਜਿਨ੍ਹਾਂ ਦੇ ਹੱਥ ਪੈਰ ਕੱਟ ਦਿੱਤੇ ਗਏ, ਉਨ੍ਹਾਂ ਦੀਆਂ ਕਲਾਂ ਕਿਰਤਾਂ, ਸ਼ਹੀਦੀਆ ਦੀਆਂ ਗਾਥਾਵਾਂ ਇਸ ਸਥਾਪਤ ਸਾਹਿਤ/ਇਤਿਹਾਸ ਵਿੱਚੋਂ ਗਾਇਬ ਕਿਉ ਹਨ?

ਦੇਸ਼ ਪ੍ਰੇਮ ਕੇਵਲ ਕਿਸੇ ਦੇਸ਼ ਦੇ ਨਕਸ਼ੇ ਨੂੰ ਪਿਆਰ ਕਰਨ ਦਾ ਨਾਂ ਨਹੀਂ ਹੈ ਬਲਕਿ ਜਾਤ, ਨਸਲ, ਲਿੰਗ, ਰੰਗ ਭੇਦ ਤੋਂ ਮੁਕਤ, ਇੱਕ ਮਨੁੱਖ ਦਾ ਦੂਜੇ ਮਨੁੱਖ ਨਾਲ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਅਧਾਰਤ ਬਰਾਬਰ ਦਾ ਵਿਵਹਾਰ ਹੀ ਦੇਸ਼ ਪ੍ਰੇਮ ਹੁੰਦਾ ਹੈ। ਕੋਰੇਂ ਗਾਉਂਯੁੱਧ ਦਾ ਵਿਜੈ ਸਤੰਭ ਦਲਿਤਾਂ ਦੇ ਲਈ ਅੱਜ ਇੱਕ ਪ੍ਰੇਰਨਾ ਸਰੋਤ ਸਥਾਨ ਬਣ ਗਿਆ ਹੈ। ਭੀਮਾ-ਕੋਰੇਗਾਂਵ ਯੁੱਧ ਵਿਜੈ ਦਿਵਸ ਇਕ ਜਨਵਰੀ 2020 ਨੂੰ ਹੁਣ ਇਹ ਪੰਜਾਬ ਦੇ ਦਿਲ ਸਨਅਤੀ ਸ਼ਹਿਰ ਫਗਵਾੜਾ ਵਿਖੇ ਵੀ ਮਨਾਇਆ ਜਾ ਰਿਹਾ ਹੈ।

# ਦਿਲ ਦਰਿਆ ਅਤੇ ਮਨੁੱਖਤਾ ਦੇ ਪਹਿਰੇਦਾਰ ਬਣਨਗੇ ਇਤਿਹਾਸ ਦੇ ਨਾਇਕ


(ਸਫਾ 29 ਦੀ ਬਾਕੀ)

ਪ੍ਰਕਾਰ ਦੇ ਕਾਨੂੰਨਾਂ ਰਾਹੀਂ ਧੱਕੇਸ਼ਾਹੀ ਕਰਨ ਵਾਲਾ ਸਾਡਾ ਰਾਜਬਣ ਚੁਕਿਆ ਹੈ।ਵਿਰੋਧੀਆਂ ਤੇ ਵਿਰੋਧ ਕਰਨ ਦੇ ਦੋਸ਼ ਤਾਂ ਲੱਗਦੇ ਆਏ ਹਨ ਪਰ ਜਿਹੜੇ ਜ਼ਾਲਮਾਨਾ ਸ਼ਬਦ ਵਰਤੇ ਨੂੰ ਇੱਕ ਚਣੌਤੀ ਲੱਗਦੀ ਹੈ।ਦੁਨੀਆਂ ਤਾਨੇ ਵੀ ਮਾਰਦੀ ਹੈ ਕਿ ਚੁਣਿਆ ਵੀ ਤੁਸੀਂ ਹੈ। ਵੀ ਨਾਹਰੇ ਮਾਰਦੀ ਹੈ ਕਿ ਚੁਣਿਆ ਵੀ ਤਾਂ ਤੁਸੀ ਹੀ ਹੈ। ਅਸੀਂ ਮਾਰਾ ਖਾਂ ਵੀ ਰਹੇ ਹਾਂ, ਪਛਤਾ ਵੀ ਰਹੇ ਹਾਂ, ਝੂਰ ਵੀ ਰਹੇ ਹਾਂ। ਦੁਨੀਆਂ ਵਿੱਚ ਕਾਬਲੀਅਤ ਦਾ ਲੋਹਾ ਮਨਾਉਣ ਵਾਲਿਆਂ ਨੂੰ ਪੰਜਾਬ 'ਚ ਸੜਕਾਂ ਤੇ ਕਿਉਂ ਆਉਣਾ ਪਿਆ ਇਹ ਸਵਾਲ ਜਵਾਬ ਮੰਗਦਾ ਹੈ। ਕਈ ਸੂਝਵਾਨਾਂ ਨੇ ਆਪਣੇ ਹਾਉਕੇ, ਵਿਚਾਰਾ, ਦਲੀਲਾਂ, 'ਚ ਇਕਮੁੱਠਤਾ ਨਾਲ ਕਿਹਾ ਕਿ ਭਾਰਤ ਦਾ ਸਮੁੱਚਾ ਸਿਸਟਮ ਕੁੱਝ ਲੋਕਾਂ, ਕੁਝ ਘਰਾਂ, ਕੁਝ ਆਗੂਆ ਤੇ ਕੁਝ ਜਾਤਾਂ 'ਚ ਜਕੜਿਆ ਪਿਆ ਹੈ। ਬਗਾਵਤ ਤਾਂ ਹੁਣ ਸ਼ੁਰੂ ਪੰਜਾਬੋ ਹੋਈ। ਜਿਹਨਾਂ ਸਰਦੀਆਂ ਨੂੰ ਭਜਾਇਆ, ਨਖੇੜਿਆ ਤਾਂ ਪੰਜਾਬੀਆ ਨੇ। ਹੁਣ ਵਾਰੀ ਆਈ ਮੋਦੀ ਦੀ, ਮਿੱਠੀਆ ਗੋਲੀਆ ਕੁੱਝ ਚਿਰ ਲਈ ਤਾਂ ਅਰਾਮ-ਅਸਰ ਕਰਦੀਆ ।ਵੱਡੇ ਇਰਾਦਿਆ ਨਾਲ ਵੱਡੀਆ ਪ੍ਰਾਪਤੀਆ ਸੰਭਵ ਹਨ।ਵੱਡੇ ਜ਼ੇਰੇ ਰੱਖਣ ਨਾਲ ਹੀ ਹਰ ਪੱਖ ਤੋਂ ਸੁਚੇਤ ਹੋ ਕੇ ਅੱਗੇ ਵਧਣ ਦੀ ਲੋੜ ਹੈ।

ਜ਼ਿੰਦਗੀ ਦੀਆ ਯਾਦਾਂ ਤਾਂ ਕਦੇ ਦੂਰ, ਕਦੇ ਨੇੜੇ, ਹੁੰ-ਦੀਆ ਰਹਿਣੀਆਂ ਪਰ ਇਹ ਕਿਸਾਨੀ ਅੰਦੋਲਨ ਦਾ ਦਿਨ ਇਤਿਹਾਸਕ ਦਿਨ ਜ਼ਰੂਰ ਬਣੇਗਾ।ਭਵਿੱਖ ਦੀਆ ਪੀੜ੍ਹੀਆ ਲਈ ਭਵਿੱਖ ਰੋਸ਼ਨ ਕਰੇਗਾ।ਦੁਨੀਆਂ ਲਈ ਇਹ ਅੰਦੋਲਨ ਪ੍ਰੇਰਨਾ ਸ੍ਰੋਤ ਬਣਦਾ ਜਾ ਰਿਹਾ ਹੈ। ਇਹ ਅੰਦੋਲਨ ਜਦ ਤੱਕ, ਇਕਮੁੱਠਤਾ ਨਾਲ ਚੱਲਦਾ ਹੈ ਤਾਂ ਹਰ ਇਨਸਾਨੀ ਕਦਰਾਂ ਵਾਲਿਆ ਦੀ ਇੱਕ ਦਿਨ ਫਤਿਹ ਜ਼ਰੂਰ ਹੋਵੇਗੀ ਲੜਾਈ ਲੰਬੀ ਹੋ ਸਕਦੀ ਹੈ। ਜਿਹੜੇ ਇਸ ਮਨੁੱਖੀ ਕਦਰਾਂ ਕੀਮਤਾਂ ਨੂੰ ਬਹਾਲ ਰੱਖਣ, ਸਾਰੇ ਭਾਈਚਾਰਿਆ ਵਾਲਿਆ ਦੇ ਸਾਂਝੇ ਮਨ ਵਿੱਚ ਤੋਂ ਖੁੱਝ ਗਏ ਤਾਂ ਇਤਿਹਾਸ ਇੱਕ ਦਿਨ ਪੁਛੇਗਾ ਕਿ ਜਦ ਸਮੁੱਚਾ ਪੰਜਾਬ ਉੱਤਰੀ ਅਤੇ ਦੱਖਣੀ ਭਾਰਤ ਦੇ ਅੰਤਾ ਦੇ ਪਾਲੇ ਵਿੱਚ ਆਪਣੇ ਹੱਕ ਹਕੂਕਾਂ ਲਈ ਅਨੀਦਰੇ ਰਾਤਾ ਕੱਟ ਰਹੇ ਸਨ ਤਾਂ ਇਨਸਾਫ ਦੀ ਦੇਵੀ ਪੁਛੇਗੀ ਦਿੱਲੀ ਨੂੰ ਜਦ ਲੋਕਾਂ ਨੇ ਹਾਈਜੈਕ ਕਰਕੇ ਸਰਕਾਰਾਂ ਤੇ ਪ੍ਰਭਾਵ ਬਣਾਇਆ ਹੋਇਆ ਸੀ ਤਾਂ ਤੁਸੀ ਘਰਾਂ ਵਿਚ ਬੈਠੇ ਰਜਾਈਆਂ 'ਚ ਨਿੱਘ ਮਾਣ ਕੇ ਕੀ ਸਾਬਤ ਕਰਨਾ ਚਾਹੁੰਦੇ ਸੀ। ਇਤਿਹਾਸ ਬੀਤ ਗਏ ਸਮੇਂ ਦਾ ਨਾਮ ਨਹੀਂ ਹੁੰਦਾ ਇਤਿਹਾਸ ਅੱਜ ਵੀ ਲਿਖਿਆ ਜਾ ਰਿਹਾ ਹੈ ਇੱਕ ਪਾਸੇ ਲੋਕ ਹੀ ਹਨ ਦੂਜੇ ਪਾਸੇ ਜੋਕਾਂ ਹਨ।ਨਾਹਰੇ ਤੇ ਜਕਾਰੇ ਫਤਿਹ ਦੀ ਉਡੀਕ ਵਿੱਚ ਹਨ।ਆਖਰ ਵਿਚ ਇੱਕ ਦਿਨ ਦੇ ਸਿੰਘੂ ਬਾਰਗਰ ਦੀ ਘਟਨਾ ਦਾ ਝਲਕਾਂ ਨੇ ਇਹ ਮੰਨਣ ਲਈ ਮਜ਼ਬੂਰ ਕਰਤਾ ਕਿ ਇਸ ਜਨਮ ਵਿਚ ਹੀ ਸਰਬਤ ਦਾ ਭਲਾ ਜਾ ਦੂਜੇ ਸ਼ਬਦਾਂ ਵਿਚ ਬੇਗਮਪੁਰੇ ਦੀ ਸਥਾਪਨਾ ਦੇ ਸੁਪਨਿਆ ਅਤੇ ਫਲਸਫਿਆ ਨੂੰ ਇਸ ਧਤਰੀ ਤੇ ਲਾਗੂ ਕੀਤਾ ਜਾ ਸਕਦਾ ਸਹੀ ਅਰਥਾਂ ਵਿਚ ਭਾਰਤ ਦੇ ਸੰਵਿਧਾਨ ਨੂੰ 'ਅਸੀਂ ਭਾਰਤ ਦੇ ਲੋਕ' ਰਾਹੀ ਭਾਰਵਾਸੀਆ ਨੂੰ ਸਮਰਪਿਤ ਕੀਤਾ ਹੈ ਤੇ ਸੰਵਿਧਾਨ ਹੀ ਸਾਨੂੰ ਲਿਖਤੀ ਜਾਮਣੀ ਦਿੰਦਾ ਹੈ ਕਿ ਵਿਰੋਧ ਪ੍ਰਦਰਸ਼ਨ ਅਤੇ ਮੁਦਿਆ ਤੇ ਸਹਿਮਤ ਹੋਣਾ ਕੋਈ ਜੁਲਮ ਨਹੀਂ ਇਹ ਇਕ ਲੋਕਤੰਤਰ ਦੀ ਖੂਬਰਸੂਰਤੀ ਹੈ।

ਸਿੰਘੂ ਬਾਰਡਰ ਦਾ ਇਹ ਇਕ ਦਿਨ ਪੰਜਾਬ ਭਾਰਤ ਤੇ ਵਿਦੇਸ਼ਾ ਵਿਚ ਬੈਠੇ ਲਈ ਇਹ ਇਤਿਹਾਸਕ ਦਿਨ ਹਨ ਅਤੇ ਸਾਨੂੰ ਸਭ ਨੂੰ ਆਪਣੇ ਅੰਦਰ ਝਾਤ ਮਾਰਨ, ਡੂੰਘੀਆ ਸਿਖਰਾਂ ਤੇ ਪਹੁੰਚਣ ਲਈ ਕਿਹੜੇ ਰਾਹ ਅਪਣਾਉਣੇ ਪੈਣਗੇ।ਆਓ ਦੇਸ਼ ਲਈ ਮਰ ਮਿਟਣ ਵਾਲੇ ਪੰਜਾਬੀਓ ਆਪਣੀ ਜ਼ਿੰਦਾਦਿਲ ਆਵਾਜ਼ ਨੂੰ ਉਦੋ ਤੱਕ ਠੰਡੀ ਨਾ ਪੈਣ ਦਿਓ ਕਿ ਮਿਸ਼ਾਲਾ ਬਾਲ ਕਿ ਰੱਖਿਓ ਜਦ ਤੱਕ ਰਾਤ ਬਾਕੀ ਹੈ।

# ਨਜ਼ਰਾਨਾ -ਏ- ਅਕੀਦਤ



ਆਜ਼ਾਦ ਜਲੰਧਰੀ

### ਤੇਰਾ ਤੇਰਾ ਬੋਲੇ

ਜ਼ਾਹਿਰ ਪੀਰ, ਗੁਰੂ ਬਾਬਾ ਨਾਨਕ, ਰੱਬ ਦਾ ਨਾਮ ਧਿਆਵੇ,
ਸਤਿਨਾਮ ਦਾ ਮੰਤਰ ਪੜ੍ਹਦਾ, ਗੀਤ ਇਲਾਹੀ ਗਾਵੇ।
ਕੌਡੇ ਵਰਗੇ, ਆਦਮ ਖੋਰਾਂ ਨੂੰ, ਇਨਸਾਨ ਬਣਾਵੇ,
'ਆਜ਼ਾਦ' ਠੱਗਾਂ ਦੀ ਕਾਇਆ ਪਲਟੇ, ਭੁੱਲਿਆਂ ਨੂੰ ਰਾਹ ਪਾਵੇ।

### ਗੀਤ

ਤੇਰਾ ਤੇਰਾ ਬੋਲੇ, ਗੁਰੂ ਨਾਨਕ ਪਿਆਰਾ,
ਰਸ ਕੰਨਾਂ ਵਿਚ ਘੋਲੇ, ਗੁਰੂ ਨਾਨਕ ਪਿਆਰਾ।
ਹੱਥ ਵਿਚ ਧਰਮ ਤਰਾਜ਼ੂ ਫੜਿਆ,
ਜੱਗ ਦੀਆਂ ਪੀੜਾਂ ਤੋਲੇ, ਗੁਰੂ ਨਾਨਕ ਪਿਆਰਾ।

ਛੇੜ ਕੇ ਦਿਲ ਦੀਆਂ ਤਰਜ਼ਾਂ, ਨਾਨਕ ਪੜ੍ਹੇ ਇਲਾਹੀ ਬਾਣੀ,
ਰੱਬ ਨਾਲ ਸੁਰਤ ਮਿਲਾਈ ਬੈਠਾ ਰੱਬ ਦਾ ਮਹਿਰਮ ਜਾਨੀ।
ਦੁਖੀਆਂ ਨੂੰ ਗੱਲ ਲਾ ਕੇ ਆਪਣੇ,
ਸਭ ਨਾਲ ਦੁੱਖ ਸੁੱਖ ਫੋਲੇ, ਗੁਰੂ ਨਾਨਕ ਪਿਆਰਾ।

ਅੱਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ,
ਇਕ ਨੂਰ ਤੇ ਸਭ ਜੱਗ ਉਪਜਿਆ, ਕੌਣ ਭਲੇ ਕੌਣ ਮੰਦੇ।
ਅਨਹਦ ਸ਼ਬਦ ਜ਼ਬਾਨੋ ਬੋਲੇ,
ਗੁੱਝੀਆਂ ਰੱਮਜ਼ਾਂ ਖੋਲ੍ਹੇ, ਗੁਰੂ ਨਾਨਕ ਪਿਆਰਾ।

ਰਾਜੇ ਸ਼ੀਂਹ ਮੁਕੱਦਮ ਕੁੱਤੇ, ਪਰਜਾ ਭਾਈ ਸਤਾਂਦੇ,
ਉਲਟੀ ਵਾੜ ਖੇਤ ਨੂੰ ਖਾਵੇ, ਮੁਨਸਿਫ਼ ਵੱਢੀਆਂ ਖਾਂਦੇ।
ਸੱਚੀ ਗੱਲ ਪਿਆ ਆਖੇ ਸਭਨੂੰ,
ਡਰੇ ਮੂਲ ਨਾ ਡੋਲੇ, ਗੁਰੂ ਨਾਨਕ ਪਿਆਰਾ।

ਗੜ੍ਹਬਗਦਾਦ 'ਆਜ਼ਾਦ' ਨਿਵਾਇਆ, ਮੱਕਾ ਫੇਰ ਦਿਖਾਇਆ,
ਹਰਿਦੁਆਰ ਤੇ ਕਾਂਸ਼ੀ ਜਾ ਕੇ, ਸੱਚ ਦਾ ਸਬਕ ਪੜ੍ਹਾਇਆ।
ਥਾਂ ਥਾਂ ਸਿੱਧੇ ਕਰਦਾ ਫਿਰਦਾ ਇਹ,
ਸਿੱਧਾਂ ਦੇ ਟੋਲੇ, ਗੁਰੂ ਨਾਨਕ ਪਿਆਰਾ।

# ਕਿਰਤੀਆਂ ਦੀ ਛਿੰਝ

ਬਾਬੇ ਬੁੱਲੇ ਨੇ ਕਿਹਾ ਸੀ ਛਿੰਝ ਪੈਣੀ
ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।

ਦਿੱਤੀ ਤੇਰੇ ਹੱਥ ਡੋਰ ਇਨ੍ਹਾਂ ਕਿਰਤੀ ਕਿਸਾਨਾਂ
ਉਹੀ ਬੈਠੇ ਦਰ ਤੇਰੇ ਦੇਖੇ ਸਾਰਾ ਹੀ ਜ਼ਮਾਨਾ
ਤੈਨੂੰ ਦਿਸਦਾ ਨਹੀਂ ਤਾਂ ਖੋਪੇ ਲਾਹ ਕੇ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।

ਜ਼ੁਲਮ ਕਰਨ ਸਰਕਾਰਾਂ ਲੋਕੀ ਉੱਠ ਹੀ ਪੈਂਦੇ ਨੇ
ਸਾਡਾ ਹੱਕ ਸਾਨੂੰ ਦੇਹ ਲੋਕੀ ਇਹੋ ਹੀ ਕਹਿੰਦੇ ਨੇ
ਹੱਕਾਂ ਵਾਲੇ ਇਹ ਕੋਕੇ ਜੜਦੇ ਨੇ ਕਿੰਝ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।

ਹੋਵੇ ਲੋਕ ਰਾਜ, ਲੋਕਾਂ ਦੀ ਕੋਈ ਗੱਲ ਨਾ ਸੁਣੇ
ਕਾਹਦਾ ਹਾਕਮ ਜੋ ਆਪ ਹੀ ਤਾਂ ਸਾਜਿਸ਼ਾ ਬੁਣੇ
ਸਾਡੀ ਨਿਮਰਤਾ ਤੇ ਆਪਣੀ ਤੂੰ ਹਿੰਢ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।

ਗਦਰੀ ਬਾਬੇ, ਭਗਤ ਸਰਾਭੇ ਹੱਕ ਲੈਣ ਨੇ ਆਏ
ਆਜ਼ਾਦੀ ਲਈ ਲੜਨੇ ਵਾਲੇ ਜਾਪਣ ਕਿਉਂ ਪਰਾਏ
ਅਸੀਂ ਹਰਨਾਂ ਨੀ ਤੇਥੋਂ ਰੂਹ ਸਾਡੀ ਪਿੰਜ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।

ਪਹਿਲਾਂ ਨੇ ਮਜ਼ਦੂਰ ਮਰੇ ਹੁਣ ਕਿਰਸਾਨਾਂ ਦੀ ਵਾਰੀ
ਬਹਿ ਕੇ ਕੁਰਸੀ ਦੇ ਉੱਤੇ ਕਿਉਂ ਮੱਤ ਜਾਂਦੀ ਮਾਰੀ
ਗੱਲ ਸਿੱਧੀ ਜਹੀ ਸਾਡੀ ਤੂੰ ਆਪਣੀ ਤੜਿੰਗ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।

ਦਿੱਤਾ ਕਿਰਤੀ ਕਿਸਾਨਾਂ ਦਾ ਜੋ ਅੰਨ ਖਾ ਰਿਹੈਂ
ਪਿੰਡ ਮਾਰਨੇ ਦਾ ਜਿਹੜਾ ਸਾਨੂੰ ਡੰਨ ਲਾ ਰਿਹੈਂ
ਰਹੂ ਸਦਾ ਹੀ ਜੀਊਂਦਾ ਆ ਜਾ ਪਿੰਡ ਵੇਖ ਲੈ
ਵੇ ਹਾਕਮਾਂ, ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।
ਵੇ ਜ਼ਾਲਮਾਂ, ਤੂੰ ਦਿੱਲੀ ਪੈਂਦੀ ਛਿੰਝ ਵੇਖ ਲੈ।

ਕੇਹਰ ਸ਼ਰੀਫ਼



# ਕਿਸਾਨ ਅੰਦੋਲਨ

ਸਿੰਘੂ ਟਿੱਕਰੀ ਅੰਦੋਲਨ ਹੈ
ਪਰ ਨਾ ਸਿਰਫ ਕਿਸਾਨਾਂ ਦਾ
ਹੋ ਨਿਬੱੜਿਆ ਹੁਣ ਤਾਂ ਪੂਰਾ
ਹਰ ਥਾਵੇਂ ਹਿੰਦੁਸਤਾਨਾਂ ਦਾ।

ਜੋਸ਼ ਭਰੇਂਦੇ ਹੋਸ਼ਾਂ ਵਿੰਨੇ
ਰੋਹ ਭਰੇ ਲੋਕਾਂ ਦੀ ਰੰਗਤ ਹੈ
ਝਲਕੇ ਜਿਨ੍ਹਾਂ ਚਿਹਰਿਆਂ ਉੱਤੇ
ਅਣਖ ਨੂਰ ਦੀ ਰੰਗਤ ਹੈ।

ਜੋ ਵੀ ਆਪਣੇ ਘਰ ਤੋਂ ਤੁਰਿਆ
ਆਮ ਜਿਹਾ ਕੋਈ ਚੋਲਾ ਨਹੀਂ
ਹੱਕਾਂ ਤੇ ਸੰਘਰਸ਼ ਦੀ ਖਾਤਰ
ਸਿਰਫ ਮੰਗਾਂ ਦਾ ਟੋਲਾ ਨਹੀਂ।

ਖਾਲੀ ਹੱਥ ਨਹੀਂ ਇਹ ਬੈਠੇ
ਉੱਚਾ ਵਿਰਸਾ ਇਨ੍ਹਾਂ ਦੇ ਪਾਸ
ਆਖਰ ਤੱਕ ਲੜਨਗੇ ਇਹ ਤਾਂ
ਹਰ ਇਕ ਨੂੰ ਇਹੀ ਵਿਸ਼ਵਾਸ।

ਮੈਦਾਨ 'ਚ ਕੁੱਦਣ ਦਾ ਹੈ ਵੇਲਾ
ਹੁਣ ਚਿੰਤਨ ਦਾ ਵੇਲਾ ਨਹੀਂ
ਸਮਾਂ ਆ ਗਿਆ ਹੋਏ ਫੈਸਲਾ
ਯੁੱਧ ਹੈ ਇਹ ਕੋਈ ਮੇਲਾ ਨਹੀਂ।

ਬੈਠ ਬਰੂਹੀਂ ਸਰਦੀ ਝੱਲਦੇ
ਫੇਰ ਵੀ ਕਲਾ ਰਹੇ ਚੜ੍ਹਦੀ
ਤੁਰੇ ਕਾਫਲੇ ਰਾਹਾਂ ਉੱਤੇ
ਲਾ ਕੇ ਬਾਜ਼ੀ ਸਿਰ ਧੜ ਦੀ।

ਕੀ ਹਾਕਮ ਤੇ ਕੀ ਸਰਕਾਰਾਂ
ਸਭ ਨੂੰ ਝੁਕਣਾ ਪੈ ਜਾਣਾ
ਅੱਜ ਨਹੀਂ ਤਾਂ ਕੱਲ੍ਹ ਕਲੋਤਰ
ਮਜਬੂਰਨ ਘਰ ਬਹਿ ਜਾਣਾ।

ਫਾਇਦਾ ਕੋਈ ਨਹੀਂ ਜੇ ਦਿਸਦਾ
ਕੀ ਕਰਨਾ ਫਿਰ ਜੀਅ ਕੇ ਵੀ
ਜੇ ਨਾ ਪਿਆਸ ਬੁਝਾਵੇ ਖਾਰਾ
ਕੀ ਕਰਨਾ ਪਾਣੀ ਪੀ ਕੇ ਵੀ।

ਆਪਣੇ ਖੋਲ 'ਚੋਂ ਬਾਹਰ ਆ ਕੇ
ਸੁਣ ਅਜੇ ਖੁੰਝਿਆ ਵੇਲਾ ਨਹੀਂ
ਅੱਤ ਦਾ ਵੈਰ ਹੈ ਮਾੜਾ ਹੁੰਦਾ
ਜੰਗ ਹੈ ਇਹ ਕੋਈ ਮੇਲਾ ਨਹੀਂ।

ਸ਼ੇਰ ਨੇ ਬਾਂਕੇ ਉੱਠ ਖੜੋਏ
ਪਾਣਗੇ ਪੈੜਾਂ ਖਾਸਮ ਖਾਸ
ਫੇਰ ਕੇਰਾਂ ਬੇੜਾ ਪਾਰ ਲਾਉਣਗੇ
ਲਿਖਣਗੇ ਕੋਈ ਨਵਾਂ ਇਤਿਹਾਸ।

**ਸ਼ਾਮ ਸਿੰਘ, ਅੰਗ-ਸੰਗ**
**+91 98 14113338**

# ਝੂਠੇ ਲਾਰੇ

ਲੈਣ ਜੋ ਨੇ ਆਪਣਾ ਹੱਕ ਆਏ,
ਕਿਰਤੀ ਨਾ ਕਿਸੇ ਦੇ ਭਰਮਾਵੇ ,
ਨਾ ਤੂੰ ਪਾ ਭੁਲੇਖਾ ਸਰਕਾਰੇ ਨੀ ।
ਇਹ ਸਤਿਓ ਆ ਬੈਠੇ ਦਰ ਤੇਰੇ,
ਤੂੰ ਰਹੀ ਲਾਉਂਦੀ ਝੂਠੇ ਲਾਰੇ ਨੀ ।

ਤੂੰ ਤੋਹਮਤਾਂ ਕਈ ਲਾਈਆਂ ਨੇ,
ਕਈ ਕੀਤੀਆਂ ਬੇਹਜਾਈਆਂ ਨੇ ,
ਹੋਏ ਰੋਸੇ, ਨਾ ਚਲੇ ਤੇਰੇ ਚਾਰੇ ਨੀ ।
ਨਾ ਡਰਦੇ ਇਹ ਕਿਸੇ ਵੀ ਘੂਰੇ ਤੋਂ,
ਤੂੰ ਰਹੀ ਲਾਉਂਦੀ ਝੂਠੇ ਲਾਰੇ ਨੀ ।

ਹੈ ਮਨ ਅੰਦਰ ਤੇਰੇ ਚੋਰ ਬੈਠਾ,
ਕਾਰਪੋਰੇਟ ਹਿਰਦੇ ਖੋਰ ਬੈਠਾ ,
ਤੂੰ ਘੜੇ ਕਾਨੂੰਨ ਇਹ ਖਾਰੇ ਨੀ ।
ਬਿਨਾ ਰੱਦ ਕੀਤੇ ਉਠ ਜਾਣੇ ਨਾ,
ਤੂੰ ਰਹੀ ਲਾਉਂਦੀ ਝੂਠੇ ਲਾਰੇ ਨੀ ।

ਇਹ ਗੁਰੂ ਗੋਬਿੰਦ ਦੇ ਜਾਏ ਨੇ,
ਵਿਚੋਂ ਸਰਹੰਦ ਦੇ ਉਠ ਆਏ ਨੇ,
ਵੰਗਾਰੇ ਇਨ੍ਹਾਂ ਨੇ ਤੇਰੇ ਕਾਰੇ ਨੀ ।
ਇਹ ਜਿੱਤ ਜਾਂ ਮੌਤ ਦੇ ਲਾੜੇ ਨੇ,
ਤੂੰ ਰਹੀ ਲਾਉਂਦੀ ਝੂਠੇ ਲਾਰੇ ਨੀ ।

ਇਹ ਬੰਦਾ ਬਹਾਦਰ ਫੌਜ ਵਿੱਚੋਂ ,
ਭੁੱਖੇ ਕੀਤੇ ਇਹ ਸ਼ੇਰ ਮੌਜ ਪਿੱਛੋਂ,
ਤੇਰੇ ਤਿੰਨ ਬਿੱਲਾਂ ਸੀਨੇ ਸਾੜੇ ਨੀ ।
ਦਿਲ ਤੇਰੇ ਕਿਸਾਨਾਂ ਦਾ ਹਿੱਤ ਨਾ,
ਤੂੰ ਰਹੀ ਲਾਉਂਦੀ ਝੂਠੇ ਲਾਰੇ ਨੀ ।

**- ਰਬਿੰਦਰ ਸ਼ਰਮਾ**
**91-98146-67682**



# ਨਵਾਂ ਸਾਲ

ਖੁਸ਼ੀਆਂ, ਖੇੜੇ ਤੇ ਚਾਵਾਂ ਨਾਲ,
ਆਓ ਮਨਾਈਏ ਨਵਾਂ ਸਾਲ।

ਸਭ ਰਲਮਿਲ ਵਧਾਈਆਂ ਦਈਏ,
ਮੰਦਾ ਬੋਲ ਕਿਸੇ ਨੂੰ ਨਾ ਕਹੀਏ,
ਸਭਨਾਂ ਦਾ ਰੱਖੀਏ ਅਸੀਂ ਖ਼ਿਆਲ।
ਆਓ ਮਨਾਈਏ ਨਵਾਂ ਸਾਲ।

ਚੜਿਆ ਸਾਲ ਦੋ ਹਜ਼ਾਰ ਇੱਕੀ,
ਯਾਰੀ ਦੋਸਤੀ ਕਦੀ ਹੋਵੇ ਨਾ ਫਿੱਕੀ,
ਰਿਸ਼ਤੇਦਾਰੀ ਵੀ ਰੱਖੀਏ ਸੰਭਾਲ।
ਆਓ ਮਨਾਈਏ ਨਵਾਂ ਸਾਲ।

ਨਵੇਂ ਸਾਲ ਕਰੋਨਾ ਵੀ ਜਾਵੇ ਭੱਜ,
ਰੋਟੀ ਖਾਵਣ ਹੁਣ ਸਾਰੇ ਰੱਜ,
ਬਹੁਤ ਜ਼ੀ ਲਿਆ ਇਸ ਬਿਮਾਰੀ ਨਾਲ।
ਆਓ ਮਨਾਈਏ ਨਵਾਂ ਸਾਲ।

"ਬੇਦੀ"ਰੱਬ ਅੱਗੇ ਕਰੇ ਅਰਦਾਸ,
ਸਭਨਾਂ ਦੇ ਦੁੱਖਾਂ ਦਾ ਹੋਵੇ ਨਾਸ,
ਨਵੇਂ ਸਾਲ ਸਭ ਹੋਵਣ ਮਾਲੋਮਾਲ।
ਆਓ ਮਨਾਈਏ ਨਵਾਂ ਸਾਲ।

**- ਬਲਦੇਵ ਸਿੰਘ ਬੇਦੀ**
**91-90419-25181**



# ਅਜੋਕੇ ਤੀਰਥ ਅਸਥਾਨ?

ਐਸਾ ਉੱਠਿਆ ਰੋਹ ਪੰਜਾਬ ਵਿੱਚੋਂ
ਸਾਰੇ ਦੇਸ ਨੂੰ ਆ ਗਿਆ ਤਾਅ ਯਾਰੋ।

ਸਾਰੇ ਰਲ਼ੇ ਕਿਸਾਨਾਂ ਦੇ ਨਾਲ ਲੋਕੀ
ਚੜ੍ਹ ਗਿਆ ਸੰਘਰਸ਼ ਦਾ ਚਾਅ ਯਾਰੋ।

ਆਏ ਆਪਣੀ 'ਆਈ' 'ਤੇ ਕਹਿਣ ਲੱਗੇ
ਨਹੀਂਓਂ ਮੰਨਣੇ ਤਿੰਨੋਂ ਹੀ 'ਲਾਅ' ਯਾਰੋ।

ਆਈਆਂ ਸਿਆਣਪਾਂ ਮਿਹਨਤੀ ਕਾਮਿਆਂ ਨੂੰ
ਕਰ 'ਤੇ ਫੇਲ੍ਹ ਸਰਕਾਰ ਦੇ 'ਦਾਅ' ਯਾਰੋ।

ਸਬਰ ਸਿਦਕ ਨਾ ਹਾਰਦੇ ਕਦੇ ਦੇਖੇ
ਸੋਚੇ ਜਾਬਰ ਸਰਕਾਰ ਦੀ 'ਜੁੰਡਲੀ' ਜੀ

ਬਣੇ ਦਿੱਲੀ ਵਿਚ ਤੀਰਥ ਹੀ ਜਾਪਦੇ ਨੇ
ਸਿੰਘੂ ਟਿੱਕਰੀ ਗਾਜ਼ੀਪੁਰ ਕੁੰਡਲੀ ਜੀ !



**ਤਰਲੋਚਨ ਸਿੰਘ**
**'ਦੁਪਾਲ ਪੁਰ'**
**001-408-915-1268**

# ਨਵਿਆਂ ਵਰ੍ਹਿਆ

ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।
ਗੁਰੂਆਂ, ਪੀਰਾਂ ਦੀ ਬਖਸ਼ਿਸ਼ ਨਾਲ, ਹੱਸਦੇ ਵੱਸਦੇ ਰਹੀਏ।

ਬੀਤੇ ਸਮੇਂ ਦੀਆਂ ਕੌੜੀਆਂ ਛੱਡਕੇ, ਚੰਗੀਆਂ ਪੱਲੇ ਬੰਨੀ।
ਜਾਤਪਾਤ ਤੇ ਮਜ਼੍ਹਬ ਦਾ ਭਾਂਡਾ, ਵਿੱਚ ਚੁਰੱਸਤੇ ਭੰਨੀ।
ਇਕ ਮਾਲਾ ਦੇ ਮਣਕੇ ਬਣਕੇ, ਨਾਮ ਪ੍ਰਭੂ ਦਾ ਲਈਏ।
ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।

ਮਿਹਨਤ ਕਰਕੇ ਹਰ ਕਦਮ ਹੀ, ਅੱਗੇ ਵਧਦੇ ਜਾਈਏ।
ਵਿਦਿਆ ਰਾਹੀਂ ਹਰ ਖੇਤਰ ਵਿੱਚ, ਉੱਚ ਮੁਰਾਤਬੇ ਪਾਈਏ।
ਜ਼ਾਲਮਾਂ ਨੂੰ ਨੱਥ ਪਾ ਕੇ ਆਪਾਂ, ਨਾ ਹੀ ਜ਼ੁਲਮ ਨੂੰ ਸਹੀਏ ।
ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।

ਅਬਲਾ ਨਾ ਕਿਤੇ ਦਿਸੇ ਡੁਸਕਦੀ, ਜਣਨੀ ਇੱਜ਼ਤ ਪਾਵੇ।
ਧਨ ਦਾ ਬੋਲਬਾਲਾ ਬੰਦ ਹੋਵੇ, ਨਾ ਕੂੜ ਸਿਆਸਤ ਛਾਵੇ।
ਬਣ ਗਲੋਬਲ ਪਿੰਡ ਵਾਸੀ ਦੇ, ਸਾਹ ਸਾਂਝੇ ਫਿਰ ਲਈਏ।
ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।

'ਮੇਜਰ ਜੱਸੀ' ਦਾ ਵਰ੍ਹਿਆ ਤੈਨੂੰ, ਆਖਿਰ ਵਿੱਚ ਇਹ ਕਹਿਣਾ।
ਵਾਦ ਵਿਵਾਦੋਂ ਉੱਚਾ ਉੱਠਕੇ, ਪਹਿਣ ਮਨੁੱਖਤਾ ਗਹਿਣਾ।
ਦੁੱਖ ਤਕਲੀਫ਼ ਦੂਰ ਕਰੀਂ, ਅਸੀਂ ਸੁੱਖ ਦੇ ਰਸਤੇ ਪਈਏ।
ਨਵਿਆਂ ਵਰ੍ਹਿਆ ਲੱਖ ਵਾਰੀ ਤੈਨੂੰ, 'ਜੀ ਆਇਆਂ ਨੂੰ' ਕਹੀਏ।



**ਪ੍ਰਿੰਸੀਪਲ**
**ਮੇਜਰ ਸਿੰਘ ਜੱਸੀ**
**(ਕਨੇਡਾ)**

# ਲਲਕਾਰ

ਦਲਿਤ ਕੌਮ ਦੇ ਇਹ ਨੌਜਵਾਨੋ ਵਕਤ ਰਿਹਾ ਲਲਕਾਰ, ਲਲਕਾਰ ਉਠੋ
ਵਾਜਾਂ ਮਾਰਦਾ ਵਿਚ ਅਸਮਾਨ ਦੇਖੋ, ਬਾਬਾ ਸਾਹਿਬ ਦੇ ਰਾਜ ਦੁਲਾਰ ਉਠੋ
ਸਦੀਆਂ ਹੋ ਗਈਆਂ ਗਮਾਂ ਦੀ ਨੀਂਦ ਅੰਦਰ, ਜਾਗੋ ਹੁਣ ਤੇ ਹੋ ਕੇ ਹੁਸ਼ਿਆਰ ਉਠੋ
ਅੱਜ ਵਕਤ ਹੈ ਵਕਤ ਨੂੰ ਸੰਭਾਲਣਦਾ, ਕਦਰ ਵਕਤ ਦੀ ਕਰੋ ਦਲਦਾਰ ਉਠੋ
ਬਣਾ ਕੇ ਵੋਟ ਜਿਸ ਜਿਊਣ ਦਾ ਹੱਕ ਦਿੱਤਾ, ਉਹਦੀ ਯਾਦ ਵਿਚ ਹੋ ਕੇ ਬੇਜ਼ਾਰ ਉਠੋ
ਬੈਠੇ ਰਹਿ ਨਾ ਜਾਵਣਾ ਕਿਤੇ ਯਾਰੋ, ਖੜ੍ਹੇ ਹੋ ਜਾਓ ਵਿਚ ਕਤਾਰ ਉਠੋ।
ਹਰ ਇਕ ਗੱਲ ਦਾ ਸਭ ਨੂੰ ਹੱਕ ਪੂਰਾ, ਦੇ ਗਿਆ ਜੋ ਭੀਮ ਅਵਤਾਰ ਉਠੋ
ਧੰਨ ਹੈ ਧੰਨ ਹੈ ਧੰਨ ਹੈ ਕਲਮ ਉਸਦੀ, ਬਾਬਾ ਸਾਹਿਬ ਦੇ ਜਾਓ ਬਿਲਹਾਰ ਉਠੋ
ਉਹਦਾ ਨਾਮ ਲੈ ਸੱਜਣੋ ਵਧੋ ਅੱਗੇ, ਨਹੀਂ ਆਵੇਗੀ ਕਦੇ ਵੀ ਹਾਰ ਉਠੋ।
ਜਿਸ ਤੇ ਖਿਜ਼ਾ ਨਾ ਕਦੇ ਵੀ ਆ ਸਕੇ, ਐਸੀ ਹਮੇਸ਼ਾ ਲਈ ਬਣਕੇ ਬਹਾਰ ਉਠੋ
ਜਿਹੜਾ ਕਦਮ ਉਠੇ ਪੱਥਰ ਵਾਂਗ ਹੋਵੇ, ਰਸਤੇ ਕੰਢਿਆਂ ਤੇ ਦੇ ਕੇ ਭਾਰ ਉਠੋ
ਜ਼ੁਲਮ ਕਰਨ ਤੋਂ ਆਉਂਦੇ ਨਹੀਂ ਵਾਜ ਜਿਹੜੇ, ਬਣ ਕੇ ਉਹਨਾਂ ਦੇ ਲਈ ਲਲਕਾਰ ਉਠੋ।
ਜਾਨ ਗਦਾਰਾਂ ਦੀ ਵੀ ਮੁੱਠ ਵਿਚ ਆ ਜਾਵੇ, ਦਲਿਤ ਕੌਮ ਦੇ ਇਹ ਪਹਿਰੇਦਾਰ ਉਠੋ।



ਅੱਤਿਆਚਾਰ ਤੇ ਜ਼ੁਲਮ ਨੂੰ ਤੋੜਨੇ ਦੇ ਲਈ,
ਦੋ ਚਾਰ ਨਹੀਂ ਲੱਖ ਹਜ਼ਾਰ ਉਠੋ।
ਕਿਸਮਤ ਆਪਣੀ ਦਾ ਫੈਸਲਾ ਆਪ ਕਰਨਾ,
ਅੱਜ ਤੁਸੀਂ ਹੋ ਖੁਦ ਮੁਖਤਿਆਰ ਉਠੋ।
'ਬਿਹਾਰੀ ਲਾਲ' ਦੀਵਾਰਾਂ ਉਹ ਤੋੜ ਸੁੱਟੋ,
ਜਿਹੜੀਆਂ ਪਈਆਂ ਇਨਸਾਨਾਂ ਵਿਚਕਾਰ ਉਠੋ।

**- ਬਿਹਾਰੀ ਲਾਲ ਚਾਹਲ**

# ਕਰਦਾ ਦੁਆਵਾਂ ਹੱਥ ਜੋੜ

ਕਰਦਾ ਦੁਆਵਾਂ ਹੱਥ ਜੋੜ ਕੇ, ਨਾ ਰੰਗੋਲੀ ਪਵੇ ਫਿੱਕੀ
ਖੁਸ਼ੀਆਂ ਦਾ ਲੈਕੇ ਆਈ ਪਾਤਸ਼ਾਹ, ਸਾਲ ਦੋ ਹਜਾਰ ਇੱਕੀ
1-ਹੋਰ ਗੂੜੇ ਹੋਣ ਸਾਰੇ ਰਿਸ਼ਤੇ, ਸਾਰਿਆ ਦੇ ਸਾਕ ਸਹੇਲੇ ਜੀ
ਸਾਰੀ ਦੁਨੀਆ ਤੇ ਰਹਿਣ ਲੱਗਦੇ, ਖੁਸ਼ੀਆਂ ਦੇ ਹਰ ਸਮੇਂ ਮੇਲੇ ਜੀ-2
ਮੋਸਮ ਹੀ ਆਉਦੇ ਜਾਂਦੇ ਰਹਿਣ ਤਾਂ, ਤੇ ਦੁਪਿਹਰ ਰਹੇ ਚਿੱਟੀ
ਖੁਸ਼ੀਆਂ ਦਾ ਲੈਕੇ -----
2-ਬਿੱਲਾਂ ਦਾ ਸਰਕਾਰ ਕਰੇ ਫੈਸਲਾ, ਕੋਲ ਹੀ ਕਿਸਾਨ ਲਏ ਸੱਦ ਜੀ
ਕਾਲੇ ਜੋ ਕਾਨੂੰਨ ਪਾਸ ਕਰਤੇ, ਛੇਤੀਂ ਛੇਤੀਂ ਹੋ ਜਾਣ ਰੱਦ ਜੀ-2
ਸਾਰੇ ਲੋਕਾਂ ਦੀ ਏ ਨਿਗਾ ਜੋ, ਦਿੱਲੀ ਮਸਲੇ ਤੇ ਟਿਕੀ
ਖੁਸ਼ੀਆਂ ਦਾ ਲੈਕੇ---
3- ਕਰਾਂ ਅਰਦਾਸ ਮੇਰੇ ਮਾਲਕਾ,ਸਾਰਾ ਦੇਸ਼ ਮੇਰਾ ਕਰਜਾਏ ਤਰੱਕੀਆਂ
ਕਿਸੇ ਨੂੰ ਨਾ ਲੱਗਣ ਏ ਦਾਤਿਆ, ਨਾਂਹੀ ਚੱਲਣ ਹਵਾਵਾਂ ਕਦੇ ਤੱਤੀਆਂ-2
ਮਾਣੇ ਉਹ ਜਵਾਨੀ ਸਦਾ, ਬੱਗਿਆ, ਜਿਨੇ ਰਚਨਾ ਏ ਲਿਖੀ
ਖੁਸ਼ੀਆਂ ਦਾ ਲੈਕੇ ਆਈ ਪਾਤਸ਼ਾਹ, ਸਾਲ ਦੋਹਜਾਰ ਇੱਕੀ।



**ਗੀਤਕਾਰ ਬੱਗਾ ਸੇਲਕੀਆਣਾ**
**ਨੇੜੇ ਫਿਲੌਰ**
**+91-98762-87626**



## ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



**Kashmiri Bhatia and Family**

ਸਾਬਕਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash


63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust





## ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ
ਯੂਬਾ ਸਿਟੀ

**ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।**
















**ਗੁਰੂ ਘਰ ਦੇ ਸੇਵਾਦਾਰ**


ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ (ਵਾਇਸ ਪ੍ਰਧਾਨ), ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ (ਵਾਇਸ ਸਕੱਤਰ), ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ),

**Shri Guru Ravidass Temple 1480 HAYNE AVE YUBA CITY, CA. Ph- 530-674-2564**




ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



Total ENTERTAINMENT®

# Avtar Lakha & Family

avtaarlakha@gmail.com



ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



# ਸਮੂਹ ਸੁੰਮਨ ਪਰਿਵਾਰ


SUNSHINE AUTO CARE INC., MANTECA (CA)

## ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



Ramesh Suman & Suman Family



Shashi Paul & Family


# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

**3525 Highway 99, West Corning, CA 96021**

Across the Street from TA Truck Stop



## ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



# Shingara Singh Ralh & Ralh family

**Shingara Singh Ralh, President, Shri Guru Ravidass Temple Yuba City, California**

# Bheem International USA



## ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



ਵਿਨੋਦ ਕੁਮਾਰ ਚੁੰਬਰ



ਅਜੈਬ ਸਿੰਘ ਸੁੰਡਾ



ਸ਼ਿਵ ਸਿੰਘ ਸਿੱਧੂ



ਤਰਲੋਚਨ ਸਿੰਘ ਬੱਧਣ

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355



## ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।


Jagtar Bhatia (Chairman)


Shinderpal Narabut (President)


Dharampal Chonkaria (Gen. Secretary)


Vinod Kumar (Treasurer)

### ADVISORY COMMITTEE


Balvir Chand Mal


Jagdev Ram


O.P. Balley


Dr. Harmesh Kumar,


Jaila Jaggi


Salinder Bhatia

### LEGAL COMMITTEE


Ajai Paul Ram


Shashi Paul


Sri Guru Ravidass Sabha Committee Members & more

The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.

Sangat De Sewadar

Chairman
Jagtar Bhatia

President
Shinder Paul Narabut

General Secretary
Dharam Pal Chonkria

Treasurer
Vinod Kumar



**ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ**

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ
ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ,
ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।

**Amrik Chand**

**(CPA)**

Phone : 510-490-8200
Fax : 510-490-8202
Email : achand@pacbell.net

* Please call us for Professional & reliable services at reasonable rates.

959 Corporate Way, Fremont, CA. 94539





**ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ**

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ
ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ,
ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।

**Ram Saroay**

**Broker/Realtor**

Business License 031035

ramsaroay@hotmail.com

SAROAY INVESTMENT REALTY

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



**ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ**

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



**Shri Amardeep Chahal with his Wife, Mother & Father**

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

**ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ**

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



## Momi Brothers

DAYS INN

Holiday Inn EXPRESS HOTEL & SUITES

momi

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ




## ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ

ਅਸੀਂ ਆਸ ਕਰਦੇ ਹਾਂ ਕਿ ਕਰੋਨਾਂ ਵਰਗੀ ਮਹਾਂਮਾਰੀ ਤੋਂ ਇਸ ਸਾਲ ਮਨੁੱਖਤਾ ਨੂੰ ਨਿਜ਼ਾਤ ਮਿਲੇ ਅਤੇ ਸਾਰੇ ਸੰਸਾਰ ਵਿਚ ਸੁੱਖ-ਸ਼ਾਂਤੀ, ਭੈਅ ਤੋਂ ਮੁਕਤੀ ਅਤੇ ਖੁਸ਼ਹਾਲੀ ਦਾ ਮਾਹੌਲ ਫਿਰ ਪਰਤੇ।



**ਬੇਨਤੀ ਕਰਤਾ- ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**

ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991

ਫੋਨ ਨੰ: 530-813-3887, 530-740-3056, 916-243-9017